# ਵਰਿਆਮ

ਪੱਚੀਵਾਂ ਸਾਲ

ਮਾਰਚ-ਅਪ੍ਰੈਲ ੨੦੦੦




ਸੰਸਾਰ ਧਰਮ ਸੰਸਦ ਕੇਪਟਾਊਨ ਦੱਖਣੀ ਅਫ਼ਰੀਕਾ ਦੀਆਂ ਝਲਕੀਆਂ।

Sri Satguru Jagjit Singh Ji eLibrary NamdhariElibrary@gmail.com

https://archive.org/details/namdhari




NS

NAMDHARI SEEDS

ਤੁਹਾਡੀ ਖੁਸ਼ਹਾਲੀ ਦਾ ਰਾਜ਼

"ਨਾਮਧਾਰੀ ਸੀਡਜ਼"

ਦੇ ਉੱਤਮ ਹਾਈਬਰੀਡ ਬੀਜ ਹਮੇਸ਼ਾ ਵਰਤੋ



| | |
|---|---|
| ਟਮਾਟਰ | : N.S. 815, ਉਤਸਵ ਅਤੇ ਅਮੋਘ |
| ਫੁਲ ਗੋਭੀ | : N.S. 60, N.S. 84 ਅਤੇ N.S. 90 |
| ਭਿੰਡੀ | : ਅਰਕਾ ਅਨਾਮਿਕਾ |
| ਤਰਬੂਜ਼ | : N.S. 295 (ਸਮਰ ਸਵੀਟ) N.S. 246 ਅਤੇ N.S. 2332 |
| ਖਰਬੂਜਾ | : N.S. 7455 ਅਤੇ ਅਭਿਜੀਤ |
| ਲੌਕੀ (ਘੀਆ) | : ਕਾਵੇਰੀ |
| ਤੋਰਈ | : ਸੰਜੀਵਨੀ ਅਤੇ ਹੋਰ ਬਹੁਤ ਕੁਝ |



**ਵਧੇਰੇ ਜਾਣਕਾਰੀ ਵਾਸਤੇ ਸੰਪਰਕ ਕਰੋ**

*ਰੀਜਨਲ ਆਫਿਸ :-*

**ਨਾਮਧਾਰੀ ਸੀਡਜ਼ ਪ੍ਰਾ : ਲਿ :**

104, ਸਾਵਿਤਰੀ ਕੰਪਲੈਕਸ,
ਢੋਲੇਵਾਲ ਚੌਂਕ, ਲੁਧਿਆਣਾ-141 003.
ਫੋਨ : 0161-531439, 543499 ਘਰ : 0161-833109



*Head Office :*

**NAMDHARI SEEDS PVT. LTD.**

Bidadi-Bangalore (India) 562109
Tel : 080-2210987, 08113-82401
Fax : 080-2276880

https://archive.org/details/namdhari


# ਵਰਿਆਮ

ਮਾਰਚ-ਅਪ੍ਰੈਲ, ੨੦੦੦ ਜਿਲਦ- ੨੫ ਅੰਕ ੫-੬


## ਤਤਕਰਾ


| | | |
|---|---|---|
| ਸੰਪਾਦਕੀ | | ੨ |
| ਦੱਖਣੀ ਅਫਰੀਕਾ ਦੀ ਯਾਤਰਾ | -ਜਗਦੀਸ਼ ਸਿੰਘ | ੩ |
| ਜੰਤਰੀ ਸੰਬੰਧੀ ਵਿਵਾਦ ਵਧਾਇਆ ਨਾ ਜਾਵੇ | -ਰਵੇਲ ਸਿੰਘ ਐਡਵੋਕੇਟ | ੧੧ |
| ਮੇਰੇ ਅਧਿਆਪਕ | -ਡਾ. ਨਰੇਸ਼ | ੧੩ |
| ਇਹ ਸ਼ੌਕ ਹੈ ਜਾਂ ਮਜਬੂਰੀ | -ਦਲਬੀਰ | ੧੪ |
| ਦੋ ਗਜ਼ਲਾਂ | -ਮਹਾਂਬੀਰ ਸਿੰਘ ਦਰਦੀ | ੧੭ |
| ਗਜ਼ਲਾਂ | -ਮਹਿਮਾ ਸਿੰਘ | ੧੮ |
| ਦੋ ਚੌਮਿਸਰੇ | -ਚਰਨ ਸੀਚੇਵਾਲਵੀ | ੧੮ |
| ਤਿੰਨ ਰੁਬਾਈਆਂ | -ਮਾਸਟਰ ਅਜੀਤ ਸਿੰਘ ਰੌਲੀਆ | ੧੮ |
| ਸ੍ਰੀ ਭੈਣੀ ਸਾਹਿਬ ਵਿਖੇ ਸਵਰਗੀ ਨਜ਼ਾਰੇ | -ਸੰਤ ਭੁਮਣ ਸਿੰਘ ਕੰਵਲ | ੧੯ |
| ਜੱਸ ਜੀਵਨ ਤੇ ਕੂਕਾ ਇਤਿਹਾਸ ਲਿਖਿਆ | -ਜੇ.ਕੇ. ਸੰਧੂ | ੨੫ |
| ਸਿਦਕ ਅਤੇ ਸਾਦਗੀ ਦਾ ਸਨਮਾਨ | -ਡਾ. ਲਖਵਿੰਦਰ ਜੌਹਲ | ੨੭ |
| ਜਗਦੀਸ਼ ਸਿੰਘ ਵਰਿਆਮ ਦੀ ਸਾਹਿਤਕ ਪੱਤਰਕਾਰੀ | -ਸੁਵਰਨ ਸਿੰਘ ਵਿਰਕ | ੨੮ |
| ਦੁਸ਼ਮਣ (ਕਹਾਣੀ) | -ਪ੍ਰੋ. ਰਣਜੀਤ ਸਿੰਘ | ੩੭ |
| ਪੰਜਾਹ ਵਰ੍ਹੇ ਮਗਰੋਂ ਮਿਲਿਆ ਮਾਲ | -ਅਕਮਲ ਸ਼ਹਿਜ਼ਾਦ ਘੁੰਮਣ | ੪੦ |
| ਖਬਰਨਾਮਾ | | ੪੨ |



### ਵਰਿਆਮ ਦੇ ਦਰ

| | |
|---|---|
| ਇਹ ਅੰਕ | ੧੦-੦੦ ਰੁਪਏ |
| ਸਾਲਾਨਾ ਚੰਦਾ | ੧੦੦-੦੦ ਰੁਪਏ |
| ਤਿੰਨ ਸਾਲ ਵਾਸਤੇ | ੨੫੦-੦੦ ਰੁਪਏ |
| ਪੰਜ ਸਾਲ ਵਾਸਤੇ | ੪੦੦-੦੦ ਰੁਪਏ |
| ਜੀਵਨ ਮੈਂਬਰ | ੧੦੦੦-੦੦ ਰੁਪਏ |
| ਵਿਦੇਸ਼ ਹਵਾਈ ਡਾਕ (ਇਕ ਸਾਲ) | ੨੦ ਪੌਂਡ |

ਚੈਕ ਡਰਾਫਟ Monthly Wariam ਦੇ ਨਾਂਅ ਤੇ ਹੀ ਭੇਜੇ ਜਾਣ।

| ਦਫਤਰ ਦਾ ਪਤਾ: | Office Address : |
|---|---|
| ਮਾਸਿਕ ਵਰਿਆਮ | Monthly WARIAM |
| ਲਾਡੋਵਾਲੀ ਰੋਡ | (Punjabi) |
| ਸਾਹਮਣੇ ਸੈਂਟਰਲ ਟਾਊਨ | Ladowali Road. |
| ਜਲੰਧਰ- ੧੪੪੦੦੧ | Opp. CentralTown, |
| | Jalandhar-144001 |
| ਫੋਨ-ਦਫਤਰ : ੨੨੨੫੪੩ | Ph. : 222543 (O) |
| ਘਰ : ੫੬੨੮੯ | 56289 (R) |

### ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।



੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

**SAGGU**

**IRON INDUSTRIES**

**ਸੱਗੂ ਆਇਰਨ ਇੰਡਸਟਰੀਜ਼**

Sugar Mill Spares, Paper & Boards Mill Spares,
Textile Mill Spares, Distillery Spares & Solvent Plant Spares
AllType of Gear & Chain Sprockets & Industrial Chain

Partner: S. Puran Singh Saggu
S. Narinder Singh Saggu

Old Railway Road, Jalandhar.

*Phone : 58795, 59056 Mobile Phone 9814028099*




Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਇਸ ਅੰਕ ਬਾਰੇ

ਵਰਿਆਮ ਦਾ ਹੱਥਲਾ ਅੰਕ ਅਸੀਂ ਅਫਰੀਕਾ ਯਾਤਰਾ ਬਾਰੇ ਪ੍ਰਕਾਸ਼ਤ ਕਰਨਾ ਸੋਚਿਆ ਸੀ। ਭਾਵੇਂ ਅਜੇ ਪਿਛਲੇ ਸਾਲ ਹੀ ਅਸੀਂ ਅਫਰੀਕਾ ਦੀ ਯਾਤਰਾ ਸੰਬੰਧੀ ਵੱਡ ਆਕਾਰੀ ਰੰਗੀਨ ਤਸਵੀਰੀ ਅੰਕ ਕੱਢਿਆ ਸੀ ਪਰ ਦੱਖਣੀ ਅਫਰੀਕਾ ਦੇਸ਼ ਦੀ ਯਾਤਰਾ ਸਮੇਂ ਉਥੇ ਸੰਸਾਰ ਦੇ ਧਰਮਾਂ ਦੀ ਪਾਰਲੀਮੈਂਟ (ਸੰਸਦ) ਵਿਚਲੇ ਆਪਣੇ ਅਨੁਭਵ ਵੀ ਅਸੀਂ ਪਾਠਕਾਂ ਨਾਲ ਸ਼ਬਦਾਂ ਅਤੇ ਤਸਵੀਰਾਂ ਰਾਹੀਂ ਸਾਂਝੇ ਕਰਨੇ ਚਾਹੁੰਦੇ ਸਾਂ। ਅਸੀਂ ਹੁਣ ਵੀ ਕਰਾਂਗੇ ਪਰ ਇਸ ਸਾਰੇ ਕਾਰਜ ਵਾਸਤੇ ਸਾਮਗਰੀ ਅਤੇ ਤਸਵੀਰਾਂ ਦੀ ਬਹੁਲਤਾ ਨੇ ਇਹ ਸੋਚਣ ਤੇ ਮਜਬੂਰ ਕਰ ਦਿੱਤਾ ਹੈ ਕਿ ਅਸੀਂ ਇਹ ਯਾਤਰਾ ਵਿਵਰਨ ਦੀਆਂ ਕਿਸ਼ਤਾਂ ਹੀ ਕਰ ਲਈਏ। ਸੋ ਇਸ ਅੰਕ ਵਿਚ ਸ਼ੁਰੂਆਤ ਹੀ ਹੈ। ਵਰਿਆਮ ਦੇ ਮੁੱਖ ਪੰਨੇ ਤੇ ਇਸ ਧਰਮ ਸੰਸਦ ਵਿਚ ਆਈਆਂ ਕੁਝ ਪ੍ਰਮੁੱਖ ਧਾਰਮਿਕ ਸ਼ਖਸੀਅਤਾਂ ਦੀਆਂ ਤਸਵੀਰਾਂ ਹਨ ਜਾਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਸ਼ਖਸੀਅਤ ਵਿਚ ਗੂੜੀ ਦਿਲਚਸਪੀ ਲੈ ਰਹੇ ਲੋਕਾਂ ਦੀਆਂ। ਕੁਝ ਤਸਵੀਰਾਂ ਅੰਦਰ ਹੋਰ ਹਨ ਜੋ ਸਾਡੇ ਮੁਲਕ ਤੋਂ ਬਾਹਰ ਰਹਿਣ ਕਰਕੇ ਵਰਿਆਮ ਛਪਣ ਵਿਚ ਹੋਈ ਦੇਰੀ ਕਾਰਨ ਹੁਣ ਛਪ ਸਕੀਆਂ ਹਨ ਅਤੇ ਕੁਝ ਅਗਲੇ ਅੰਕਾਂ ਵਾਸਤੇ ਰਹਿ ਗਈਆਂ ਹਨ। ਸੰਪਾਦਕ ਵਰਿਆਮ ਨੂੰ ਜਲੰਧਰ ਤੋਂ ਅਕਸਰ ਬਾਹਰ ਜਾਣ ਕਰਕੇ ਇਸਦੇ ਛਪਣ ਦੀ ਚਾਲ ਵਿਚ ਬਹੁਤ ਫਰਕ ਪੈਂਦਾ ਹੈ ਪਰ ਦੋਵੇਂ ਕਾਰਜ ਨਾਲੋ ਨਾਲ ਕਰਨੇ ਸਾਡਾ ਸੁਭਾਗ ਵੀ ਹੈ ਅਤੇ ਮਜਬੂਰੀ ਵੀ ਏਸ ਵਾਸਤੇ ਅਗੇਤ ਪਛੇਤ ਸਾਡਾ ਪਲਾ ਫੜੀ ਰਖਦੀ ਹੈ ਤੇ ਪਾਠਕਾਂ ਵਲੋਂ ਖਿਮਾ ਯੋਗ ਵੀ ਹੈ।

# ਵਰਿਆਮ ਦੀ ਸਿਲਵਰ ਜੁਬਲੀ

ਵਰਿਆਮ ਇਸ ਅੰਕ ਨਾਲ ਆਪਣੇ ਪੰਜੀਵੇਂ ਸਾਲ ਦੇ ਅੱਧ ਨੂੰ ਪੂਰਾ ਕਰ ਗਿਆ ਹੈ। ਕੁਝ ਬਾਹਰ ਦੀਆਂ ਯਾਤਰਾਵਾਂ ਅਤੇ ਕੁਝ ਘੌਲੀ ਸੁਭਾਅ ਦੀ ਮਜਬੂਰੀ ਨੇ ਇਸ ਵਰ੍ਹੇ ਨੂੰ ਮਨਾਉਣ ਦੇ ਉਤਸ਼ਾਹ ਨੂੰ ਅੰਦਰੋ ਅੰਦਰ ਹੀ ਰਹਿਣ ਦਿੱਤਾ। ਅਸੀਂ ਅਜੇ ਸਕੀਮਾਂ ਉਲੀਕਣ ਲਈ ਹੀ ਪ੍ਰੋਗਰਾਮ ਸੋਚ ਰਹੇ ਸਾਂ ਕਿ ਨਾਮਧਾਰੀ ਪੰਜਾਬੀ ਸਾਹਿਤ ਸਭਾ ਸ੍ਰੀ ਜੀਵਨ ਨਗਰ (ਸਿਰਸਾ) ਨੇ ਸ. ਸਾਧੂ ਸਿੰਘ ਕਿਸਾਨ ਅਤੇ ਮਾਸਟਰ ਅਮਰੀਕ ਸਿੰਘ ਦੀ ਪਹਿਲ ਕਦਮੀ ਨੂੰ ਸਫਲਤਾ ਦੇ ਫੁੱਲ ਭੇਟ ਕਰਦਿਆਂ ਇਕ ਸ਼ਾਨਦਾਰ ਸਮਾਗਮ ਗੁਰੂ ਹਰੀ ਸਿੰਘ ਕਾਲਜ ਸ੍ਰੀ ਜੀਵਨ ਨਗਰ ਵਿਚ ਕਰ ਕੇ ਸਾਡੇ ਮਨਾਂ ਦੇ ਖੜੇ ਪਾਣੀਆਂ ਵਿਚ ਜਿਵੇਂ ਇੱਟ ਸੁੱਟ ਕੇ ਤਰੰਗਤ ਕਰ ਦਿੱਤਾ ਹੈ। ਉਥੇ ਹੋਏ ਸਮਾਗਮ ਦੀ ਵਿਸਤਰਿਤ ਸੱਚਿਤ੍ਰ ਰਿਪੋਰਟ ਤਾਂ ਅਗਲੇ ਅੰਕ ਵਿਚ ਪ੍ਰਕਾਸ਼ਤ ਹੋਵੇਗੀ ਪਰ ਮਿਤਰ ਮੰਡਲ ਨੇ ਇਸ ਕਾਰਜ ਦੀ ਵਿਆਪਕ ਪਬਲਿਸਟੀ ਪੰਜਾਬ ਦੀਆਂ ਦੈਨਿਕ ਅਖਬਾਰਾਂ ਵਿਚ ਕਰਕੇ ਸਿਲਵਰ ਜੁਬਲੀ ਏਜੰਡੇ ਤੇ ਲੈ ਆਂਦੀ ਹੈ। ਸੰਭਾਵਨਾ ਹੈ ਕਿ ਹੋਰ ਸਮਾਗਮ ਵੀ ਵੱਖ-ਵੱਖ ਥਾਵਾਂ ਤੇ ਹੋਣਗੇ। ਸਾਨੂੰ ਆਪਣੇ ਬਾਰੇ ਲੇਖ ਛਾਪਣ ਤੋਂ ਸੰਗ ਆਉਂਦੀ ਹੈ ਪਰ ਮਿਤਰ ਮੰਡਲ ਨੇ ਜਿਸ ਪਿਆਰ ਦਾ ਪ੍ਰਗਟਾਵਾ ਕੀਤਾ ਹੈ ਉਸ ਨੂੰ ਨਜ਼ਰ ਵਿਚ ਰੱਖਦਿਆਂ ਅਸੀਂ ਦੋ ਕੁ ਲੇਖ ਇਸ ਵਾਰ ਛਾਪ ਦਿੱਤੇ ਹਨ ਇਹ ਵੀ ਸਿਲਵਰ ਜੁਬਲੀ ਦੀ ਸ਼ੁਰੂਆਤ ਵਜੋਂ। ਅਸੀਂ ਆਪਣੇ ਪਿਆਰੇ ਪਾਠਕਾਂ ਅਤੇ ਮਿਤਰ ਮੰਡਲ ਦੇ ਸਹਿਯੋਗ ਨਾਲ ਇਸ ਸੰਬੰਧ ਵਿਚ ਵਡ ਆਕਾਰੀ ਅੰਕ ਵੀ ਕੱਢਾਂਗੇ ਅਤੇ ਵੱਡਾ ਸਮਾਗਮ ਰੱਚ ਕੇ ਸਤਿਗੁਰੂ ਜੀ ਦੇ ਆਸ਼ੀਰਵਾਦ ਸਦਕਾ ਪੰਝੀ ਸਾਲ ਤੋਂ ਵਰਿਆਮ ਦੇ ਸਾਥੀ ਰਹੇ ਲੇਖਕਾਂ ਮਿਤਰਾਂ ਸਹਿਯੋਗੀਆਂ ਦੇ ਮਾਨ ਸਨਮਾਨ ਵੀ ਕਰਾਂਗੇ ਅਤੇ ਰਲ ਮਿਲ ਕੇ ਬੈਠਾਂਗੇ ਵੀ। ਪਰਮਾਤਮਾ ਸੁੱਖ ਰੱਖੇ।

*ਜਗਦੀਸ਼ ਸਿੰਘ*



Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਦੱਖਣੀ ਅਫਰੀਕਾ ਦੀ ਯਾਤਰਾ

— ਜਗਦੀਸ਼ ਸਿੰਘ

ਅਜੇ ਕੁਝ ਸਮਾਂ ਪਹਿਲਾਂ ਦੀ ਹੀ ਗੱਲ ਹੈ ਕਿ ਜਦੋਂ ਕਿਸੇ ਨੂੰ ਪਾਸਪੋਰਟ ਮਿਲਦਾ ਤਾਂ ਉਸ ਤੇ ਸਪੱਸ਼ਟ ਲਿਖਿਆ ਹੁੰਦਾ ਸੀ ਇਹ ਪਾਸਪੋਰਟ ਸਾਰੇ ਮੁਲਕਾਂ ਵਾਸਤੇ ਹੈ ਸਵਾਏ ਦੱਖਣੀ ਅਫਰੀਕਾ (South Africa) ਦੇ।

ਭਾਰਤੀ ਪਾਸਪੋਰਟਾਂ ਤੇ ਦਰਜ ਇਹ ਸ਼ਬਦ ਇਤਿਹਾਸ ਅਤੇ ਭੂਗੋਲ ਦੇ ਅਨਜਾਣ ਤੋਂ ਅਨਜਾਣ ਬੰਦੇ ਨੂੰ ਵੀ ਦੱਖਣੀ ਅਫਰੀਕਾ ਦੇਸ਼ ਨਾਲ ਪਰੀਚੈ ਕਰਵਾਉਂਦੇ ਸਨ।

ਇਤਿਹਾਸ ਨਾਲ, ਖ਼ਬਰਾਂ ਨਾਲ ਮੱਸ ਰੱਖਣ ਵਾਲੇ ਜਾਂ ਆਜ਼ਾਦੀ ਸੰਗਰਾਮ ਦੀ ਜਾਣਕਾਰੀ ਰੱਖਣ ਵਾਲੇ ਬੰਦੇ, ਬੱਚੇ, ਵਿਦਿਆਰਥੀ ਇਹ ਵੀ ਜਾਣਦੇ ਹਨ ਕਿ ਸਾਡੇ ਆਜ਼ਾਦੀ ਸੰਗਰਾਮ ਦੇ ਵੱਡੇ ਨੇਤਾ ਮਹਾਤਮਾ ਗਾਂਧੀ ਕਦੇ ਏਸੇ ਦੱਖਣੀ ਅਫਰੀਕਾ ਵਿਚ ਵਕਾਲਤ ਦਾ ਧੰਦਾ ਕਰਨ ਗਏ ਸਨ। ਅੰਗਰੇਜ਼ੀ ਸੂਟ ਪਾਉਂਦੇ ਤੇ ਬਾਬੂਆਂ ਵਾਂਗ ਰਹਿੰਦੇ ਸਨ। ਆਪਣੇ ਸਮਾਜੀ ਹੱਕਾਂ ਵਾਸਤੇ ਤਾਂ ਉਹ ਸੰਘਰਸ਼ਸ਼ੀਲ ਸਨ ਪਰ ਵਕੀਲਾਂ ਵਾਂਗ ਹੀ। ਤੇ ਇਕ ਦਿਨ ਅਜਿਹੀ ਘਟਨਾ ਵਾਪਰ ਗਈ ਜਿਸ ਨੇ ਗਾਂਧੀ ਜੀ ਦੀ ਕਾਇਆ ਕਲਪ ਕਰ ਦਿੱਤੀ। ਸਾਊਥ ਅਫਰੀਕਾ ਵਿਚ ਰੇਲ ਦੇ ਡੱਬੇ ਵਿਚ ਗਾਂਧੀ ਜੀ ਬਾਕਾਇਦਾ ਟਿਕਟ ਲੈ ਕੇ ਬੈਠੇ ਸਨ ਕਿ ਉਥੇ ਅੰਗਰੇਜ਼ ਜਵਾਨ ਵੀ ਆ ਗਏ ਉਹਨਾਂ ਕਿਹਾ ਕਿ ਇਸ ਡੱਬੇ ਵਿਚ ਗੋਰੇ ਹੀ ਬੈਠ ਸਕਦੇ ਹਨ ਭਾਈ ਤੂੰ ਥੱਲੇ ਚਲ। ਗਾਂਧੀ ਜੀ ਨੇ ਦਸਿਆ ਕਿ ਮੇਰੇ ਕੋਲ ਬਕਾਇਦਾ ਫਸਟ ਕਲਾਸ ਦਾ ਟਿਕਟ ਹੈ ਮੈਂ ਪੜ੍ਹਿਆ ਲਿਖਿਆ ਵੀ ਹਾਂ ਬਲਕਿ ਵਕੀਲ ਹਾਂ ਮੈਂ ਇੱਥੇ ਹੀ ਬੈਠਾਂਗਾ। ਇਸਦਾ ਜਵਾਬ ਇਹ ਸੀ ਕਿ ਗੋਰੇ ਜਵਾਨਾਂ ਨੇ ਗਾਂਧੀ ਜੀ ਨੂੰ ਚੁੱਕ ਕੇ ਪਲੇਟਫਾਰਮ ਤੇ ਵਗਾਹ ਮਾਰਿਆ।

ਏਸ ਘਟਨਾ ਨੇ ਗਾਂਧੀ ਜੀ ਦੀ ਅੰਤਰ ਆਤਮਾ ਨੂੰ ਬੁਰੀ ਤਰ੍ਹਾਂ ਝੰਜੋੜਿਆ। ਗਾਂਧੀ ਜੀ ਬਾਦ ਵਿਚ ਭਾਰਤ ਆ ਕੇ ਮਹਾਤਮਾ ਦੇ ਰੂਪ ਵਿਚ ਸੰਸਾਰ ਪਰਸਿੱਧ ਹੋਏ। ਪਿਛੇ ਜਿਹੇ ਉਹਨਾਂ ਤੇ ਬਣੀ ਫਿਲਮ ਵਿਚ ਇਹ ਦ੍ਰਿਸ਼ ਵੀ ਦਿਖਾਇਆ ਗਿਆ ਜੋ ਸਾਰੇ ਸੰਸਾਰ ਵਿਚ ਚਲੀ ਇਸ ਫਿਲਮ ਰਾਹੀਂ ਦੁਨੀਆ ਦੇ ਲੋਕਾਂ ਨੇ ਦੇਖਿਆ।

ਦੱਖਣੀ ਅਫਰੀਕਾ ਦਾ ਨਾਂਅ ਸਾਡੇ ਆਜ਼ਾਦੀ ਸੰਗਰਾਮ ਵਿਚ ਇਸ ਪੱਖੋਂ ਵੀ ਪਰਸਿੱਧ ਹੈ।

ਖੇਡਾਂ ਵਿਚ ਨੌਜਵਾਨ ਵਰਗ ਦੀ ਭਾਰੀ ਦਿਲਚਸਪੀ ਹੈ। ਸਾਰੀ ਦੁਨੀਆਂ ਦੇ ਨੌਜਵਾਨ ਇਕ ਦੂਜੇ ਦੇਸ਼ ਦੇ ਜਵਾਨਾਂ ਨਾਲ ਸਿਆਸੀ ਮਤ ਭੇਦ ਦੂਰ ਰੱਖ ਖੇਡਦੇ ਹਨ। ਟੀਮਾਂ ਇਕ ਦੂਜੇ ਦੇ ਦੇਸ਼ ਵਿਚ ਜਾਂਦੀਆਂ ਹਨ ਪਰ ਲੰਮੇ ਸਮੇ ਤੱਕ ਦੱਖਣੀ ਅਫਰੀਕਾ ਦੀਆਂ ਟੀਮਾਂ ਨੂੰ ਇਹਨਾਂ ਮੁਕਾਬਲਿਆਂ ਤੋਂ ਬਾਹਰ ਰੱਖਿਆ ਗਿਆ। ਦੱਖਣੀ ਅਫਰੀਕਾ ਨਾਲ ਬਾਈਕਾਟ ਕੀਤਾ ਗਿਆ। ਕਾਰਨ ਇਹ ਸੀ ਕਿ ਜਦੋਂ ਸਾਰੀ ਦੁਨੀਆ ਵਿਚ ਰੰਗ, ਨਸਲ ਅਤੇ ਮਜ਼ਹਬ ਦੇ ਆਧਾਰ ਤੇ ਵਿਤਕਰਾ ਖਤਮ ਹੋ ਰਿਹਾ ਸੀ ਤਾਂ ਉਸ ਸਮੇਂ ਵੀ ਦੱਖਣੀ ਅਫਰੀਕਾ ਦੇ ਗੋਰੇ ਹਾਕਮਾਂ ਨੇ ਐਲਾਨੀਆ ਇਹ ਜਾਰੀ ਰਖਿਆ। ਸਾਰਾ ਅਫਰੀਕਾ ਮਹਾਂਦੀਪ ਹੀ ਕਾਲੇ ਲੋਕਾਂ ਦਾ ਖਿੱਤਾ ਹੈ। ਅਫਰੀਕਾ ਵਿਚ ਕੋਈ ਅੱਧੀ ਸਦੀ ਮੁਲਕ ਹਨ। ਅਫਰੀਕਾ ਮਹਾਂਦੀਪ ਏਡਾ ਵੱਡਾ ਹੈ ਕਿ ਇਸ ਦੇ ਇਕ ਸਿਰੇ ਤੇ ਸਖਤ ਗਰਮੀ ਦਾ ਮੌਸਮ ਹੁੰਦਾ ਹੈ ਤੇ ਉਸੇ ਸਮੇਂ ਦੂਜੇ ਸਿਰੇ ਤੇ ਸਖਤ ਸਰਦੀ ਦਾ ਮੌਸਮ ਹੁੰਦਾ ਹੈ। ਤਿੰਨੇ ਮੌਸਮੀ ਰੇਖਾਵਾਂ ਭੂ-ਮੱਧ-ਕਰਕ ਅਤੇ ਮਕਰ ਰੇਖਾ ਇਸ ਮਹਾਂਦੀਪ ਵਿਚੋਂ ਲੰਘਦੀਆਂ ਹਨ। ਕਹਿਣ ਤੋਂ ਭਾਵ ਹੈ ਕਿ ਇੱਡੇ ਵੱਡੇ ਇਲਾਕੇ ਵਿਚ ਜਾਗ੍ਰਤੀ ਦੀ ਲਹਿਰ ਆਈ ਤੇ ਜਦੋਂ ਸਾਰੇ ਅਫਰੀਕਾ 'ਚ ਵੱਖ-ਵੱਖ ਦੇਸ਼ ਆਜ਼ਾਦ ਹੋਏ, ਆਪਣਾ ਰਾਜ ਭਾਗ ਵੀ ਵਾਰੋ ਵਾਰੀ ਸਥਾਪਤ ਹੋ ਗਿਆ, ਜਦੋਂ ਹਨੇਰੀ ਧਰਤੀ ਕਹੀ ਜਾਂਦੀ ਤੇ ਪ੍ਰਕਾਸ਼ ਦਾ ਉਦੈ ਹੋ ਗਿਆ ਤਾਂ ਦੱਖਣੀ ਅਫਰੀਕਾ ਵਾਲਿਆਂ ਨੂੰ ਉਦੋਂ ਵੀ ਪਰਕਾਸ਼ ਨਾ ਦਿਸਿਆ। ਸਾਰੀ ਦੁਨੀਆ ਵਿਚੋਂ ਅੰਗਰੇਜ਼ ਅਤੇ ਹੋਰ ਗੋਰੇ ਯੂਰਪੀ ਸਾਮਰਾਜੀ ਦੇਸ਼ਾਂ ਦਾ ਬਿਸਤਰਾ ਗੋਲ ਹੋ ਗਿਆ ਪਰ ਦੱਖਣੀ ਅਫਰੀਕਾ ਦੇ ਗੋਰੇ ਹਾਕਮਾਂ ਇਸ ਸੱਚ ਤੋਂ ਅੱਖਾਂ ਮੀਟੀ ਰੱਖੀਆਂ। ਉਥੇ ਆਜ਼ਾਦੀ ਵਾਸਤੇ ਜ਼ਬਰਦਸਤ ਸੰਘਰਸ਼ ਹੋਇਆ। ਨੈਲਸਨ ਮੰਡੇਲਾ ਦਾ ਨਾਮ ਸਾਰੀ ਦੁਨੀਆਂ ਵਿਚ ਮਸ਼ਹੂਰ ਹੋਇਆ। ਇਸ ਅੱਸੀਆਂ ਤੋਂ ਟੱਪ ਚੁੱਕੇ ਮਹਾਨ ਸੰਗਰਾਮੀਏ ਨੇ ਸਤਾਈ ਸਾਲ ਜੇਲ੍ਹਾਂ ਵਿਚ ਹੀ ਲੰਘਾਏ। ਏਸੇ ਤਰ੍ਹਾਂ ਮੰਡੇਲਾ ਦੇ ਹੋਰ ਸਾਥੀਆਂ ਨੇ ਇਹ ਦੰਡ ਭੋਗੇ। ਨੈਲਸਨ ਮੰਡੇਲਾ ਦੀ ਕੁਰਬਾਨੀ ਦੀ ਕੀਰਤੀ ਸਮੁੰਦਰਾਂ, ਪਹਾੜਾਂ ਅਤੇ ਦੇਸ਼ ਦੀਆਂ ਹੱਦਾਂ ਅਤੇ ਜੇਹਲ ਦੀਆਂ ਪਥਰੀਲੀਆਂ ਕੰਧਾਂ ਦੀਆਂ ਰੁਕਾਵਟਾਂ ਤੋੜਕੇ ਵੀ ਹਰ ਥਾਂ ਪੁੱਜੀ। ਨੈਲਸਨ ਮੰਡੇਲਾ ਇਕ ਐਸਾ ਨਾਮ ਹੈ ਜਿਸ ਦੇ ਕਾਰਣ ਵੀ ਸਾਊਥ ਅਫਰੀਕਾ ਦੀ ਮਸ਼ਹੂਰੀ ਹੋਈ। ਮੰਡੇਲਾ ਦੀਆਂ ਘਾਲਨਾਵਾਂ ਨੂੰ ਅਜੇ ਕਲ ਹੀ ਫਲ ਲੱਗਾ ਹੈ। ਇਥੇ ਲੋਕ ਰਾਜ ਕਾਇਮ ਹੋਇਆ। ਮੰਡੇਲਾ ਇਸ ਦੇਸ਼ ਦੇ ਪਹਿਲੇ ਪਰਧਾਨ ਬਣੇ। ਉਹਨਾਂ ਪਰਧਾਨਗੀ ਦਾ ਤਿਆਗ ਵੀ ਕੀਤਾ ਤੇ ਸੰਸਾਰ ਪੱਧਰ ਦੇ ਨੇਤਾ ਵਜੋਂ ਮਾਨ ਸਨਮਾਨ ਪ੍ਰਾਪਤ ਕੀਤਾ।ਇਸ ਕਰਕੇ ਦੱਖਣੀ ਅਫਰੀਕਾ ਜਾਣ ਤੋਂ ਪਾਬੰਦੀਆਂ ਥੋਹੜੇ ਸਮੇਂ ਤੋਂ ਹਟੀਆਂ ਹਨ। ਉਸ ਦੇਸ਼ ਵਾਸਤੇ ਦਿਲਚਸਪੀ ਵੀ ਵਧੀ ਹੈ ਇਸ ਦੇ ਬਾਵਜੂਦ ਵੀ ਅਜਿਹੇ ਦੇਸ਼ ਵਿਚ ਜਿੱਥੇ ਆਪਣਾ ਕੋਈ ਵੀ ਨਹੀਂ ਸੀ ਵਿਚ ਜਾਣ ਦੀ ਸੰਭਾਵਨਾਵਾਂ ਬਾਰੇ ਤਾਂ ਸੋਚਿਆ ਵੀ ਨਹੀਂ ਜਾ ਸਕਦਾ ਪਰ ਕਈ ਵਾਰ ਅਜਿਹੀਆਂ ਗੱਲਾਂ ਹੋ ਜਾਂਦੀਆਂ ਹਨ ਅਤੇ ਇਸ ਦੇਸ਼ ਦੇ ਇਕ ਮਸ਼ਹੂਰ ਤੇ



Sri Satguru Jagjit Singh Ji eLibrary NamdhariElibrary@gmail.com

ਖ਼ੂਬਸੂਰਤ ਸ਼ਹਿਰ ਕੇਪ ਟਾਊਨ ਵਿਚ ਜਾਣ ਦਾ ਸਾਨੂੰ ਅਵਸਰ ਮਿਲ ਗਿਆ।

ਸ੍ਰੀ ਭੈਣੀ ਸਾਹਿਬ ਮੇਲਾ ਜੱਪ ਪਰਯੋਗ ਦੇ ਅੰਤਮ ਦਿਨ ੧੭ ਅਕਤੂਬਰ ੧੯੯੯ ਨੂੰ ਸ. ਤਰਲੋਚਨ ਸਿੰਘ (ਜੋ ਅੱਜ ਕਲ੍ਹ ਭਾਰਤ ਦੇ ਘੱਟ ਗਿਣਤੀ ਕਮਿਸ਼ਨ ਦੇ ਉਪ ਚੇਅਰਮੈਨ ਹਨ) ਪਧਾਰੇ। ਉਹਨਾਂ ਆਪਣੇ ਭਾਸ਼ਨ ਵਿਚ ਕਿਹਾ ਕਿ ਸਾਊਥ ਅਫਰੀਕਾ ਦੇ ਸ਼ਹਿਰ ਕੇਪ ਟਾਊਨ ਵਿਚ ਦੁਨੀਆ ਦੇ ਧਰਮਾਂ ਦੀ ਪਾਰਲੀਮੈਂਟ ਹੋ ਰਹੀ ਹੈ। ਪਰਬੰਧਕਾਂ ਵਲੋਂ ਸ੍ਰੀ ਸਤਿਗੁਰੂ ਜੀ (ਸਤਿਗੁਰੂ ਜਗਜੀਤ ਸਿੰਘ ਜੀ) ਦੀ ਸੇਵਾ ਵਿਚ ਉਥੇ ਦਰਸ਼ਨ ਦੇਣ ਵਾਸਤੇ ਬੇਨਤੀ ਕੀਤੀ ਗਈ ਹੈ ਜੋ ਆਪ ਨੇ ਮਨਜ਼ੂਰ ਕਰ ਲਈ ਹੈ। ਇਕ ਦਿਨ ਮੇਰੀ ਲੜਕੀ ਨੇ ਦਿੱਲੀ ਤੋਂ ਫੋਨ ਤੇ ਪੁਛਿਆ,"ਤੁਸੀਂ ਅਫਰੀਕਾ ਜਾ ਰਹੇ ਹੋ ?" ਮੈਂ ਕਿਹਾ ਮੈਨੂੰ ਕੋਈ ਪਤਾ ਨਹੀਂ ਤੁਸਾਂ ਕਿੱਥੋਂ ਸੁਣਿਆ ਹੈ ਅਖੇ ਨੈਰੋਬੀ ਤੋਂ ਪਤਾ ਲੱਗਾ ਹੈ ।

ਮੈਂ ਇਸ ਕੰਨਸੋਅ ਦੀ ਪੁਸ਼ਟੀ ਸਤਿਗੁਰੂ ਜੀ ਦੇ ਹਜ਼ੂਰੀ ਸੇਵਕ ਸੰਤ ਰਛਪਾਲ ਸਿੰਘ ਜੀ ਤੋਂ ਕਰਨੀ ਚਾਹੀ। ਉਹਨਾਂ ਕਿਹਾ ਹਾਂ ਤੁਸੀਂ ਜਾਣਾ ਹੈ ਪਰ ਤੁਹਾਨੂੰ ਕਹਿਣਗੇ ਹੰਸਪਾਲ ਜੀ। ਆਖਰ ਹੰਸਪਾਲ ਜੀ ਨੇ "ਸਰਕਾਰੀ ਤੌਰ ਤੇ" ਵੀ ਸੂਚਿਤ ਕਰ ਦਿੱਤਾ।

ਮੈਂ ਇਸੇ ਸਾਲ (੧੯੯੯) ਵਿਚ ਇੰਗਲੈਂਡ ਤੋਂ ਹੋ ਕੇ ਆਇਆ ਸੀ । ਭਾਵੇਂ ਮੇਰਾ ਪਾਸਪੋਰਟ ਦਸੰਬਰ ਨੂੰ ਅਉਧ ਮਕਾਉਣ ਵਾਲਾ ਸੀ ਪਰ ਆਪਣੀ ਜੀਵਨ ਸਾਥਣ ਦੇ ਪਾਸਪੋਰਟ ਨਵਿਆਉਣ ਲੱਗਿਆਂ ਆਪਣਾ ਪਾਸਪੋਰਟ ਵੀ ਜਮਾ ਕਰਵਾ ਦਿੱਤਾ ਸੀ। ਇਸ ਯਕ ਦਮ ਪਈ ਯਾਤਰਾ ਲਈ ਪਾਸਪੋਰਟ ਦੀ ਲੋੜ ਪੈਣੀ ਸੀ। ਬਾਕੀ ਵੀ ਤਿਆਰੀ ਸੀ। ਹੁਣ ਤਾਂ ਅਤੀ ਦਰੁਤ ਗਤੀ ਵਿਚ ਝਾਲਾ ਵਜਾਉਣਾ ਪਿਆ। ਪਾਸਪੋਰਟ ਵਾਲਾ ਕੰਮ ਤਾਂ ਹਿੰਦ ਸਮਾਚਾਰ ਵਾਲੇ ਸ੍ਰੀ ਵਿਜੇ ਚੋਪੜਾ ਜੀ ਨੇ ਚੁੱਟਕੀ ਵਿਚ ਹੀ ਕਰਵਾ ਦਿੱਤਾ। ਅਸੀਂ ਬੋਰੀਆ ਬਿਸਤਰਾ ਲੈ ਦਿੱਲੀ ਜਾ ਡੇਰੇ ਲਾਏ।

੨੮ ਨਵੰਬਰ ੧੯੯੯ ਨੂੰ ਸਤਿਗੁਰੂ ਜੀ ਦੇ ਦਰਸ਼ਨ ਆਪ ਜੀ ਦੇ ਮਾਨ ਸਰੋਵਰ ਵਾਲੇ ਅਸਥਾਨ ਤੇ ਕੀਤੇ। ਬਹੁਤ ਸਾਰੇ ਵਿਸ਼ੇਸ਼ ਤੇ ਅਤਿ ਵਿਸ਼ੇਸ਼ ਵਿਅਕਤੀ ਆਪ ਜੀ ਦੇ ਦਰਸ਼ਨ ਕਰਨ ਆ ਰਹੇ ਸਨ। ਅਫਰੀਕਾ ਜਾਣ ਦਾ ਪ੍ਰੋਗਰਾਮ ਚਰਚਾ ਅਧੀਨ ਸੀ। ਜਾਪਦਾ ਸੀ ਕਿ ਅਜੇ ਸਤਿਗੁਰੂ ਜੀ ਦਾ ਦੱਖਣੀ ਅਫਰੀਕਾ ਜਾਣ ਦਾ ਪ੍ਰੋਗਰਾਮ ਨਿਸਚਿਤ ਨਹੀਂ ਸੀ ਪਰ ਕੀਨੀਆ ਵਿਚ ਨੈਰੋਬੀ ਸ਼ਹਿਰ ਜਾਣਾ ਪੱਕਾ ਸੀ। ਸਾਡਾ ਦੱਖਣੀ ਅਫਰੀਕਾ ਵਿਚ ਕੇਪ ਟਾਊਣ ਜਾਣਾ ਨਿਸਚਿਤ ਸੀ ਪਰ ਅਜੇ ਜਹਾਜ਼ ਦਾ ਸਮਾਂ ਨਿਸਚਿਤ ਨਹੀਂ ਸੀ।

ਦਿੱਲੀ ਵਿਚ ਕਿਆਮ ਸਮੇਂ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਚਲਦੇ ਕਾਰਜਕ੍ਰਮਾਂ ਦਾ ਆਨੰਦ ਮਾਣਿਆ। ਇਸ ਵਿਚ ਹਜ਼ੂਰੀ ਦੀਵਾਨ, ਆਸਾ ਦੀ ਵਾਰ ਦੇ ਕੀਰਤਨ ਅਤੇ ਕੁਝ ਸੰਗੀਤ ਦੀਆਂ ਦੁਰਲਭ ਬੈਠਕਾਂ ਸਨ।

ਦਸੰਬਰ ਦੀ ਪਹਿਲੀਂ ਤਰੀਖ ਨੂੰ ਸ. ਹਰਵਿੰਦਰ ਸਿੰਘ ਹੰਸਪਾਲ ਦੀ ਅਗਵਾਈ ਵਿਚ ਅੱਠ ਬੰਦਿਆਂ ਦਾ ਜੱਥਾ ਦਿੱਲੀ ਦੇ ਪੁਰਾਣੇ ਪਾਲਮ ਹਵਾਈ ਅੱਡੇ ਤੋਂ ਮੁੰਬਈ ਲਈ ਲੌਢੇ ਵੇਲੇ ਤੁਰਿਆ। ਇਹਨਾਂ ਦੇ ਨਾਮ ਸਨ–

ਸ. ਹਰਵਿੰਦਰ ਸਿੰਘ ਹੰਸਪਾਲ, ਪ੍ਰੋ. ਤਾਰਾ ਸਿੰਘ ਅਣਜਾਣ ਸੰਪਾਦਕ ਸਤਿਜੁਗ, ਸ. ਜਸਵਿੰਦਰ ਸਿੰਘ 'ਚਕ੍ਰਵਰਤੀ', ਜਗਦੀਸ਼ ਸਿੰਘ ਵਰਿਆਮ, ਸੰਤ ਸੁਖਦੇਵ ਸਿੰਘ ਸੰਗੀਤਕਾਰ, ਸੰਤ ਵਜ਼ੀਰ ਸਿੰਘ ਨਿਜੀ ਸੇਵਕ, ਸੰਤ ਦਰਸ਼ਨ ਸਿੰਘ ਲਾਂਗਰੀ ਅਤੇ ਸੰਤ ਬਲੀ ਸਿੰਘ ਸੇਵਕ ਸੰਤ ਸੁਰਿੰਦਰ ਸਿੰਘ ਮਨਚੰਦਾ। ਜੱਥੇ ਦੇ ਅੱਧੇ ਮੈਂਬਰ ਸੋਧੀ ਸਿੰਘ ਸਨ ਇਸ ਵਾਸਤੇ ਕੇਪ ਟਾਊਨ ਵਿਚ ਸੋਧ ਦੇ ਲੰਗਰ ਦੀ ਕਿਸੇ ਵੀ ਸਮੱਸਿਆ ਨੂੰ ਮੁੱਖ ਰੱਖਦੇ ਹੋਏ ਉਹਨਾਂ ਛਕਣ ਵਾਸਤੇ ਸੋਧ ਵਾਲੇ ਪਦਾਰਥਾਂ ਦਾ ਫਲਾਂ ਦਾ, ਸੁੱਕੇ ਮੇਵਿਆਂ ਦਾ, ਖੂਹ ਦੇ ਜਲ ਦਾ ਪਰਬੰਧ ਕੀਤਾ ਹੋਇਆ ਸੀ। ਇਥੋਂ ਤੱਕ ਕਿ ਸੰਤ ਸੁਰਿੰਦਰ ਸਿੰਘ ਮਨਚੰਦਾ ਜੀ ਦੀ ਫੈਕਟਰੀ ਡਾਲੀਮਾ ਬਿਸਕੁਟਸ ਦੁਆਰਾ ਤਿਆਰ ਸੋਧ ਦੀਆਂ ਡਬਲ ਰੋਟੀਆਂ ਦਾ ਵੀ ਤਗੜਾ ਸਟਾਕ ਸੀ। ਇੰਡੀਅਨ ਏਅਰ ਲਾਈਨਜ਼ ਦੇ ਜਹਾਜ਼ ਤੇ ਸ਼ਾਮ ਤੱਕ ਅਸੀਂ ਮੁੰਬਈ ਦੇ ਪੁਰਾਣੇ ਸ਼ਾਂਤਾ ਕਰੂਜ਼ ਹਵਾਈ ਅੱਡੇ ਤੇ ਅਪੜ ਗਏ ਸੀ। ਇਸ ਅੱਡੇ ਤੋਂ ਅੱਗੇ ਅਸਾਂ ਸਹਾਰਾ ਇੰਟਰਨੈਸ਼ਨਲ ਅੱਡੇ ਤੇ ਜਾਣਾ ਸੀ। ਇਸ ਮੰਤਵ ਵਾਸਤੇ ਬੱਸ ਸੇਵਾ ਉਪਲੱਬਧ ਸੀ ਜਿਸ ਵਾਸਤੇ ਵੱਖਰਾ ਕਿਰਾਇਆ ਨਹੀਂ ਸੀ ਦੇਣਾ ਪੈਣਾ। ਇਹ ਬੱਸ ਦੋਹਾਂ ਹਵਾਈ ਅੱਡਿਆਂ ਦਾ ਗੇੜਾ ਕੱਢਦੀ ਰਹਿੰਦੀ ਹੈ। ਇਸ ਅੱਡੇ ਤੇ ਬੱਸ ਉਡੀਕਦਿਆਂ ਸਾਨੂੰ ਸਮਾਂ ਤਾਂ ਬਹੁਤ ਲੱਗ ਗਿਆ ਪਰ ਸਾਡੀ ਅਗਲੀ ਉਡਾਣ ਕਿਉਂ ਜੁ ਅੱਧੀ ਰਾਤ ਤੋਂ ਬਾਅਦ ਸੀ ਇਸ ਵਾਸਤੇ ਜਾਣ ਦੀ ਕਾਹਲੀ ਵੀ ਨਹੀਂ ਸੀ। ਆਖਰ ਨਵੇਂ ਅੱਡੇ ਤੇ ਪੁੱਜੇ ਅਤੇ ਸਭ ਤੋਂ ਪਹਿਲਾ ਕੰਮ ਇਹ ਕੀਤਾ ਕਿ ਆਪਣਾ ਸਮਾਨ ਜਮਾਂ ਕਰਵਾ ਕੇ ਵਿਹਲੇ ਹੋਏ। ਫੇਰ ਧਿਆਨ ਆਇਆ ਪੇਟ ਦਾ। ਉਂਝ ਇਸ ਪਾਸਿਓ ਕੁਝ ਬੇਫਿਕਰੀ ਸੀ ਕਿਉਂਕ ਸਾਨੂੰ ਗੁਪਤ ਸੂਚਨਾ ਸੀ ਕਿ ਅੰਤਰਾਸ਼ਟਰੀ ਪਰਸਿਧੀ ਵਾਲੇ, ਦੇਸੀ ਘਿਓ ਦੇ ਆਲੂਆਂ ਵਾਲੇ ਪਰਾਉਂਠਿਆਂ ਦਾ ਸਟਾਕ ਪ੍ਰੋ. ਤਾਰਾ ਸਿੰਘ ਅਨਜਾਣ ਕੋਲ ਹੈ। ਉਹਨਾਂ ਕੋਲ ਛੱਕਣ ਵਾਲਾ ਕੀ ਕੁਝ ਹੁੰਦਾ ਹੈ ਇਹ ਨਸ਼ਰ ਕਰਨ ਦੀ ਲੋੜ ਨਹੀਂ। ਸੋਧੀ ਸਿੰਘਾਂ ਨੇ ਫਲੋਹਾਰ ਕੀਤਾ ਅਤੇ ਫੇਰ ਕੁਝ ਵਿਸ਼ਰਾਮ ਵੀ ਕੀਤਾ। ਅੱਧੀ ਰਾਤ ਪਹਿਰ ਦੇ ਤੜਕੇ ਸਾਊਥ ਅਫਰੀਕਾ ਏਅਰ ਲਾਈਨਜ਼ ਤੇ ਬੰਬਈ ਤੋਂ ਜੋਹਨਸਬਰਗ ਦੀ ਲੰਮੀ ਉੜਾਨ ਫੜੀ। ਦੋ ਦਸੰਬਰ ਦਾ ਦਿਨ ਸ਼ੁਰੂ ਹੋ ਚੁੱਕਾ ਸੀ। ਸੁਤ ਉਨੀਂਦਿਆ, ਜਾਗਦਿਆਂ, ਸੌਂਦਿਆਂ ਜਹਾਜ਼ ਲੰਮੀਆਂ ਵਾਟਾਂ


Sri Satguru Jagjit Singh Ji eLibrary NamdhariElibrary@gmail.com

ਚੀਰਦਾ ਰਾਤ ਦੇ ਹਨੇਰੇ ਵਿਚ ਜਾ ਰਿਹਾ ਸੀ। ਸ਼ਾਨ ਜੌਹਨਸਨ ਦੀ ਇਕ ਟੂਕ ਜਹਾਜ਼ ਦੀ ਪੁਸਤਕ ਵਿਚ ਦਰਜ ਸੀ,"ਆਉਣ ਵਾਲਾ ਸਮਾਂ ਚੜ੍ਹਤ ਦਾ ਹੈ ਜਾਂ ਦੁਰਘਟਨਾ ਭਰਪੂਰ ਹੈ ਜਾਂ ਕੁਝ ਵਿਚ ਵਿਚਾਲੇ ਜਿਹਾ ਇਸਦਾ ਨਿਰਣਾ ਫਾਨੀ ਬੰਦਿਆਂ ਅਤੇ ਔਰਤਾਂ ਨੇ ਕਰਨਾ ਹੈ ਨਾ ਕਿ ਦਸਤਖ਼ਤ ਕੀਤੇ ਕਾਗਜ਼ਾਂ ਨੇ" ਮੈਨੂੰ ਗੁਰੂ ਨਾਨਕ ਦੇਵ ਜੀ ਦਾ ਕਥਨ ਯਾਦ ਆਇਆ,"ਕਰਨੀ ਉਪਰਿ ਹੋਵਗਿ ਸਾਰ॥" ਸਾਡੇ ਬਜ਼ੁਰਗ ਗਾਉਂਦੇ ਹੁੰਦੇ ਸਨ ਅਮਲਾਂ ਦੇ ਹੋਣਗੇ ਨਬੇੜੇ ਜਾਤ ਕਿਸੇ ਪੁਛਣੀ ਨਹੀਂ। ਏਨੇ ਕਾਗਜ਼ ਲਿਖੇ ਪਏ ਹਨ। ਮੁਲਕਾਂ ਦੇ ਵਿਧਾਨ ਹਨ, ਧਰਮਾਂ ਦੇ ਗ੍ਰੰਥ ਹਨ, ਪਾਰਲੀਮੈਂਟ ਦੇ ਪਾਸ ਬਿਲ ਹਨ, ਯੂ.ਐਨ. ਓ. ਪਾਸ ਮਤੇ ਹਨ ਉਹਨਾਂ ਦਾ ਕੀ ਮੁੱਲ ਹੈ ਜੇ ਬੰਦੇ ਇਹਨਾਂ ਤੇ ਅਮਲ ਨਾ ਕਰਨ। ਲੋਕ ਗੱਲਾਂ ਨੂੰ ਅਮਲ ਵਿਚ ਨਾ ਲਿਆਉਣ ਤਾਂ ਕੇਵਲ ਕਾਗਜ਼ ਦੇ ਪੁਰਜ਼ੇ ਹਨ। ਅਸੀਂ ਜਿਹੜੀ ਦੁਨੀਆਂ ਦੇ ਧਰਮਾਂ ਦੀ ਪਾਰਲੀਮੈਂਟ ਵਿਚ ਜਾ ਰਹੇ ਸਾਂ ਉਸ ਦਾ ਮੁਲ ਵੀ ਤਾਂ ਪਾਸ ਕੀਤੇ ਮਤਿਆਂ ਨੂੰ ਸਫਲਤਾ ਨਾਲ ਲਾਗੂ ਕਰਨ ਤੋਂ ਹੋਵੇਗਾ ਨਹੀਂ ਤਾਂ ਏਡੇ ਅਡੰਬਰ ਦਾ ਕੀ ਅਰਥ ਹੋਊ।

ਰੈਣ ਅੰਧਿਆਰੀ ਚੀਰ ਕੇ ਜਹਾਜ਼ ਦੋ ਦਸੰਬਰ ਦੇ ਉਜਿਆਰੇ ਵਿਚ ਦਾਖਲ ਹੋਇਆ ਤੇ ਆਪਣੀ ਮੰਜ਼ਿਲ ਦੱਖਣੀ ਅਫਰੀਕਾ ਦੇ ਮਸ਼ਹੂਰ ਸ਼ਹਿਰ ਜੋਹਨਸਬਰਗ ਪੁੱਜ ਗਿਆ। ਇਹ ਸ਼ਹਿਰ ਕੇਵਲ ਦੱਖਣੀ ਅਫਰੀਕਾ ਦਾ ਮਸ਼ਹੂਰ ਜਾਂ ਵੱਡਾ ਸ਼ਹਿਰ ਹੀ ਨਹੀਂ ਸਗੋਂ ਸਾਰੇ ਅਫਰੀਕਾ ਮਹਾਂਦੀਪ ਦੇ ਦੋ ਵੱਡੇ ਸ਼ਹਿਰਾਂ ਚੋਂ ਹੈ। ਇਕ ਮਿਸਰ ਦਾ ਕਾਹਿਰਾ ਤੇ ਇਕ ਜੋਹਨਸਬਰਗ। ਇਸ ਦੇ ਵਿਚਕਾਰ ਕੀਨੀਆ ਦਾ ਸ਼ਹਿਰ ਨੈਰੋਬੀ ਆਉਂਦਾ ਹੈ। ਜੋਹਨਸਬਰਗ ਦੇ ਆਕਾਸ਼ ਵਿਚ ਹੀ ਕਿੰਨਾ ਚਿਰ ਜਹਾਜ਼ ਰਿਹਾ। ਥੱਲੇ ਮਕਾਨਾਂ ਸੜਕਾਂ ਦਾ ਵਿਸ਼ਾਲ ਜਾਲ ਵਿਛਿਆ ਪਿਆ ਸੀ। ਜਹਾਜ਼ ਨੇ ਬੜੇ ਆਰਾਮ ਨਾਲ ਹੀ ਦੱਖਣੀ ਅਫਰੀਕਾ ਦੀ ਧਰਤੀ ਨੂੰ ਛੋਹਿਆ। ਦੇਸ਼ ਦਾ ਸਰਕਾਰੀ ਨਾਮ ਹੈ Republic of South Africa"ਦੱਖਣੀ ਅਫਰੀਕਾ ਦਾ ਗਣਤੰਤਰ"। ਦੱਖਣੀ ਅਫਰੀਕਾ ਪਹਿਲਾਂ ਵਾਲਾ ਨਹੀਂ, ਨਵੀਆਂ ਆਸਾਂ ਵਾਲਾ ਜਿਸ ਬਾਰੇ ਨੈਲਸਨ ਮੰਡੇਲਾ ਨੇ ਕਿਹਾ ਸੀ- We live with the hope that as she battles to remake herself, South Africa will be like the microcosm of the new world that is striving to be born."

*"ਅਸੀਂ ਇਸ ਆਸ ਨਾਲ ਜੀ ਰਹੇ ਹਾਂ ਕਿ ਇਤਿਹਾਸ ਦੀ ਪੁਨਰ ਸਿਰਜਣਾ ਕਰਨ ਵਾਸਤੇ ਜੂਝ ਰਿਹਾ ਦੱਖਣੀ ਅਫਰੀਕਾ ਨਵੀਂ ਦੁਨੀਆ ਦੇ ਜੀਵਾਣੂ ਵਾਂਗੂ ਹੋਵੇਗਾ ਜੋ ਜਨਮ ਲੈਣ ਦੇ ਜਤਨਾਂ ਵਿਚ ਹੈ।"*

ਜੋਹਨਸਬਰਗ ਇਸ ਦੇਸ਼ ਦਾ ਮੁੱਖ ਅਸਥਾਨ ਹੈ ਪਰ ਇਸ ਦਾ ਇਕ ਇਲਾਕਾ ਪਰੀਟੋਰੀਆ ਹੈ ਜਿੱਥੇ ਹਕੂਮਤ ਦੇ ਦਫਤਰ ਹਨ ਇਸ ਵਾਸਤੇ ਲੰਮੇਂ ਸਮੇਂ ਤੱਕ ਦੇਸ਼ ਦੀ ਹਕੂਮਤ ਨੂੰ ਪਰੀਟੋਰੀਆ ਰਜੀਮ ਕਹਿ ਕੇ ਹੀ ਯਾਦ ਕੀਤਾ ਜਾਂਦਾ ਰਿਹਾ ਹੈ। ਡਰਬਨ ਅਤੇ ਕੇਪ ਟਾਊਨ ਹੋਰ ਪਰਸਿੱਧ ਸ਼ਹਿਰ ਹਨ, ਇਕ ਈਸਟ ਲੰਡਨ ਵੀ ਹੈ। ਸਾਡੀ ਅੰਤਿਮ ਮੰਜ਼ਿਲ ਕੇਪ ਟਾਊਨ ਸੀ ਜੋ ਬਦਲਵੇਂ ਜਹਾਜ਼ ਵਿਚ ਦੋ ਘੰਟੇ ਦਾ ਸਫ਼ਰ ਸੀ। ਜੋਹਨਸਬਰਗ ਦੇ ਹਵਾਈ ਅੱਡੇ ਤੇ ਵਿਚਰਦਿਆਂ ਦੂਸਰੇ ਜਹਾਜ਼ ਦੀ ਉਡਾਨ ਨੂੰ ਉਡਿਕਦਿਆਂ ਇਹ ਪਰਭਾਵ ਪਿਆ ਕਿ ਇਸ ਥਾਂ ਤੇ ਯੂਰਪੀ ਕਲਚਰ ਪ੍ਰਧਾਨ ਹੈ । ਇਹ ਕੋਈ ਯੂਰਪ ਦਾ ਹੀ ਸ਼ਹਿਰ ਹੈ। ਸਾਫ਼ ਸੁਥਰਾ ਤੇ ਅਮੀਰ । ਇਥੋਂ ਵੱਖ-ਵੱਖ ਸ਼ਹਿਰਾਂ ਨੂੰ ਹਵਾਈ ਜਹਾਜ਼ ਲਗਾਤਾਰ ਉਡਦੇ ਹਨ ਅਤੇ ਕੇਪ ਟਾਊਨ ਵਾਸਤੇ ਵੀ ਹਰ ਘੰਟੇ ਦੀ ਉਡਾਨ ਹੈ। ਭਾਵੇਂ ਅਸੀਂ ਇਕ ਘੰਟੇ ਬਾਦ ਵੀ ਉਡ ਸਕਦੇ ਸੀ ਪਰ ਅਸਾਂ ਦੋ ਘੰਟੇ ਦਾ ਵਕਫਾ ਲਿਆ। ਦੋ ਘੰਟੇ ਹੋਰ ਉਡਾਨ ਤੇ ਲੱਗੇ ਤੇ ਫਿਰ ਸ਼ਾਂਤ ਮਹਾਂਸਾਗਰ ਦੇ ਚੜ੍ਹਦੇ ਪਾਸੇ ਵਾਲੇ ਕੰਢੇ ਅਤੇ ਦੱਖਣੀ ਅਫਰੀਕਾ ਦੇ ਲਹਿੰਦੇ ਵਾਲੇ ਪਾਸੇ ਦੇ ਤੱਟ ਤੇ ਵਸੇ ਸ਼ਹਿਰ ਕੇਪ ਟਾਊਨ ਦਾ ਨਜ਼ਾਰਾ ਦਿਸਿਆ। ਵਿਸ਼ਾਲ ਸਮੁੰਦਰ ਕੰਢੇ ਖੜੇ ਸਮੁੰਦਰੀ ਜਹਾਜ਼, ਛੋਟੀਆਂ ਵੱਡੀਆਂ ਮਸ਼ੀਨੀ ਬੇੜੀਆਂ, ਸੁੰਦਰ ਪਹਾੜੀਆਂ, ਢਲਵਾਨਾਂ ਤੇ ਬਣੇ ਮਕਾਨ ਤੇ ਵਲਵੇਂ ਖਾਂਦੀਆਂ ਸੜਕਾਂ । ਕੁਦਰਤ ਦੀ ਸੁੰਦਰਤਾ ਦਾ ਨਜ਼ਾਰਾ ।

ਹਵਾਈ ਅੱਡੇ ਤੇ ਉਤਰਨ ਦੇ ਕੁਝ ਸਮੇਂ ਬਾਦ ਨੈਰੋਬੀ ਵਾਲੇ ਸੂਬਾ ਸਤਿਨਾਮ ਸਿੰਘ ਜੀ, ਤਨਜ਼ਾਨੀਆਂ ਨਾਮਧਾਰੀ ਸੰਗਤ ਦੇ ਪ੍ਰਧਾਨ ਸੰਤ ਸਤਵੰਤ ਸਿੰਘ ਪਾਲਰੇ ਜੀ ਵੱਡੀ ਗੱਡੀ ਲੈ ਕੇ ਪੁੱਜ ਗਏ। ਸਾਰਾ ਸਮਾਨ ਤੇ ਸਾਰੀਆਂ ਸਵਾਰੀਆਂ ਇਸ ਵਿਚ ਆ ਗਈਆਂ।

ਉੱਚੀ ਪਹਾੜੀ ਤੇ ਬਣਿਆ ਲਾਜ (ਹੋਟਲ), ਬਰੇਕ ਵਾਟਰ ਲਾਜ ਵਿਚ ਸਾਡਾ ਉਤਾਰਾ ਕਰਵਾਇਆ ਗਿਆ। ਇਹ ਕਿਸੇ ਜ਼ਮਾਨੇ ਵਿਚ ਜੇਲ੍ਹ ਸੀ ਪਰ ਹੁਣ ਇਹ ਹੋਟਲ ਬਣਾ ਦਿੱਤਾ ਗਿਆ ਹੈ। ਇਥੇ ਪਾਰਲੀਮੈਂਟ ਵਾਸਤੇ ਗਏ ਹੋਰ ਬਹੁਤ ਸਾਰੇ ਡੈਲੀਗੇਟ ਵੀ ਠਹਿਰੇ ਹੋਏ ਸਨ। ਸਾਡੇ ਗਰੁੱਪ ਦੇ ਕੁਝ ਬੰਦੇ ਹੋਰ ਥਾਂ ਵੀ ਠਹਿਰਾਏ ਗਏ ਸਨ। ਸੂਬਾ ਸਤਨਾਮ ਸਿੰਘ ਨੈਰੋਬੀ, ਸੂਬਾ ਸਤਵਿੰਦਰ ਸਿੰਘ ਕਸੂਮੇ ਵਾਲੇ, ਤਨਜ਼ਾਨੀਆਂ ਦੇ ਪ੍ਰਧਾਨ ਸੰਤ ਸਤਵੰਤ ਸਿੰਘ ਪਾਲਰੇ, ਨੈਰੋਬੀ ਦੇ ਪ੍ਰਧਾਨ ਮਨਜੀਤ ਸਿੰਘ, ਸੰਤ ਕੁਲਵੰਤ ਸਿੰਘ ਤੇ ਉਹਨਾਂ ਦੇ ਸਪੁੱਤਰ ਕੁਲਬੀਰ ਸਿੰਘ ਨੈਰੋਬੀ ਤੋਂ ਅਗਾਊ ਪਾਰਟੀ ਵਜੋਂ ਪੁੱਜੇ ਹੋਏ ਸਨ। ਇਹਨਾਂ ਸਾਰਾ ਪ੍ਰਬੰਧ ਵੀ ਵਧੀਆ ਕੀਤਾ ਹੋਇਆ ਸੀ ਅਤੇ ਧਰਮਾਂ ਦੀ ਪਾਰਲੀਮੈਂਟ ਦੀਆਂ ਸਰਗਰਮੀਆਂ ਵਿਚ ਵੀ ਦੋ ਦਿਨਾਂ ਤੋਂ ਭਾਗ ਲੈ ਰਹੇ ਸਨ। ਸੋ ਸਾਡਾ ਇਕ ਪ੍ਰਭਾਵਸ਼ਾਲੀ ਜੱਥਾ, ਦਿੱਖ ਵਲੋਂ ਵੀ, ਗਿਣਤੀ ਵਲੋਂ ਵੀ ਤੇ ਗੁਣਾਂ ਵਜੋਂ ਵੀ


Sri Satguru Jagjit Singh Ji eLibrary NamdhariElibrary@gmail.com

ਇਸ ਧਰਮ ਸੰਸਦ ਵਿਚ ਪੁੱਜ ਗਿਆ ਸੀ। ਇਸ ਵਿਚ ਭਾਰਤ ਦੀ ਪਾਰਲੀਮੈਂਟ ਦਾ ਸਾਬਕ ਮੈਂਬਰ, ਲੇਖਕ, ਪੱਤਰਕਾਰ, ਸੰਗੀਤਕਾਰ, ਉਦਯੋਗਪਤੀ, ਕਾਰੋਬਾਰੀ ਹਿਸਟੋਰੀਅਨ ਪ੍ਰਧਾਨ, ਸੂਬੇ ਅਤੇ ਯੁਵਾ ਵਰਗ ਦੀ ਵੀ ਪ੍ਰਤੀਨਿਧਤਾ ਸੀ।

ਅਸੀਂ ਲੰਮੀ ਉਡਾਨ ਬਾਦ ਇੱਥੇ ਪੁੱਜੇ ਸੀ। ਕਲ੍ਹ ਦਿੱਲੀ ਤੋਂ ਚੱਲਣ ਤੋਂ ਪਹਿਲਾਂ ਅਤੇ ਤਿੰਨ ਉਡਾਨਾਂ ਵਿਚਲਾ ਸਮਾਂ ਪਾ ਕੇ ਲਗ ਭਗ ੨੪ ਘੰਟੇ ਦਾ ਸਮਾਂ ਹੀ ਹੋ ਗਿਆ ਸੀ। ਅਸੀਂ ਆਪਣੇ ਪ੍ਰਬੰਧਕਾਂ ਦੇ ਕਹੇ ਅਨੁਸਾਰ ਇਸ਼ਨਾਨ ਆਦਿ ਕਰਕੇ ਕੁਝ ਛਕਿਆ ਤੇ ਥੋੜ੍ਹਾ ਆਰਾਮ ਕੀਤਾ ਫੇਰ ਕੁਝ ਇਥੋਂ ਦੀ ਕਾਰਵਾਈ ਨੂੰ ਘੋਖਿਆ ਪੜ੍ਹਿਆ। ਸ. ਸਤਵੰਤ ਸਿੰਘ ਪ੍ਰਧਾਨ ਹੋਰਾਂ ਸਾਰੇ ਡੈਲੀਗੇਟਾਂ ਦੀ ਰਜਿਸਟਰੇਸ਼ਨ ਕਰਵਾ ਦਿੱਤੀ ਸੀ। ਸਭ ਦੇ ਸ਼ਨਾਖਤੀ ਕਾਰਡ ਵੀ ਪ੍ਰਾਪਤ ਕਰ ਲਏ ਸਨ ਜੋ ਗਲਾਂ ਵਿਚ ਲਟਕਾਉਣੇ ਜ਼ਰੂਰੀ ਸਨ ਅਤੇ ਸਾਰਿਆਂ ਵਾਸਤੇ ਲਿਖਤੀ ਸਾਮਗਰੀ ਦੇ ਪੈਕਟ ਵੀ ਲੈ ਲਏ ਸਨ। ਇਹਨਾਂ ਵਿਚੋਂ ਪ੍ਰਮੁੱਖ ਸੀ ਪ੍ਰੋਗਰਾਮਾਂ ਵਾਲੀ ਭਾਰੀ ਭਰਕਮ ਪੁਸਤਕ ਜੋ ਆਰਟ ਪੇਪਰ ਤੇ ਅੰਗਰੇਜ਼ੀ ਵਿਚ ਛਪੀ ਸੀ। ਇਹਦੇ ਟਾਈਟਲ ਪੰਨੇ ਤੇ ਦੁਨੀਆਂ ਦੇ ਸਾਰੇ ਪ੍ਰਮੁੱਖ ਧਰਮਾਂ ਦੇ ਨਿਸ਼ਾਨ ਜਿਵੇਂ ਓਮ, ਖੰਡਾ, ਸਲੀਬ, ਚੰਨ ਤਾਰਾ ਚੱਕਰ, ਹੱਥ, ਕੋਨ ਛੇ ਕੋਨ, ਸੂਰਜ ਆਦਿ ਛਪੇ ਸਨ ਅਤੇ ਇਸ ਦੇ ਐਨ ਦਰਮਿਆਨ ਅਫਰੀਕਾ ਮਹਾਂਦੀਪ ਦੇ ਨਕਸ਼ੇ ਦਾ ਆਰਟਿਸਟ ਦੁਆਰਾ ਬਣਾਇਆ ਰੇਖਾ ਚਿੱਤਰ ਛਪਿਆ ਸੀ ਜਿਸ ਦੇ ਅੰਦਰ ਬਹੁ ਰੰਗੀਆਂ ਫੁੱਲ ਪੱਤੀਆਂ ਵੱਖ-ਵੱਖ ਧਰਮਾਂ ਦੇ ਫੁਲਾਂ ਦੀ ਖੁਸ਼ਬੂ ਨੂੰ ਰੂਪਮਾਨ ਕਰਦੀਆਂ ਸਨ। ਇਸ ਟਾਈਟਲ ਤੇ ਅੰਗਰੇਜ਼ੀ ਅੱਖਰਾਂ ਵਿਚ ਲਿਖਿਆ ਸੀ

1999-Parliament of the world's Religions, Cape Town South Africa 1-8 December.

"੧੯੯੯ ਸੰਸਾਰ ਦੇ ਧਰਮਾਂ ਦੀ ਪਾਰਲੀਮੈਂਟ, ਕੇਪ ਟਾਊਨ, ਦੱਖਣੀ ਅਫਰੀਕਾ"

ਇਹ ੨੦੮ ਸਫੇ ਦੀ ਵੱਡੀ ਪੁਸਤਕ ਵਿਚ ਇਸ ਪਾਰਲੀਮੈਂਟ ਬਾਰੇ ਜਾਣਕਾਰੀ ਸੀ। ਹੋਣ ਵਾਲੇ ਪ੍ਰੋਗਰਾਮਾਂ ਦਾ ਵੇਰਵਾ ਸੀ। ਇਹ ਇਕ ਵਿਸ਼ਾਲ ਪ੍ਰੋਗਰਾਮ ਸੀ। ਇਹ ਪੁਸਤਕ ਗਾਈਡ ਦਾ ਕੰਮ ਵੀ ਕਰਦੀ ਸੀ। ਇਸ ਖੂਬਸੂਰਤ ਸ਼ਹਿਰ ਦੇ ਵੱਖ-ਵੱਖ ਛੇ ਥਾਵਾਂ ਤੇ ਇਹ ਪ੍ਰੋਗਰਾਮ ਚਲਣਾ ਸੀ। ਇਸ ਵਿਚ ਕਈ ਪਲੈਨਰੀ ਸੈਸ਼ਨ ਸਨ ਜਿੱਥੇ ਸਾਰੇ ਡੈਲੀਗੇਟਾਂ ਨੇ ਇਕੱਠੇ ਹੋਣਾ ਸੀ।

ਕੋਈ ਛੇ ਕੁ ਹਜ਼ਾਰ ਡੈਲੀਗੇਟ ਵੱਖ-ਵੱਖ ਦੇਸ਼ਾਂ ਅਤੇ ਧਰਮਾਂ ਦਾ ਇਕੱਤਰ ਸੀ। ਇੱਥੇ ਕੋਈ ਸਾਢੇ ਅੱਠ ਸੌ ਭਾਸ਼ਨ/ਲੈਕਚਰ ਹੋਣੇ ਜਾਂ ਪਰਚੇ ਪੇਸ਼ ਹੋਣੇ ਸਨ। Major Presentations ਵਡੇ ਪਰਚੇ ਜਾਂ ਭਾਸ਼ਨ ਸਨ ਅਤੇ ਬਾਕੀ ਵੱਖ-ਵੱਖ ਥਾਵਾਂ ਵਿੱਚ ਯੂਨੀਵਰਸਿਟੀ ਵਿਚ, ਹੋਰ ਵਿਦਿਆ ਕੇਂਦਰਾਂ ਵਿਚ ਪੜ੍ਹਾਈ ਦੇ ਲੈਕਚਰ ਕਮਰਿਆਂ ਵਿੱਚ, ਗਿਰਜਿਆਂ ਵਿਚ, ਸਿਵਕ ਸੈਂਟਰ ਵਿਚ, ਖੁੱਲ੍ਹੇ ਆਂਗਣਾਂ ਵਿਚ ਅਤੇ ਹੋਰ ਬਹੁਤ ਸਾਰੀਆਂ ਥਾਵਾਂ ਤੇ ਹੋ ਰਹੇ ਸਨ। ਸਾਰੀ ਪੁਸਤਕ ਪੜ੍ਹਨ ਲਈ ਬਹੁਤ ਸਮਾਂ ਲੱਗਣਾ ਸੀ। ਅਸੀਂ ਮੋਟੀ-ਮੋਟੀ ਨਜ਼ਰ ਮਾਰੀ ਅਤੇ ਇਕ ਸਰਸਰੀ ਯਾਤਰਾ ਪਾਰਲੀਮੈਂਟ ਦੀ ਕਰਨ ਦਾ ਫੈਸਲਾ ਕੀਤਾ। ਦਰਅਸਲ ਇਹ ਫੈਸਲਾ ਹੰਸਪਾਲ ਹੁਰਾਂ ਦਾ ਹੀ ਸੀ। ਭਾਰਤ ਦੀ ਪਾਰਲੀਮੈਂਟ ਦੇ ਉਹ ਪੂਰੇ ਬਾਰਾਂ ਸਾਲ ਮੈਂਬਰ ਰਹੇ ਹਨ। ਇਸ ਵਾਸਤੇ ਕਾਨਫਰੰਸਾਂ, ਪਾਰਲੀਮੈਂਟਾਂ, ਮਹਾਸਮਾਗਮਾਂ ਦੇ ਚਲਣ ਚਲਾਉਣ ਦੇ ਰੰਗ ਢੰਗ ਦੇ ਉਹ ਜਾਣੂ ਹਨ। ਤਨਜ਼ਾਨੀਆ ਨਾਮਧਾਰੀ ਸੰਗਤ ਦੇ ਪ੍ਰਧਾਨ ਸੰਤ ਸਤਵੰਤ ਸਿੰਘ ਪਾਲਰੇ ਜਿਥੇ ਸ਼ਹਿਰ ਦੇ ਸਾਰੇ ਥਾਵਾਂ ਅਤੇ ਸੜਕਾਂ ਦੇ ਵਾਕਿਫ਼ ਸਨ ਅਤੇ ਗੱਡੀ ਵਿੱਚ ਬਿਠਾ ਕੇ ਸਾਨੂੰ ਲੈ ਕੇ ਜਾਂਦੇ ਸਨ। ਉਥੇ ਉਹਨਾਂ ਜਾਂਦਿਆਂ ਜਾਂਦਿਆਂ ਸ਼ਹਿਰ ਬਾਰੇ ਸਮਾਗਮ ਬਾਰੇ ਅਤੇ ਹੋਈ ਕਾਰਵਾਈ ਬਾਰੇ ਵਾਕਫੀ ਦੇ ਦਿੱਤੀ। ਇਕ ਬੱਤੀਆਂ ਵਾਲੇ ਚੌਂਕ ਵਿਚ ਸਾਡੀ ਕਾਰ ਰੁਕੀ ਤਾਂ ਕੁਛ ਅਫਰੀਕਾ ਦੇ ਆਦਿ ਵਾਸੀ ਕਾਲੇ ਰੰਗ ਦੇ ਗਰੀਬ ਬੱਚੇ ਆ ਗਏ। ਦਰਅਸਲ ਉਹ ਮੰਗ ਰਹੇ ਸਨ ਕੋਈ ਵੀ ਚੀਜ਼ ਪੈਸਾ ਜਾਂ ਕੋਈ ਖਾਣ ਵਾਲੀ ਚੀਜ਼ ਪਰ ਜਾਂਦਿਆਂ ਜਾਂਦਿਆਂ ਜਿਹੜੀ ਗਲ ਉਹਨਾਂ ਕਹੀ ਉਸ ਨੇ ਤਾਂ ਸਾਡੇ ਪੈਰਾਂ ਥਲਿਓਂ ਜ਼ਮੀਨ ਹਿਲਾ ਦਿੱਤੀ। ਉਹ ਸੀ ਅਜਕਲ੍ਹ ਦੀ ਨਾ ਮੁਰਾਦ ਬੀਮਾਰੀ ਏਡਜ਼ ਬਾਰੇ ਅਤੇ ਇਸ ਦੇ ਬਚਣ ਬਾਰੇ ਟਿਪਣੀ ਸੀ। ਛੋਟੇ ਬੱਚਿਆਂ ਦੇ ਮੂੰਹੋਂ ਗਲ ਸੁਣ ਕੇ ਹੈਰਾਨੀ ਹੋਈ। ਪਤਾ ਲਗਾ ਕਿ ਇਸ ਮੁਲਕ ਵਿਚ ਤਾਂ ਇਹ ਬਹੁਤ ਵਿਆਪਕ ਹੈ। ਅਸੀਂ ਹਰੀ ਬੱਤੀ ਹੋਣ ਤੇ ਅੱਗੇ ਚਲੇ ਗਏ, ਪਰ ਮਨ ਵਿਚ ਇਕ ਪ੍ਰਸ਼ਨ ਬਣਿਆ ਰਿਹਾ। ਜਿਥੋਂ ਤਕ ਕੇਪਟਾਊਨ ਸ਼ਹਿਰ ਦੀ ਇਸ ਪ੍ਰਥਮ ਯਾਤਰਾ ਦਾ ਸੰਬੰਧ ਸੀ ਇਥੋਂ ਦੀਆਂ ਸੜਕਾਂ ਸਫਾਈ ਅਤੇ ਸ਼ਾਂਤੀ ਦਾ ਮਨ ਤੇ ਪ੍ਰਭਾਵ ਪਿਆ, ਪਰ ਦੂਸਰਾ ਪਹਿਲੂ ਬਹੁਤ ਭਿਆਨਕ ਸੀ ਅਤੇ ਸਾਡੀ ਗੱਡੀ ਗੁੱਡ ਹੋਪ ਸੈਂਟਰ ਦੇ ਸਾਹਮਣੇ ਜਾ ਖੜ੍ਹੀ ਹੋਈ।

ਇਸ ਇਮਾਰਤ ਦੇ ਉਤੇ ਬਣੇ ਗੋਲਾਕਾਰ ਗੁਬੰਦ ਵਰਗੀ ਛੱਤ ਦੂਰੋਂ ਹੀ ਦਿਸ ਪਈ ਸੀ। ਇਹ ਇਥੋਂ ਦਾ ਮੁੱਖ ਸਮਾਗਮ ਅਸਥਾਨ ਸੀ। ਪਾਰਲੀਮੈਂਟ ਦੇ ਦਫ਼ਤਰ ਅਤੇ ਪ੍ਰੈਸ ਸੈਂਟਰ ਤਾਂ ਹੋਰ ਥਾਂ ਸੀ। ਪਰ ਸਮਾਗਮਾਂ ਦਾ ਮੁੱਖ ਕੇਂਦਰ ਇਹ ਹੀ ਸੀ। ਬਹੁਤ ਸਾਰੀਆਂ ਪੌੜੀਆਂ ਚੜ੍ਹ ਕੇ ਅਸੀਂ ਇਸ ਦੇ ਪਰਵੇਸ਼ ਦੁਆਰ ਤੇ ਪੁੱਜੇ ਤਾਂ ਇਥੇ ਖੜ੍ਹੇ ਸਕਿਓਰਟੀ ਵਾਲੇ ਅਧਿਕਾਰੀਆਂ ਨੇ ਸਾਡੀ ਫੋਲਾ ਫਲਾਈ ਕਰ ਚੈਕਿੰਗ ਕੀਤੀ। ਹੱਥ ਵਾਲੇ ਥੈਗਾਂ ਦਾ ਹੱਥ ਨਾਲ ਵੀ ਅਧਿਐਨ ਕੀਤਾ ਅਤੇ ਮਸ਼ੀਨ ਰਾਹੀਂ ਵੀ। ਇਹ ਚੈਕਿੰਗ ਕਰਨ ਵਾਲੇ ਤਕਰੀਬਨ ਸਾਰੇ ਹੀ ਅਫਰੀਕਨ ਮੁੰਡੇ ਕੁੜੀਆਂ ਸਾਊਥ ਅਫਰੀਕਾ ਪੁਲੀਸ ਦੇ


Sri Satguru Jagjit Singh Ji eLibrary NamdhariElibrary@gmail.com

ਕਰਮਚਾਰੀ ਸਨ। ਇਹ ਚੈਕਿੰਗ ਬਾਅਦ ਵਿਚ ਵੀ ਜਿੰਨੀ ਵਾਰੀ ਵੀ ਪ੍ਰਵੇਸ਼ ਕਰੋ ਹੁੰਦੀ ਸੀ ਭਾਵੇਂ ਬਾਅਦ ਵਿਚ ਸਾਡੇ ਵਾਸਤੇ ਨਰਮੀ ਵਰਤੀ ਜਾਣ ਲਗ ਪਈ ਸੀ। ਬਾਹਰ ਨਿਕਲਣ ਵਾਸਤੇ ਵੱਖਰਾ ਰਸਤਾ ਸੀ। ਇਹ ਗੁਡ ਹੋਪ ਸੈਂਟਰ ਬਹੁਤ ਵੱਡਾ ਪਰੀਸਰ ਸੀ। ਇਥੇ ਅੰਦਰ ਪ੍ਰਵੇਸ਼ ਕਰਦਿਆਂ ਵੱਡੀ ਸਾਰੀ ਲਾਬੀ ਸੀ। ਜਿਸ ਦੇ ਵਿਚਕਾਰ ਇਕ ਆਦਮ ਕਦ ਪੇਂਟਿੰਗ ਸੁਆਮੀ ਵਿਵੇਕਾਨੰਦ ਜੀ ਦੀ ਸਸ਼ੋਭਿਤ ਸੀ। ਸੁਆਮੀ ਵਿਵੇਕਾਨੰਦ ਅੱਜ ਤੋਂ ਇਕ ਸੌ ਛੇ ਸਾਲ ਪਹਿਲਾਂ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿਚ ਸੰਨ ੧੮੯੩ ਨੂੰ ਹੋਈ ਪਹਿਲੀ ਪਾਰਲੀਮੈਂਟ ਵਿਚ ਛਾਏ ਰਹੇ ਸਨ। ਗੁਡ ਹੋਪ ਸੈਂਟਰ ਵਿਚ ਵੱਖ ਵੱਖ ਧਰਮਾਂ ਵਾਲਿਆਂ ਦੇ ਸਟਾਲ ਲੱਗੇ ਹੋਏ ਸਨ। ਅੰਦਰ ਜੋ ਮੁਖ ਹਾਲ ਸੀ ਉਹ ਦਰ ਅਸਲ ਇਕ ਛੋਟਿਆ ਸਟੇਡੀਅਮ ਸੀ। ਆਲੇ ਦੁਆਲੇ ਬੈਠਣ ਨੂੰ ਪੌੜੀਆਂ ਵਿਚਕਾਰ ਖਾਲੀ ਜਗ੍ਹਾ ਤੇ ਕੁਰਸੀਆਂ ਸਮਾਗਮ ਲਈ ਰੱਖੀਆਂ ਹੋਈਆਂ ਸਨ। ਇਕ ਵੱਡੀ ਸਟੇਜ ਇਕ ਪਾਸੇ ਰੰਗ ਬਰੰਗੀ ਸਜੀ ਸਜਾਈ ਦਿਸ ਰਹੀ ਸੀ। ਲਾਈਟਾਂ ਦਾ ਪ੍ਰਬੰਧ ਕਮਾਲ ਦਾ ਸੀ। ਰੰਗ ਬਰੰਗੀਆਂ ਰੌਸ਼ਨੀਆਂ ਨਾਲ ਸਟੇਜ ਪਿਛਲੇ ਪਰਦੇ ਤੇ ਰੰਗਦਾਰ ਪੈਟਰਨ ਬਣਦੇ ਸਨ। ਸਪੀਕਰਾਂ, ਮਾਈਕਰੋਫੋਨਾਂ ਦਾ ਆਧੁਨਿਕ ਪ੍ਰਬੰਧ ਸੀ।

ਇਥੇ ਦੁਨੀਆਂ ਦੇ ਮਨੁੱਖਾਂ ਦੇ ਵੱਖ-ਵੱਖ ਸਰੂਪ ਵੇਖਣ ਨੂੰ ਮਿਲੇ। ਰੰਗ ਬਰੰਗੀਆਂ ਵੱਖ-ਵੱਖ ਪੁਸ਼ਾਕਾਂ ਵਾਲੇ, ਗੋਰੇ, ਕਾਲੇ, ਭੂਰੇ, ਅਮਰੀਕਾ, ਅਫਰੀਕਾ, ਏਸ਼ੀਆ, ਅਸਟਰੇਲੀਆ, ਯੂਰਪ ਦੇ ਲੋਕ ਮਰਦ ਔਰਤਾਂ ਕੁੜੀਆਂ ਮੁੰਡੇ। ਈਸਾਈਆਂ ਦੇ ਕਈ ਫਿਰਕਿਆਂ ਦੇ ਲੋਗ, ਮੁਸਲਮਾਨਾਂ ਦੇ ਵੱਖ-ਵੱਖ ਫਿਰਕੇ, ਸੂਫੀ ਲੋਕ, ਅਰਬ ਵਿਚੋਂ ਈਰਾਨ ਵਿਚੋਂ ਆਏ ਲੰਮੇ ਚੋਗਿਆਂ ਵਾਲੇ ਤੇ ਲੰਮੇ ਕਦ ਵਾਲੇ ਲੋਕ, ਖਾਦੀ ਦੇ ਚਿਟੇ ਕਪੜੇ ਭਗਵੇ ਕਪੜੇ ਅਤੇ ਧੋਤੀਆਂ ਲਾ ਕੇ ਫਿਰਦੇ ਗੋਰੇ। ਅਫਰੀਕਾ ਦੇ ਆਦਿ ਵਾਸੀ ਕਾਲੇ ਲੋਕ। ਯਹੂਦੀ, ਕਰਿਸਚਨ, ਹਿੰਦੂ, ਜੈਨ, ਮੁਸਲਿਮ, ਬ੍ਰਹਮ ਕੁਮਾਰੀਆ, ਬਹਾਈ, ਜ਼ੋਰਸਟਰੀਅਨ ਧਰਮਾਂ ਦੇ ਆਪਣੇ ਆਪਣੇ ਸਟਾਲ ਵੀ ਲਾਏ ਹੋਏ ਸਨ। ਗੋਰੇ ਹਿੰਦੂ, ਕ੍ਰਿਸ਼ਨ ਭਗਤ ਜੋਸ਼ ਨਾਲ ਹਿੱਸਾ ਲੈ ਰਹੇ ਸਨ। ਉਹ ਬਹੁਤ ਨਮਾਇਆਂ ਰੂਪ ਵਿੱਚ ਵਿਚਰ ਰਹੇ ਸਨ। ਉਹਨਾਂ ਦਾ ਵੱਖਰਾ ਸਟਾਲ ਸੀ ਜਿਥੇ ਪੁਸਤਕਾਂ ਅਤੇ ਹੋਰ ਧਾਰਮਿਕ ਸਾਮਗਰੀ ਉਪਲਭਧ ਸੀ। ਇਹਨਾਂ (ਹਰੇ ਰਾਮਾ ਹਰੇ ਕ੍ਰਿਸ਼ਨਾ ਵਾਲਿਆਂ) ਇਕ ਬਹੁਤ ਵਧੀਆ ਕੰਮ ਕੀਤਾ ਸੀ। ਇਥੇ ਭੋਜਨਾਲਿਆ ਖੋਹਲਿਆ ਸੀ। ਇਥੇ ਬਹੁਤ ਵਾਜਬ ਭਾਅ ਤੇ ਭੋਜਨ ਮਿਲਦਾ ਸੀ। ਚਾਵਲ, ਫੁਲਕੇ, ਦਾਲ, ਸਬਜੀ, ਦਹੀ, ਲੱਸੀ, ਆਯੁਰਵੈਦਿਕ ਚਾਹ (ਚਾਹ tea ਨਹੀਂ) ਜੂਸ, ਭਾਰਤੀ ਮਠਿਆਈ, ਲੱਡੂ, ਬਰਫ਼ੀ, ਪਾਪੜ, ਚਟਨੀ, ਸਲਾਦ ਸਾਰਾ ਕੁਝ ਹੀ ਸ਼ੁੱਧ ਵੈਸ਼ਨੋ ਸੀ। ਇਥੇ ਹੋਰ ਵੀ ਬਹੁਤ ਸਾਰੇ ਛਕਣ ਪਦਾਰਥਾਂ ਦੀਆਂ ਦੁਕਾਨਾਂ ਖੁੱਲ੍ਹੀਆਂ ਹੋਈਆਂ ਸਨ, ਚਾਹ, ਕਾਫੀ, ਅੰਗਰੇਜ਼ੀ ਫਾਸਟ ਫੂਡ ਤੇ ਪੀਣ ਪਦਾਰਥ ਜੂਸ, ਕੋਕਾ ਕੋਲਾ ਆਦਿ। ਅਸੀਂ ਦਾਅਵੇ ਨਾਲ ਤਾਂ ਨਹੀਂ ਕਹਿ ਸਕਦੇ, ਪਰ ਮਾਸ ਸ਼ਰਾਬ ਦੀਆਂ ਦੁਕਾਨਾਂ ਸਾਡੇ ਨਜ਼ਰੀਂ ਨਹੀਂ ਪਈਆਂ ਸਾਰਾ ਕੁਝ ਵੇਖ ਕੇ ਅਸੀਂ ਆਪਣੇ ਆਪ ਨੂੰ ਇਕ ਨਵੇਂ ਮਾਹੌਲ ਵਿਚ ਮਹਿਸੂਸ ਕੀਤਾ। ਕਲ੍ਹ ਤੋਂ ਲੈ ਕੇ ਸਫ਼ਰ ਦੀ ਭੰਨ ਕੁਝ ਤਾਂ ਆਰਾਮ ਕਰਨ ਨਾਲ ਕੁਝ ਇਥੇ ਵਿਚਰਨ ਨਾਲ ਦੂਰ ਹੋ ਗਈ। ਇਥੋਂ ਕੁਝ ਸਿੱਖਾਂ ਦੇ ਵੀ ਦਰਸ਼ਨ ਹੋਏ, ਜੋ ਬਹੁਤ ਪ੍ਰੇਮ ਨਾਲ ਮਿਲੇ। ਇਹ ਸ਼ਿਕਾਗੋ ਅਮਰੀਕਾ ਤੋਂ ਆਏ ਸਨ। ਬਾਅਦ ਵਿਚ ਪਤਾ ਲਗਾ ਕਿ ਇਹ ਇਸ ਪਾਰਲੀਮੈਂਟ ਵਿਚ ਪ੍ਰਮੁੱਖ ਅਹੁਦੇਦਾਰਾਂ ਵਿਚੋਂ ਸਨ। ਉਹ ਸਾਨੂੰ ਬਹੁਤ ਪ੍ਰੇਮ ਨਾਲ ਮਿਲੇ। ਕੁਝ ਤਾਂ ਹੰਸਪਾਲ ਜੀ ਨੂੰ ਜ਼ਾਤੀ ਤੌਰ ਤੇ ਜਾਣਦੇ ਸਨ। ਇਹਨਾਂ ਪੰਜਾਬੀ ਗੁਰਸਿੱਖਾਂ ਨੂੰ ਮਿਲ ਕੇ ਅਤੇ ਪੰਜਾਬੀ ਵਿਚ ਗਲ ਕਰਕੇ ਬਹੁਤ ਪ੍ਰਸੰਨਤਾ ਹੋਈ। ਪ੍ਰਸੰਨਤਾ ਹੋਰ ਵੀ ਦੂਣ ਸਵਾਈ ਹੋ ਗਈ ਜਦੋਂ ਸਾਨੂੰ ਇਕ ਹੋਰ ਨਾਮਧਾਰੀ ਪਗੜੀ ਦਿਸੀ, ਬਲਕਿ ਨਾਮਧਾਰੀ ਜੋੜੀ ਹੀ ਮਿਲ ਗਈ। ਇਹ ਸਨ ਇੰਗਲੈਂਡ ਤੋਂ ਆਏ ਸ. ਅਜੀਤ ਸਿੰਘ ਅਤੇ ਬੀਬੀ ਚਰਨਜੀਤ ਕੌਰ ਦੀ ਜੋੜੀ। ਅਜੀਤ ਸਿੰਘ ਤਾਂ ਕਿੱਤੇ ਵਜੋਂ ਆਰਕੀਟੈਕਟ ਹਨ ਅਤੇ ਚਰਨਜੀਤ ਕੌਰ ਅਧਿਆਪਨ ਦਾ ਕਾਰਜ ਕਰਦੇ ਰਹੇ ਹਨ। ਬੀਬੀ ਚਰਨਜੀਤ ਨੇ ਪੰਜਾਬ ਯੂਨੀਵਰਸਿਟੀ ਵਿਚੋਂ ਇਤਿਹਾਸ ਦੀ ਐਮ. ਏ. ਵਿਚ ਸਿਖਰਲਾ ਸਥਾਨ ਪ੍ਰਾਪਤ ਕਰਕੇ ਸੋਨੇ ਦਾ ਮੈਡਲ ਵੀ ਪ੍ਰਾਪਤ ਕੀਤਾ ਸੀ। ਚੰਡੀਗੜ੍ਹ ਦੇ ਪ੍ਰਸਿੱਧ ਨਾਮਧਾਰੀ ਜੋ ਪੰਜਾਬ ਲੋਕ ਸੰਪਰਕ ਵਿਭਾਗ ਵਿਚ ਕੰਮ ਕਰਦੇ ਰਹੇ ਸਨ ਸ. ਤੀਰਥ ਸਿੰਘ ਹੰਸਪਾਲ ਦੀ ਸਪੁੱਤਰੀ ਹਨ। ਵਿਆਹ ਬਾਅਦ ਇਹ ਜੋੜੀ ਇੰਗਲੈਂਡ ਚਲੀ ਗਈ ਸੀ। ਬੀਬੀ ਚਰਨਜੀਤ ਨੇ ਉਥੇ ਵੀ ਆਪਣੇ ਮਹਿਕਮੇ ਵਿਚ ਆਗੂ ਰੋਲ ਅਦਾ ਕੀਤਾ। ਸਮਾਜਕ ਕੰਮਾਂ ਵਿਚ ਅਤੇ ਧਰਮਾਂ ਅਤੇ ਜਾਤਾਂ ਫਿਰਕਿਆਂ ਵਿਚ ਮੇਲ ਮਿਲਾਪ ਵਾਲੀਆਂ ਸੰਸਥਾਵਾਂ ਵਿਚ ਸਦਾ ਸਰਗਰਮ ਰਹੇ ਹਨ। ਇਸ ਧਰਮਾਂ ਦੀ ਪਾਰਲੀਮੈਂਟ ਨਾਲ ਵੀ ਲੰਮੇ ਸਮੇਂ ਤੋਂ ਜੁੜੇ ਹਨ ਅਤੇ ਇਸ ਦੀ ਕਾਰਜ ਵਿਧੀ ਅਤੇ ਇਸ ਨਾਲ ਸੰਬੰਧਤ ਸ਼ਖਸੀਅਤਾਂ ਬਾਰੇ ਇਹਨਾਂ ਨੂੰ ਭਰਪੂਰ ਜਾਣਕਾਰੀ ਸੀ। ਬੀਬੀ ਚਰਨਜੀਤ ਦਾ ਇਕ ਸੈਸ਼ਨ ਵਿਚ ਭਾਸ਼ਨ ਵੀ ਹੋਇਆ ਅਤੇ ਪਾਰਲੀਮੈਂਟ ਦੀ ਕਾਰਵਾਈ ਸਵਾਲਾਂ ਜਵਾਬਾਂ ਵਿਚ ਵੀ ਸਰਗਰਮੀ ਨਾਲ ਭਾਗ ਲਿਆ। ਇਹ ਜੋੜੀ ਇਕ ਵਾਰ ਅੱਗੇ ਵੀ ਕੇਪ ਟਾਊਨ ਵਿਚ ਛੁਟੀਆਂ ਦੇ ਦਿਨਾਂ ਵਿਚ ਸੈਰ ਵਾਸਤੇ ਫੇਰਾ ਪਾ ਗਈ ਸੀ ਅਤੇ ਸਥਾਨਕ ਮਿਤਰ ਮੰਡਲ ਦਾ ਘੇਰਾ ਵੀ ਇਹਨਾਂ ਦਾ ਵਿਸ਼ਾਲ ਸੀ।

ਸ਼ਿਕਾਗੋ ਵਾਲੇ ਸਿੰਘਾਂ ਨੇ ਦੱਸਿਆ ਕਿ ਅਸੀਂ ਇੰਜਨੀਅਰਿੰਗ ਕਾਲਜ ਵਾਲੀ ਬਿਲਡਿੰਗ ਦੇ ਕਮਰਾ ਨੰਬਰ ੪੨੮ ਵਿਚ ਗੁਰਦੁਆਰਾ ਸਾਹਿਬ ਸਥਾਪਤ ਕੀਤਾ ਹੈ ਅਤੇ


Sri Satguru Jagjit Singh Ji eLibrary NamdhariElibrary@gmail.com

ਸਵੇਰੇ ਪਹਿਲਾਂ ਉਥੇ ਨਿਤਨੇਮ ਕਰਦੇ ਹਾਂ। ਉਹਨਾਂ ਉਥੇ ਪਧਾਰਨ ਵਾਸਤੇ ਸਾਨੂੰ ਸੱਦਾ ਅਤੇ ਸੂਚਨਾ ਦਿੱਤੀ। ਇਥੇ ਹੀ ਪਤਾ ਲਗ ਗਿਆ ਕਿ ਸਿੰਘ ਸਾਹਿਬ ਯੋਗੀ ਹਰਭਜਨ ਸਿੰਘ ਜੀ ਵੀ ਆਪਣੇ ਸੇਵਕ ਜੱਥੇ ਨਾਲ ਪੁੱਜ ਚੁੱਕੇ ਹਨ। ਉਹਨਾਂ ਦੇ ਇਕ ਦੋ ਸੇਵਕ ਮਿਲੇ ਵੀ। ਅਗਲੇ ਦਿਨ ੩ ਦਸੰਬਰ ਨੂੰ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਕੇ ਅਸੀਂ ਸਭ ਨੇ ਨਾਮ ਸਿਮਰਨ ਕੀਤਾ ਅਤੇ ਬਾਅਦ ਵਿਚ ਅਨੇਕ ਪ੍ਰਕਾਰ ਕੇ ਫਲਾਂ ਨਾਲ, ਜੂਸ ਨਾਲ, ਦੁੱਧ, ਮੱਖਣ, ਡਬਲ ਰੋਟੀ ਆਦਿ ਆਪਣੀ ਲੋੜ ਅਨੁਸਾਰ ਤਕੜਾ ਨਾਸ਼ਤਾ ਕਰਕੇ ਬਕਾਇਦਾ ਅੱਜ ਸਾਰਾ ਦਿਨ ਪਾਰਲੀਮੈਂਟ ਦੇ ਲੇਖੇ ਲਾਉਣ ਲਈ ਨਿਕਲੇ।

ਸੂਬਾ ਸਤਨਾਮ ਸਿੰਘ, ਪ੍ਰਧਾਨ ਸਤਵੰਤ ਸਿੰਘ ਪਾਲਰੇ ਹੁਣੀਂ ਸਾਨੂੰ ਟੈਕਨੀਕੋਨ ਕੰਪਲੈਕਸ ਦੇ ਸਾਹਮਣੇ ਉਤਾਰ ਕੇ ਹੋਰ ਪ੍ਰਬੰਧਕੀ ਕਾਰਜਾਂ ਵਾਸਤੇ ਚਲੇ ਗਏ ਅਤੇ ਅਸੀਂ ਲਭ ਲਭਾ ਕੇ ਕਮਰਾ ਨੰਬਰ ੪੨੯ ਵਿਚ ਪੁੱਜੇ।

ਇਹ ਟੈਕਨੀਕੋਨ ਦੀ ਇਮਾਰਤ ਇਨਜੀਨਰਿੰਗ ਕਾਲਜ ਸੀ। ਇਥੋਂ ਦੇ ਬਹੁਤ ਸਾਰੇ ਲੈਕਚਰ ਹਾਲ ਪਾਰਲੀਮੈਂਟ ਦੇ ਲੈਕਚਰ ਹਾਲ ਸਨ। ਜਿਥੇ ਇਕੋ ਸਮੇਂ ਹੀ ਕਿੰਨੇ ਹੀ ਭਾਸ਼ਨ ਹੋ ਸਕਦੇ ਸਨ। ਇਸੇ ਤਰ੍ਹਾਂ ਹੋਰ ਬਹੁਤ ਸਾਰੀਆਂ ਸੰਸਥਾਵਾਂ ਦੇ ਹਾਲ ਕਮਰਿਆਂ ਵਿਚ ਕਾਰਜ ਨਿਸ਼ਚਿਤ ਸਨ। ਕੇਪ ਟਾਊਨ ਵਿਚ ਅਜਿਹੇ ਸਥਾਨਾਂ ਦੀ ਕੋਈ ਘਾਟ ਨਹੀਂ ਸੀ ਇਹ ਸ਼ਹਿਰ ਇਸ ਕਰਕੇ ਵੀ ਚੁਣਿਆ ਗਿਆ ਸੀ।

ਅਸੀਂ ਸ਼ਾਇਦ ਕੁਝ ਸਮਾਂ ਪਹਿਲਾਂ ਪੁੱਜ ਗਏ ਸੀ। ਫੇਰ ਹੋਰ ਸਿੰਘ ਵੀ ਆ ਗਏ। ਇਹ ਸਜਨ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਅਮਰੀਕਾ ਤੋਂ ਲੈ ਕੇ ਆਏ ਸੀ। ਸਭ ਕੁਝ ਫੋਲਡਿੰਗ। ਨਟ ਬੋਲਟ ਕਸ ਕੇ ਪਾਲਕੀ ਸਜਾਈ ਗਈ। ਨਿਸ਼ਾਨ ਸਾਹਿਬ ਵੀ ਅੰਦਰ ਹੀ ਲਾਇਆ ਗਿਆ। ਕੁਝ ਸਮਾਂ ਫੇਰ ਗੁਰਬਾਣੀ ਦਾ ਪਾਠ ਹੋਇਆ। ਸ. ਸੰਗਤ ਸਿੰਘ ਹੋਰਾਂ ਹਾਰਮੋਨੀਅਮ ਨਾਲ ਕੀਰਤਨ ਕੀਤਾ। ਵਿਧੀਵਤ ਅਰਦਾਸ ਹੋਈ ਅਤੇ ਸੁੱਕੇ ਮੇਵਿਆਂ ਦਾ ਪ੍ਰਸ਼ਾਦ ਵਰਤਾਇਆ ਗਿਆ। ਉਸ ਤੋਂ ਬਾਅਦ ਧਰਮਾਂ ਦੀ ਪਾਰਲੀਮੈਂਟ ਦੇ ਵੱਖ-ਵੱਖ ਸਮਾਗਮਾਂ ਲਈ ਸਭ ਚਲੇ ਗਏ। ਇਸ ਸਤਿਸੰਗ ਵਿਚ ਮੇਲ ਮਿਲਾਪ ਦਾ ਬੜਾ ਸੁਖਾਵਾਂ ਪ੍ਰਭਾਵ ਪਿਆ।

### ਦਾਦਾ ਵਾਸਵਾਨੀ ਦਾ ਭਾਸ਼ਨ

ਅੱਜ ਦੇ ਸਮਾਗਮਾਂ ਵਿਚੋਂ ਮੁਖ ਆਕਰਸ਼ਨ ਸੀ ਦਾਦਾ ਜੇ. ਪੀ. ਵਾਸਵਾਨੀ ਦਾ ਭਾਸ਼ਨ ਜੋ ਗੁੱਡ ਹੋਪ ਕੇਂਦਰ ਦੇ ਮੁੱਖ ਹਾਲ ਵਿਚ ਹੋਣਾ ਸੀ। ਇਸ ਦਾ ਵਿਸ਼ਾ ਸੀ ("How to meet the challanges of life.") ਜੀਵਨ ਦੀਆਂ ਵੰਗਾਰਾਂ ਦਾ ਸਾਹਮਣਾ ਕਿਵੇਂ ਕਰਨਾ ਹੈ।

ਦਾਦਾ ਵਾਸਵਾਨੀ ਬਹੁਤ ਵਿਦਵਾਨ ਹਨ। ਸਾਧੂ ਟੀ ਐਨ ਵਾਸਵਾਨੀ ਮਿਸ਼ਨ ਦੇ ਪ੍ਰਧਾਨ ਹਨ। ਫਿਲਾਸਫ਼ਰ, ਮਾਨਵਵਾਦੀ, ਅਧਿਆਪਕ ਸੰਤ ਹਨ। ਅੰਗਰੇਜ਼ੀ, ਹਿੰਦੀ, ਸਿੰਧੀ ਤੇ ਉਹਨਾਂ ਨੂੰ ਅਬੂਰ ਹਾਸਲ ਹੈ। ਇਥੇ ਸਾਰੇ ਬੁਲਾਰੇ ਅੰਗਰੇਜ਼ੀ ਵਿਚ ਹੀ ਬੋਲ ਰਹੇ ਸਨ। ਵਾਸਵਾਨੀ ਵੀ ਅੰਗਰੇਜ਼ੀ ਵਿਚ ਬੋਲੇ। ਉਹਨਾਂ ਨੂੰ ਸੁਨਣ ਵਾਸਤੇ ਭਾਰੀ ਹਾਜ਼ਰੀ ਸੀ। ਉਹ ਆਪ ਇਕ ਕੁਰਸੀ ਤੇ ਸ਼ਸ਼ੋਭਿਤ ਸਨ ਅਤੇ ਸ੍ਰੋਤੇ ਤਾਂ ਇਥੇ ਹਮੇਸ਼ਾ ਕੁਰਸੀਆਂ ਤੇ ਹੀ ਹੁੰਦੇ ਸਨ। ਦਾਦਾ ਵਾਸਵਾਨੀ ਪਤਲੇ, ਛੋਟੇ ਕਦ ਦੇ ਬਜ਼ੁਰਗ ਸਨ ਉਹਨਾਂ ਆਪਣੇ ਭਾਸ਼ਨ ਵਿਚ ਛੇਤੀ ਹੀ ਲੋਕਾਂ ਨੂੰ ਜੋੜ ਲਿਆ। ਭਾਸ਼ਨ ਵਿਚ ਫਲਸਫਾ ਵੀ ਸੀ, ਉਪਦੇਸ਼ ਵੀ ਸੀ, ਵਿਦਵਤਾ ਵੀ ਗੰਭੀਰਤਾ ਵੀ ਅਤੇ ਮਾਹੌਲ ਨੂੰ ਬਦਲਣ ਵਾਸਤੇ ਬਾਰੀਕ ਹਾਸ ਰਸ ਵੀ ਸਨ। ਉਹਨਾਂ ਕਿਹਾ ਕਿ ਸਮਸਿਆਵਾਂ ਜੀਵਨ ਦਾ ਹਿੱਸਾ ਹਨ। ਸਾਇੰਸ ਨੇ ਮਨੁੱਖ ਦੇ ਅਹੰਕਾਰ ਨੂੰ ਫੁਲਾ ਦਿਤਾ ਹੈ। ਸਭਿਅਤਾ ਬਿਮਾਰ ਹੋ ਗਈ ਹੈ। ਤਾਕਤ ਦੀ ਲਾਲਸਾ, ਸੋਨੇ ਦੇ ਲਾਲਚ, ਜਾਇਦਾਦਾਂ ਦੀ ਹਵਸ ਨੇ ਮਨੁੱਖ ਦੇ ਦੁੱਖਾਂ ਨੂੰ ਵਧਾਇਆ ਹੀ ਹੈ। ਕਬਰਸਤਾਨ ਵਿਚ ਸਮਸਿਆ ਨਹੀਂ ਹੋਵੇਗੀ, ਪਰ ਜ਼ਿੰਦਗੀ ਦੀ ਵੰਗਾਰਾਂ ਦਾ ਇਸ ਵਿਸ਼ਵਾਸ ਨਾਲ ਸਾਹਮਣਾ ਕਰੋ ਕਿ ਤੁਸੀਂ ਇਕੱਲੇ ਨਹੀਂ ਹੋ ਪ੍ਰਮਾਤਮਾ ਤੁਹਾਡੇ ਨਾਲ ਹੈ। ਆਪਣੇ ਜੀਵਨ ਨੂੰ ਇਕ ਬੱਚੇ ਦੇ ਵਿਸ਼ਵਾਸ ਵਾਂਗ ਪ੍ਰਮਾਤਮਾ ਨੂੰ ਸਮਰਪਿਤ ਕਰ ਦਿਓ। ਪਰਮ ਪਿਤਾ ਪ੍ਰਮਾਤਮਾ ਹੀ ਤਾਕਤ ਦਾ ਸ੍ਰੋਤ ਹੈ। ਸਾਰੇ ਧਰਮਾਂ ਵਾਲੇ ਅਰਦਾਸ ਵਿਚ ਰੱਬ ਨੂੰ ਮਾਤਾ ਪਿਤਾ ਆਖਦੇ ਹਨ। ਪਰ ਕੀ ਜ਼ਿੰਦਗੀ ਵਿਚ ਅਸੀਂ ਬੱਚੇ ਵਾਂਗ ਰਹਿੰਦੇ ਹਾਂ? ਬੱਚੇ ਵਾਂਗ ਰਹੋ ਅਤੇ ਸਾਰਾ ਭਾਰ ਪ੍ਰਮਾਤਮਾ ਨੂੰ ਸੌਂਪ ਦਿਓ। ਉ... ਪ੍ਰਮਾਣ ਦਿੰਦਿਆਂ ਕਿਹਾ ਕਿ ਜਿਵੇਂ ਰੇਲ ਦਾ ਸਾਰਾ ਭਾਰ ਇੰਜਨ ਚੁੱਕਦਾ ਹੈ, ਇਵੇਂ ਸਾਰੇ ਬ੍ਰਹਮੰਡ ਦਾ ਭਾਰ ਪ੍ਰਮਾਤਮਾ ਚੁੱਕਦਾ ਹੈ। ਤੁਸੀਂ ਆਪਣਾ ਭਾਰ ਸੁੱਟ ਦਿਓ ਪ੍ਰਮਾਤਮਾ ਤੇ ਹੀ। ਬੱਚੇ ਤੋਂ ਭਾਰ ਨਾ ਚੁੱਕਿਆ ਗਿਆ ਤਾਂ ਉਸ ਨੇ ਸਿਰਫ ਬਾਪ ਨੂੰ ਕਿਹਾ ਤਾਂ ਉਹਦਾ ਭਾਰ ਬਾਪ ਨੇ ਚੁੱਕਿਆ। ਇਸ ਗਲ ਤੇ ਉਹਨਾਂ ਅਨੇਕਾਂ ਪ੍ਰਮਾਣ ਦਿੱਤੇ। ਅਸਾਂ ਸਿਰਫ ਇਹ ਹੀ ਕਰਨਾ ਹੈ ਕਿ ਆਪਣੇ ਪਿਤਾ ਪ੍ਰਮੇਸ਼ਰ ਨੂੰ ਕਹਿਣਾ ਹੀ ਹੈ ਕਿ ਆ ਜਾਓ। ਪ੍ਰਮਾਤਮਾ ਨਾਲ ਕਿਸੇ ਕਿਸਮ ਦਾ ਸੰਬੰਧ ਪ੍ਰਫੁਲਤ ਕਰੋ। ਦਾਦਾ ਵਾਸਵਾਨੀ ਨੇ ਆਪਣੇ ਪ੍ਰਵਚਨ ਨੂੰ ਕੁਝ ਹੋਰ ਨੁਕਤਿਆਂ ਕੁਝ ਨੁਸਖਿਆਂ ਰਾਹੀਂ ਜਾਰੀ ਰਖਿਆ।

— ਦੂਸਰਿਆਂ ਦੀ ਮਦਦ ਕਰੋ।

— ਚੁੱਪ ਰਹਿਣ ਦਾ ਅਭਿਆਸ ਕਰੋ। ਚੁੱਪ ਵਗਦੇ ਦਰਿਆ ਵਾਂਗ ਹੈ ਇਹ ਕਈ ਦੋਸ਼ਾਂ ਨੂੰ ਸਾਫ਼ ਕਰਦੀ ਹੈ। ਇਸ ਚੁੱਪ ਨਾਲ ਰੋਜ਼ਾਨਾ ਮੁਲਾਕਾਤ ਰੱਬ ਨਾਲ ਕਰੋ। ਚੁੱਪ ਨਾਲ ਬੈਠਣਾ ਬਹੁਤ ਕਮਾਲ ਦੀ ਗਲ ਹੈ। ਅਰਦਾਸ ਗੁੰਝਲਦਾਰ ਨਹੀਂ ਇਹ ਬਹੁਤ ਆਸਾਨ ਹੈ। ਉਹ (ਪ੍ਰਮਾਤਮਾ) ਤੋਂ ਆਪਣੀਆਂ ਸਮੱਸਿਆਵਾਂ ਪੁੱਛੋ ਜਦੋਂ ਸਾਰੇ ਮਿੱਤਰ ਸਾਥ ਛੱਡ ਜਾਣ ਇਹ



Sri Satguru Jagjit Singh Ji eLibrary NamdhariElibrary@gmail.com

ਮਿੱਤਰ ਰਹਿੰਦਾ ਹੈ। ਆਦਮੀ ਨੇ ਬਹੁਤ ਕੁਝ ਲੱਭਿਆ ਹੈ, ਪਰ ਆਪਣਾ ਆਪ ਗਵਾ ਲਿਆ ਹੈ।

— ਸਦਾ ਇਸ ਅਹਿਸਾਸ ਨਾਲ ਜੀਉ ਕਿ ਰੱਬ ਮੇਰੇ ਨਾਲ ਹੈ। ਤੁਸੀਂ ਸਭ ਰੱਬ ਦੇ ਬੱਚੇ ਹੋ। ਇਹ ਗਲ ਬਾਰ ਬਾਰ ਦੁਹਰਾਓ।

"ਮੈਂ ਇਕੱਲਾ ਨਹੀਂ ਪ੍ਰਮਾਤਮਾ ਮੇਰੇ ਅੰਗ-ਸੰਗ ਹੈ" ਇਹ ਗਲ ਬਾਰ ਬਾਰ ਦੁਹਰਾਓ।

— ਆਪਣੀ ਪਹੁੰਚ ਉਸਾਰੂ ਬਣਾਓ। ਇਸ ਦੀ ਇਕ ਮਿਸਾਲ : ਤਿੰਨ ਆਦਮੀ ਪੱਥਰ ਕਟ ਰਹੇ ਸਨ। ਇਕ ਨੂੰ ਪੁੱਛਿਆ ਗਿਆ ਕੀ ਕਰ ਰਹੇ ਹੋ? ਉਸ ਉੱਤਰ ਦਿੱਤਾ, 'ਪੱਥਰ ਕੱਟ ਰਿਹਾ ਹਾਂ' ਦੂਜੇ ਨੇ ਜੁਆਬ ਦਿੱਤਾ ਰੋਟੀ ਕਮਾ ਰਿਹਾ ਹਾਂ। ਤੀਸਰੇ ਨੂੰ ਪੁੱਛਿਆ ਉਹਦਾ ਉਤਰ ਸੀ ਕਿ ਮੰਦਰ ਬਣਾਉਣ ਵਿਚ ਮਦਦ ਕਰ ਰਿਹਾ ਹਾਂ।

— ਜੋ ਗਲ ਮਨੁੱਖ ਲਈ ਅਸੰਭਵ ਹੈ ਉਹ ਪ੍ਰਮਾਤਮਾ ਲਈ ਸੰਭਵ ਹੈ। ਤੁਸਾਂ ਇਕ ਵਾਰ ਪ੍ਰਮਾਤਮਾ ਨੂੰ ਸਮਸਿਆ ਸੌਂਪ ਦਿਓ। ਫੇਰ ਬੇਫ਼ਿਕਰ ਹੋ ਜਾਓ।

— ਮੁਸਕਰਾਓ, ਹੱਸੋ! ਪਰ ਦੂਸਰਿਆਂ ਤੇ ਨਾ ਹੱਸੋ। ਆਪਣੇ ਆਪ ਤੇ ਹੱਸੋ! ਇਕ ਔਰਤ ਨੂੰ ਪੁਛਿਆ ਗਿਆ ਕਿ ਤੂੰ ਕਿੰਨਾ ਕੁ ਹੱਸਦੀ ਹੈਂ। ਉਸ ਕਿਹਾ ਕਿ ਵਿਆਹ ਤੋਂ ਬਾਰਾਂ ਮਹੀਨਿਆਂ ਵਿਚ ਤਿੰਨ ਵਾਰ ਹੱਸੀ ਹਾਂ। ..... ਖੂਬ ਹਸਿਆ ਕਰੋ। ਸਾਰਾ ਸਰੀਰ ਹਿਲਣਾ ਚਾਹੀਦਾ ਹੈ। ਇਸ ਮੌਕੇ ਵਾਸਵਾਨੀ ਜੀ ਦੀਆਂ ਹਾਸ ਵਿਅੰਗ ਦੀਆਂ ਗੱਲਾਂ ਸੁਣ ਕੇ ਖੂਬ ਹਾਸਾ ਪਿਆ ਹੋਇਆ ਸੀ। ਇਕ ਬਹੁਤ ਮੋਟਾ ਆਦਮੀ ਸਰੋਤਿਆਂ 'ਚ ਬੈਠਾ ਬਹੁਤ ਹੱਸ ਰਿਹਾ ਸੀ। ਸਾਰਾ ਸਰੀਰ ਹੀ ਹਿਲ ਰਿਹਾ ਸੀ। ਵਾਸਵਾਨੀ ਜੀ ਨੇ ਉਸ ਵੱਲ ਇਸ਼ਾਰਾ ਕਰਕੇ ਕਿਹਾ, ਉਸ ਵਾਂਗ ਹੱਸਿਆ ਕਰੋ। ਹਾਸੇ ਦੇ ਸਮਾਗਮ ਕਰਿਆ ਕਰੋ। ਇਸ ਸਮੇਂ ਦਾਦਾ ਵਾਸਵਾਨੀ ਨੇ ਆਪ ਵੀ ਬਹੁਤ ਸਾਰੇ ਲਤੀਫ਼ੇ ਸੁਣਾਏ। ਇਕ ਪਾਦਰੀ ਨੇ ਇਕ ਬੱਚੇ ਨੂੰ ਟਾਊਨ ਹਾਲ ਦਾ ਰਾਹ ਪੁੱਛਿਆ। ਬੱਚੇ ਨੇ ਕਿਹਾ ਤੁਸੀਂ ਉਥੇ ਕੀ ਕਰਨ ਜਾ ਰਹੇ ਹੋ। ਉਸ ਉਤਰ ਦਿੱਤਾ ਮੈਂ ਉਥੇ ਲੈਕਚਰ ਦੇਣ ਜਾ ਰਿਹਾ ਹਾਂ। ਕਿਸ ਵਿਸ਼ੇ ਤੇ? ....."ਸਵਰਗ ਨੂੰ ਜਾਣ ਦਾ ਮਾਰਗ" ਵਿਸ਼ੇ ਤੇ। ਬੱਚਾ ਕਹਿਣ ਲੱਗਾ ਤੁਹਾਨੂੰ ਟਾਊਨ ਹਾਲ ਦੇ ਰਾਹ ਦਾ ਪਤਾ ਨਹੀਂ ਤੇ ਸਵਰਗ ਦੇ ਰਾਹ ਤੇ ਭਾਸ਼ਨ ਦੇਣ ਜਾ ਰਹੇ ਹੋ? ਲਾਰਡ ਚੈਸਟਰਟਨ ਬਹੁਤ ਮੋਟਾ ਸੀ। ਉਸ ਨੇ ਦੁਬਲੇ ਪਤਲੇ ਜਾਰਜ ਬਰਨਾਰਡ ਸ਼ਾਹ ਨੂੰ ਕਿਹਾ ਕਿ ਤੈਨੂੰ ਵੇਖ ਕੇ ਲੋਗ ਕਹਿਣਗੇ ਕਿ ਇੰਗਲੈਂਡ ਭੁੱਖਾ ਦੇਸ਼ ਹੈ। ਅਗੋਂ ਬਰਨਾਰਡ ਸ਼ਾਹ ਕਹਿਣ ਲੱਗਾ "ਅਤੇ ਤੈਨੂੰ ਵੇਖ ਕੇ ਉਹਨਾਂ ਨੂੰ ਇਸ ਦਾ ਕਾਰਨ ਵੀ ਪਤਾ ਲੱਗ ਜਾਵੇਗਾ।" ਦੋ ਆਦਮੀ ਭੀੜੀ ਗਲੀ ਵਿਚ ਇਕੱਠੇ ਹੋ ਗਏ। ਇਕ ਕਹਿਣ ਲੱਗਾ ਮੈਂ ਮੂਰਖਾਂ ਨੂੰ ਰਾਹ ਨਹੀਂ ਦਿੰਦਾ ਹੁੰਦਾ। ਦੂਸਰਾ ਲਾਂਭੇ ਹੋ ਗਿਆ ਤੇ ਕਹਿਣ ਲੱਗਾ ਕਿ ਮੈਂ ਤਾਂ ਦੇ ਦਿੰਦਾ ਹਾਂ।

— ਦੂਸਰਿਆਂ ਦੀ ਮਦਦ ਕਰੋ। ਇਨਸਾਨ ਦਾ ਧਰਮ ਸੇਵਾ ਦਾ ਧਰਮ ਹੈ। ਮਨੁੱਖ ਦੀ ਸਹੀ ਦੌਲਤ ਹੈ ਜੋ ਉਹ ਦੁਨੀਆ ਦਾ ਭਲਾ ਕਰਦਾ ਹੈ। ਭਲਾਈ ਕਰਦੇ ਹੀ ਜਾਓ। ਪਸ਼ੂ ਤੇ ਪੰਛੀ ਸਾਡੇ ਛੋਟੇ ਭਰਾ ਹਨ।

— ਕਦੀ ਵੀ ਕ੍ਰੋਧ ਨਾ ਕਰੋ। ਦੂਸਰਿਆਂ ਦੀਆਂ ਗਲਤੀਆਂ ਭੁੱਲ ਜਾਵੋ, ਚੰਗਿਆਈਆਂ ਯਾਦ ਰੱਖੋ। ਸਦਾ ਇਹ ਮੰਤਰ ਯਾਦ ਰੱਖੋ—"ਮੈਂ ਇਕੱਲਾ ਨਹੀਂ, ਪ੍ਰਮਾਤਮਾ ਮੇਰੇ ਨਾਲ ਹੈ" ਬਾਰ ਬਾਰ ਇਹ ਦੁਹਰਾਓ।

ਵਾਸਵਾਨੀ ਜੀ ਬਹੁਤ ਪ੍ਰਭਾਸ਼ਾਲੀ ਬੋਲੇ। ਬਹੁਤ ਖੂਬਸੂਰਤੀ ਨਾਲ ਹੱਸ ਹੱਸ ਕੇ। ਉਹਨਾਂ ਸਾਰੀ ਸੰਗਤ ਨੂੰ ਆਪਣੇ ਨਾਲ ਜੋੜ ਲਿਆ ਸੀ। ਅੰਤ ਉਤੇ ਉਹਨਾਂ ਲੋਕਾਂ ਦੀਆਂ ਪੁੱਛਾਂ, ਸੁਆਲਾਂ ਦਾ ਉੱਤਰ ਵੀ ਦਿੱਤਾ। ਗੰਭੀਰ ਅਧਿਆਤਮਕ ਵਿਸ਼ਿਆਂ ਤੇ ਟਿਪਣੀਆਂ ਵੀ ਕੀਤੀਆਂ, ਪਰ ਸਭ ਤੋਂ ਪਹਿਲਾ ਸੁਆਲ ਪੁੱਛਣ ਵਾਲੇ ਨੇ ਕਿ ਜੀ ਤੁਸੀਂ ਇਕ 'Joke. ਲਤੀਫਾ ਹੋਰ ਸੁਣਾ ਦਿਓ।

ਦਾਦਾ ਵਾਸਵਾਨੀ ਨੇ ਫੌਰਨ ਸੁਣਾ ਦਿੱਤਾ। ਇਕ ਆਦਮੀ ਬਾਰ ਬਾਰ ਇਕੋ ਦੁਕਾਨ ਤੋਂ ਚੋਰੀ ਕਰਨ ਦੇ ਇਲਜ਼ਾਮ ਵਿਚ ਫੜਿਆ ਜਾਂਦਾ ਸੀ। ਜੱਜ ਨੇ ਪੁੱਛਿਆ ਤੂੰ ਹਰ ਵਾਰ ਇਕੋ ਥਾਂ ਤੇ ਹੀ ਚੋਰੀ ਕਰਨ ਕਿਉਂ ਜਾਂਦਾ ਹੈ। ਚੋਰ ਦਾ ਉਤਰ ਸੀ ਜੀ ਉਥੇ ਇਹਨਾਂ ਲਿਖ ਕੇ ਰੱਖਿਆ ਹੈ। "ਜੀਓ ਆਇਆਂ ਨੂੰ ਫੇਰ ਵੀ ਆਇਓ।"

**ਸਿੰਘ ਸਾਹਿਬ ਹਰਭਜਨ ਸਿੰਘ ਯੋਗੀ ਜੀ ਨਾਲ ਮੁਲਾਕਾਤ**

ਸ਼ਾਂਤ ਮਹਾਂਸਾਗਰ ਦੇ ਕੰਢੇ ਤੇ ਬਹੁਤ ਸੁਹਾਵਣੇ ਵਾਤਾਵਰਨ ਵਿਚ ਬਣੇ ਬਹੁਤ ਵਿਸ਼ਾਲ ਤੇ ਖੂਬਸੂਰਤ 'ਹੋਟਲ ਟੇਬਲ ਬੇ' Hotel Table Bay ਵਿਚ ਮਸ਼ਹੂਰ ਦਾਰਸ਼ਨਿਕ ਸਿੰਘ ਸਾਹਿਬ ਗਿਆਨੀ ਹਰਭਜਨ ਸਿੰਘ ਯੋਗੀ ਜੀ ਦਾ ਨਿਵਾਸ ਸੀ।

ਹੰਸਪਾਲ ਜੀ ਨੇ ਬਾਕੀ ਦਿਨ ਦੇ ਪ੍ਰੋਗਰਾਮ ਕੱਟ ਕੇ ਯੋਗੀ ਜੀ ਨੂੰ ਮਿਲਣ ਦਾ ਪ੍ਰੋਗਰਾਮ ਬਣਾਇਆ। ਜਦ ਅਸੀਂ ਵਿਸ਼ਾਲ ਪੰਜ ਤਾਰਾ ਹੋਟਲ ਵਿਚ ਪੁੱਜੇ ਤਾਂ ਯੋਗੀ ਜੀ ਦੇ ਸੇਵਕ ਹੋਟਲ ਦੇ ਬਾਹਰਲੇ ਦਵਾਰ ਤੇ ਹੀ ਮਿਲ ਗਏ। ਯੋਗੀ ਜੀ ਬਾਰੇ ਪੁੱਛਿਆ ਤਾਂ ਉਹਨਾਂ ਅੱਗੋਂ ਪੁਛਿਆ ਕਿ ਤੁਸੀਂ ਮੁਲਾਕਾਤ ਦਾ ਵਕਤ ਲਿਆ ਹੈ ਕਿ ਨਹੀਂ? ਉਹਨਾਂ ਕਿਹਾ ਕਿ ਯੋਗੀ ਜੀ ਨੂੰ ਬਹੁਤ ਸਾਰੇ ਲੋਕ ਮਿਲਣ ਆ ਰਹੇ ਹਨ। ਇਸ ਤਰ੍ਹਾਂ ਯਕਦਮ ਮਿਲਣਾ ਮੁਸ਼ਕਲ ਹੈ। ਅਸੀਂ ਹੋਟਲ ਦੀ ਲਾਬੀ ਵਿਚ ਗਏ। ਹੰਸਪਾਲ ਜੀ ਯੋਗੀ ਜੀ ਦੇ ਹੋਰ ਸੇਵਕ ਨੂੰ ਆਪਣਾ ਕਾਰਡ ਦਿੱਤਾ। ਉਹ ਸੇਵਕ ਕੁਝ ਦੇਰ ਬਾਅਦ ਆਇਆ ਤੇ ਬਹੁਤ ਸਤਿਕਾਰ ਨਾਲ ਸਾਡੇ ਸਾਰੇ ਜੱਥੇ ਨੂੰ ਲਿਫਟਾਂ ਰਾਹੀਂ ਉਪਰ ਲੈ ਗਿਆ। ਯੋਗੀ ਜੀ ਦੇ ਕਮਰੇ ਵਿਚ ਸੱਚਮੁੱਚ ਹੀ ਬਹੁਤ ਮਹਾਂਪੁਰਖ ਲੋਕ ਬੈਠੇ ਸਨ, ਪਰ ਉਹਨਾਂ ਸਾਡੇ ਸਾਰੇ ਜੱਥੇ ਨੂੰ ਹੀ ਕੁਰਸੀਆਂ ਤੇ ਬੈਠਾਇਆ। ਬਹੁਤ ਖੁਸ਼ੀ ਪ੍ਰਗਟ ਕੀਤੀ। ਯੋਗੀ ਜੀ ਇਕ ਆਰਾਮ ਕੁਰਸੀ ਤੇ ਬੈਠੇ ਸਨ



Sri Satguru Jagjit Singh Ji eLibrary NamdhariElibrary@gmail.com

ਸਾਧਾਰਨ ਰੂਪ ਵਿਚ (ਉਹਨਾਂ ਦੇ ਪੈਰ ਵਿਚ ਤਕਲੀਫ ਸੀ ਅਤੇ ਉਹ ਆਮ ਤੌਰ ਤੇ ਪਹੀਆਂ ਵਾਲੀ ਕੁਰਸੀ ਨਾਲ ਹੀ ਜਾਂਦੇ ਆਉਂਦੇ ਸਨ)। ਯੋਗੀ ਜੀ ਨੇ ਸਤਿਗੁਰੂ ਜੀ (ਸਤਿਗੁਰੂ ਜਗਜੀਤ ਸਿੰਘ) ਦੇ ਪ੍ਰੋਗਰਾਮ ਬਾਰੇ ਪੁਛਿਆ ਕਿ ਕਦੋਂ ਆ ਰਹੇ ਹਨ। ਉਹਨਾਂ ਸਾਡੇ ਸਾਊਥ ਅਫਰੀਕਾ ਪੁੱਜਣ ਤੇ ਵੀ ਖੁਸ਼ੀ ਪ੍ਰਗਟ ਕੀਤੀ। ਕੇਪ ਟਾਊਨ ਵਿਚ ਹੋ ਰਹੀ ਧਰਮਾਂ ਦੀ ਪਾਰਲੀਮੈਂਟ, ਸਾਊਥ ਅਫਰੀਕਾ ਦੀ ਹਾਲਤ ਅਤੇ ਹੋਰ ਵਿਸ਼ਿਆਂ ਬਾਰੇ ਉਹਨਾਂ ਬਹੁਤ ਖੁੱਲ੍ਹ ਕੇ ਬਚਨ ਬਿਲਾਸ ਕੀਤੇ। ਇਸ ਦੇਸ਼ ਵਿਚ ਏਡਜ਼ ਦੀ ਬੀਮਾਰੀ ਇਕ ਭਿਆਨਕ ਸਮੱਸਿਆ ਬਣ ਚੁੱਕੀ ਹੈ। ਕੱਲ੍ਹ ਬੱਚਿਆਂ ਦੀ ਟਿੱਪਣੀ ਤੋਂ ਵੀ ਇਹ ਪਤਾ ਲੱਗਾ ਸੀ। ਕੇਪ ਟਾਊਨ ਸ਼ਹਿਰ ਦੇ ਕੇਂਦਰੀ ਸਰਕਾਰੀ ਅਸਥਾਨ ਸਿਵਕ ਸੈਂਟਰ ਦੀ ਵਿਸ਼ਾਲ ਬਿਲਡਿੰਗ ਦੇ ਬਾਹਰ ਨਰੋਧ ਦਾ ਵੱਡਾ ਨਿਸ਼ਾਨ ਪੇਂਟ ਕੀਤਾ ਹੋਇਆ ਇਹ ਦੱਸਦਾ ਸੀ ਕਿ ਇਸ ਦੇਸ਼ ਵਿਚ ਭਿਆਨਕ ਬੀਮਾਰੀ ਨੂੰ ਕਿਵੇਂ ਗਰਸਿਆ ਹੋਇਆ ਹੈ। ਦਰਅਸਲ ਇਹ ਬੀਮਾਰੀ ਆਈ ਹੀ ਅਫਰੀਕਾ ਵਿੱਚੋਂ ਹੈ। ਕੀਨੀਆ ਦੇਸ਼ ਵਾਲਿਆਂ ਇਸ ਨੂੰ ਕੌਮੀ ਬਿਪਤਾ ਐਲਾਨਿਆ ਹੋਇਆ ਹੈ ਅਤੇ ਬੱਚਿਆਂ ਦੀ ਬਹੁਤ ਵੱਡੀ ਤਾਦਾਦ ਹੈ ਜਿਹੜੇ ਇਸ ਰੋਗ ਕਾਰਨ ਮੌਤ ਦੇ ਜਬਾੜ੍ਹਿਆਂ ਵਿਚ ਹਨ। ਬਹੁਤ ਸਾਰੀਆਂ ਸੇਵਾ ਸੰਸਥਾਵਾਂ ਇਸ ਬੀਮਾਰੀ ਨਾਲ ਗ੍ਰਸਤ ਔਰਤ, ਮਰਦ ਅਤੇ ਬੱਚਿਆਂ ਦੀ ਸੇਵਾ ਸੰਭਾਲ ਅਤੇ ਉਹਨਾਂ ਨੂੰ ਪ੍ਰੇਮ ਸੁਖ ਦੇਣ ਵਿਚ ਲੱਗੀਆਂ ਹੋਈਆਂ ਹਨ। ਯੋਗੀ ਜੀ ਨੇ ਏਡਜ਼ ਦੀ ਇਸ ਭਿਆਨਕਤਾ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਬੰਦਰਾਂ ਤੋਂ ਏਡਜ਼ ਆਈ ਹੈ। ਕੁੜੀਆਂ ਲਾ ਲਾ ਕੇ ਬੰਦਰ ਫੜੇ ਅਤੇ ਉਹਨਾਂ ਦਾ ਮਾਸ ਖਾਧਾ ਜਿਸ ਤੋਂ ਇਹ ਰੋਗ ਵਧਿਆ। ਫੇਰ ਇਸ ਮੁਲਕ ਵਿਚ ਇਹ ਦੁਰ ਪ੍ਰਚਾਰ ਰਿਹਾ ਕਿ (ਅੱਗੇ ਲਿਖਣਾ ਯੋਗ ਨਹੀਂ—ਸੰਪਾਦਕ) ਯੋਗੀ ਜੀ ਨੇ ਦੱਸਿਆ ਕਿ ਭੇਡਾਂ ਤੋਂ ਸਿਫਲਿਸ ਦੀ ਬੀਮਾਰੀ ਆਈ ਅਤੇ ਬੰਦਰਾਂ ਨੇ ਏਡਜ਼ ਦਿੱਤੀ। ਇਹ ਲੋਕ ਫਸ ਗਏ ਹਨ। ਭਿਆਨਕਤਾ ਏਨੀ ਕਿ ਤੀਜਾ ਹਿੱਸਾ ਆਬਾਦੀ ਨੂੰ ਇਹ ਰੋਗ ਹੈ। ਹਰ ਤੇਈ ਸੈਕਿੰਡ ਵਿਚ ਇਕ ਜਬਰ ਜਨਾਹ ਹੁੰਦਾ ਹੈ। ਹਰ ੩੫ ਜ਼ਬਰਦਸਤੀਆਂ 'ਚੋ ਇਕ ਹੀ ਰਿਪੋਰਟ ਹੁੰਦੀ ਹੈ। (ਪਾਰਲੀਮੈਂਟ ਦੀ ਪ੍ਰੋਗਰਾਮ ਪੁਸਤਕ ਵਿਚ ਦਰਜ ਸੀ ਕਿ ੧ ਤੋਂ ੮ ਦਸੰਬਰ ਤੱਕ ਏਡਜ਼ ਤੋਂ ਜਾਗ੍ਰਿਤ ਹੋਣ ਦਾ ਸਪਤਾਹ ਮਨਾਇਆ ਜਾ ਰਿਹਾ ਸੀ। ਇਸ ਸੰਬੰਧੀ ਕੁਝ ਧਾਰਮਕ ਭਾਸ਼ਣ ਵੀ ਪਾਰਲੀਮੈਂਟ ਵਿਚ ਨਿਸ਼ਚਿਤ ਸਨ। ਇਸ ਦੇਸ਼ ਦੀ ੩ ਕਰੋੜ ੨੦ ਲੱਖ ਦੀ ਆਬਾਦੀ ਚੋਂ ੧੪% ਭਾਵ ਪੌਣੇ ਪੰਜਤਾਲੀ ਲੱਖ ਲੋਕ ਇਸ ਦੀ ਪਕੜ ਵਿਚ ਹਨ। ਸਾਰੇ ਅਫਰੀਕਾ ਵਿਚ ੮੦ ਲੱਖ ਬੱਚੇ ਇਸ ਨੇ ਯਤੀਮ ਕੀਤੇ ਹੋਏ ਹਨ)

ਇਥੇ ਹੀ ਬੈਠਿਆਂ ਦੋ ਹੋਰ ਸਤਿਕਾਰਤ ਹੱਸਤੀਆਂ ਦੇ ਦਰਸ਼ਨ ਹੋਏ। ਇਕ ਸਨ ਮਾ ਜਾਇਆ ਸ਼ਤੀ ਭਗਵਤੀ ਅਤੇ ਦੂਸਰੀ ਸੀ ਹਿਜ਼ ਹੋਲੀਨੈਸ ਗੁਰੂ ਮਾ ਜਯੋਤਿਸ਼ ਆਨੰਦ ਸਰਸਵਤੀ। ਇਹ ਦੋਨੋਂ ਹਸਤੀਆਂ ਬਹੁਤ ਪੂਜਨੀਕ ਸਥਾਨ ਰੱਖਦੀਆਂ ਹਨ ਅਤੇ ਅਮਰੀਕਾ ਵਿਚ ਬਹੁਤ ਵੱਡੇ ਆਸ਼ਰਮ ਅਤੇ ਸੰਸਾਰ ਵਿਚ ਸੇਵਾ ਕਾਰਜਾਂ ਦਾ ਸੰਚਾਲਨ ਕਰਦੀਆਂ ਹਨ। ਜਿਨ੍ਹਾਂ ਵਿੱਚ ਏਡਜ਼ ਦੇ ਰੋਗੀਆਂ ਦੀ ਸੇਵਾ ਵੀ ਹੈ।

ਯੋਗੀ ਜੀ ਨੇ ਇਹਨਾਂ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ ਮਹਾਨ ਸ਼ਖਸੀਅਤ ਬਾਰੇ ਦੱਸਿਆ ਕਿ ਕਿਹੋ ਜਿਹਾ ਕਠਨ ਤਪੱਸਿਆ ਅਤੇ ਸੰਜਮ ਵਾਲਾ ਉਹਨਾਂ ਦਾ ਜੀਵਨ ਹੈ। ਨਾਮਧਾਰੀ ਅੰਮ੍ਰਿਤ ਵੇਲੇ ਠੰਢਾ ਪਾਣੀ ਸਿਰ ਵਿਚ ਪਾ ਕੇ ਇਸ਼ਨਾਨ ਕਰਦੇ ਹਨ। ਨਾਮ ਸਿਮਰਨ ਕਰਦੇ ਹਨ। ਇਹ ਆਪਣੇ ਸਤਿਗੁਰੂ ਦੇ ਹੁਕਮ ਤੇ ਫੁਲ ਚੜ੍ਹਾਉਂਦੇ ਤੋਪਾਂ ਨਾਲ ਉਡ਼ ਗਏ, ਪਰ ਆਪਣਾ ਸਿਦਕ ਨਿਭਾਇਆ।

ਯੋਗੀ ਜੀ ਨੇ ਬਹੁਤ ਬੇਬਾਕੀ ਨਾਲ ਬਚਨ ਕੀਤੇ। ਉਹਨਾਂ ਕਿਹਾ ਓਏ ਨਾਮਧਾਰੀਓ ਤੁਹਾਡੇ ਕੋਲ ਸਾਧਨਾ ਹੈ, ਅਰਾਧਨਾ ਹੈ, ਪ੍ਰਭੂ ਭਗਤੀ ਹੈ, ਕੀਰਤਨ ਹੈ, ਸੰਗੀਤ ਹੈ, ਜੀਊਂਦਾ ਜਾਗਦਾ ਸਤਿਗੁਰੂ ਹੈ। ਤੁਸੀਂ ਕਿਉਂ ਨਹੀਂ ਫੈਲਦੇ ਦੁਨੀਆ ਵਿਚ। ਤੁਸੀਂ ੧੦ ਲੱਖ ਬੰਦਾ ਜਿਧਰ ਪੈ ਜਾਓ। ਧੋ ਸੁੱਟੋ ਸਾਰੀਆਂ ਬੁਰਾਈਆਂ। ਜਜ਼ਬਾਤੀ ਲਹਿਜੇ ਵਿਚ ਉਹਨਾਂ ਕਿਹਾ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਅੱਗੇ ਲਾ ਕੇ ਅਸੀਂ ਸਾਰੇ ਵੱਖ-ਵੱਖ ਮੁਲਕਾਂ ਵਿਚ ਬਹੁਤ ਪ੍ਰਚਾਰ ਕਰ ਸਕਦੇ ਹਾਂ। "ਲੰਡੀ ਬੁੱਡੀ ਦੁਕਾਨਾਂ ਪਾਈ ਫਿਰਦੀ ਹੈ। ਤੁਹਾਡਾ ਤਾਂ ਲਿਬਾਸ ਹੀ ਕਰੋੜਾਂ ਰੁਪਿਆਂ ਦੀ ਪਬਲਿਸਟੀ ਹੈ। ਤੁਹਾਡੇ ਕੋਲ ਸੱਚ ਹੈ ਅਸਲੀਅਤ ਹੈ। ਤੁਹਾਨੂੰ ਤਾਂ ਦੁਨੀਆ ਮਿਲਣਾ ਲੋਚਦੀ ਹੈ .......।

ਫੇਰ ਯੋਗੀ ਜੀ ਨੇ ਪ੍ਰੇਮ ਪੂਰਬਕ ਸ੍ਰੀ ਭੈਣੀ ਸਾਹਿਬ ਦੀਆਂ ਯਾਤਰਾਵਾਂ ਦਾ ਜ਼ਿਕਰ ਕੀਤਾ ਕਿ ਬਾਵਜੂਦ ਖਾਣ ਦੇ ਪ੍ਰਹੇਜ਼ ਦੇ ਉਹਨਾਂ ਉਥੇ ਮੱਕੀ ਦੇ ਪ੍ਰਸ਼ਾਦੇ ਅਤੇ ਹੋਰ ਲੰਗਰ ਪ੍ਰੇਮ ਨਾਲ ਛਕਿਆ। ਉਹਨਾਂ ਬੀਬੀ ਸੁਖਜੀਤ ਕੌਰ (ਪ੍ਰਧਾਨ ਇਸਤਰੀ ਵਿਦਿਅਕ ਜੱਥਾ) ਦਾ ਉਚੇਚਿਆਂ ਜ਼ਿਕਰ ਵੀ ਕੀਤਾ। ਇਸੇ ਸਮੇਂ ਹੀ ਇਥੇ ਆਦਰਨੀਯ ਬਾਬ ਥਾਂਪਸਨ ਵੀ ਆ ਗਏ ਜੋ ਇਸ ਪਾਰਲੀਮੈਂਟ ਦੀ ਪ੍ਰਬੰਧਕ ਕਮੇਟੀ ਦੇ ਅਗਲੇ ਪ੍ਰਧਾਨ ਬਨਣ ਵਾਲੇ ਹਨ। ਉਹਨਾਂ ਨਾਲ ਵੀ ਯੋਗੀ ਜੀ ਨੇ ਸਤਿਗੁਰੂ ਜੀ ਬਾਰੇ ਜ਼ਿਕਰ ਕੀਤਾ ਤਾਂ ਬਾਬ ਥਾਂਪਸਨ ਹੋਰਾਂ ਕਿਹਾ ਕਿ ਮੈਂ ਸਤਿਗੁਰੂ ਜੀ ਬਾਰੇ ਬਹੁਤ ਸੁਣਿਆ ਹੈ। ਸਤਿਗੁਰੂ ਜੀ ਬਾਰੇ ਜਿਹੜੇ ਅਸੀਂ ਬਾਤਸਵੀਰ ਕਿਤਾਬਚੇ ਲੈ ਕੇ ਗਏ ਸਾਂ। ਉਹ ਉਥੇ ਸਾਰੀਆਂ ਮਹਾਨ ਹਸਤੀਆਂ ਨੇ ਦਿਲਚਸਪੀ ਨਾਲ ਵਾਚੇ।

ਅਗਲੇ ਦਿਨ ਯਾਨੀ ੪ ਦਸੰਬਰ ਨੂੰ ਯੋਗੀ ਜੀ ਨੂੰ ਅਸੀਂ ਫਿਰ ਮਿਲਣ ਗਏ। ਅੱਜ ਭਾਰਤ ਤੋਂ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ, ਪ੍ਰੋ. ਮਨਜੀਤ ਸਿੰਘ ਅਤੇ ਸ. ਤਰਲੋਚਨ ਸਿੰਘ ਜੀ ਵੀ ਪੁੱਜ ਗਏ ਸਨ ਅਤੇ ਇਸੇ ਹੋਟਲ ਟੇਬਲ ਬੇ ਵਿੱਚ ਉਹਨਾਂ ਨਾਲ ਮੁਲਾਕਾਤ ਹੋਈ। (-ਬਾਕੀ)


Sri Satguru Jagjit Singh Ji eLibrary NamdhariElibrary@gmail.com

# ਜੰਤਰੀ ਸਬੰਧੀ ਵਿਵਾਦ ਵਧਾਇਆ ਨਾ ਜਾਵੇ

ਰਵੇਲ ਸਿੰਘ ਐਡਵੋਕੇਟ

ਨਾਨਕਸ਼ਾਹੀ ਕੈਲੰਡਰ ਬਾਰੇ ਚੱਲ ਰਿਹਾ ਅਫਸੋਸਨਾਕ ਵਾਦ-ਵਿਵਾਦ ਨਾ ਤਾਂ ਸੰਤ ਸਮਾਜ ਅਤੇ ਬੁੱਧੀਜੀਵੀ ਵਰਗ ਵਿਚਾਲੇ ਕੋਈ ਝਗੜਾ ਹੈ ਅਤੇ ਨਾ ਹੀ ਦੋਵਾਂ ਧਿਰਾਂ ਵਿਚੋਂ ਕਿਸੇ ਇਕ ਵੱਲੋਂ ਪੰਥ ਨੂੰ ਕੋਈ ਖ਼ਤਰਾ ਹੈ। ਇਸ ਨੂੰ ਰਾਜਸੀ ਰੰਗਤ ਨਹੀਂ ਸੀ ਦੇਣੀ ਚਾਹੀਦੀ, ਇਕ ਦੂਜੇ ਦੇ ਪੱਖ ਨੂੰ ਸੁਣਨਾ ਜ਼ਰੂਰੀ ਹੈ।

ਕੈਨੇਡਾ ਨਿਵਾਸੀ ਸ. ਪਾਲ ਸਿੰਘ ਪੁਰੇਵਾਲ ਵੱਲੋਂ ਜੋ ਨਾਨਕਸ਼ਾਹੀ ਕੈਲੰਡਰ ਤਿਆਰ ਕੀਤਾ ਗਿਆ ਹੈ, ਉਸ ਸਬੰਧੀ ਨਾ ਤਾਂ ਸੰਤ ਸਮਾਜ ਨੂੰ ਕੋਈ ਜਾਣਕਾਰੀ ਦਿੱਤੀ ਗਈ ਅਤੇ ਨਾ ਹੀ ਉਨ੍ਹਾਂ ਵੱਲੋਂ ਇਸ ਵਿਰੁੱਧ ਕੋਈ ਆਵਾਜ਼ ਉੱਠੀ। ਅੰਰਭ ਵਿਚ ਕੁਝ ਵਿਦਵਾਨ ਸੱਜਣਾਂ ਦੀ ਹੀ ਇਹ ਰਾਇ ਸੀ ਕਿ ਸ. ਪਾਲ ਸਿੰਘ ਪੁਰੇਵਾਲ ਵੱਲੋਂ ਤਿਆਰ ਕੀਤੇ ਕੈਲੰਡਰ ਵਿਚ ਕਾਫੀ ਤਰੁਟੀਆਂ ਹਨ, ਇਨ੍ਹਾਂ ਦੀ ਸੁਧਾਈ ਕੀਤੇ ਬਿਨਾਂ ਕੈਲੰਡਰ ਨਹੀਂ ਸੀ ਛਾਪਿਆ ਜਾਣਾ ਚਾਹੀਦਾ।

ਸ. ਸੰਤੋਖ ਸਿੰਘ ਐਮ. ਏ. ਐਮ. ਐੱਡ. ਗੋਲਡ ਮੈਡਲਿਸਟ ਹਨ। ਜ਼ਿਲ੍ਹਾ ਸਿੱਖਿਆ ਅਫਸਰ ਰਹੇ ਹਨ। ਧਾਰਮਿਕ ਪੱਖ ਤੋਂ ਇਹ ਬਹੁਤ ਸਨਮਾਨਿਤ ਵਿਰਸੇ ਦੇ ਮਾਲਕ ਸਨ। ਉਹ ਮਾਣਯੋਗ ਜਥੇਦਾਰ ਅੱਛਰ ਸਿੰਘ ਜੀ ਦੇ ਵੱਡੇ ਸਪੁੱਤਰ ਸਨ। ਜਥੇਦਾਰ ਸਾਹਿਬ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੇ ਹੈੱਡ ਗ੍ਰੰਥੀ ਰਹੇ ਹਨ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹੈੱਡ ਗ੍ਰੰਥੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੀ ਰਹੇ ਸਨ।

ਸ. ਸੰਤੋਖ ਸਿੰਘ ਵੱਲੋਂ ਅਖਬਾਰ 'ਅਜੀਤ' ਵਿਚ ਛਪੇ ਲੇਖ ਅਨੁਸਾਰ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੁਰਾਣੇ ਸਰੂਪਾਂ ਤੇ ਉਤਾਰਾ ਕਰਨ ਵਾਲੀਆਂ ਬੀੜਾਂ ਲਿਖਣ ਦੀਆਂ ਤਰੀਕਾਂ ਬਿਕਰਮੀ ਸੰਮਤ ਵਿਚ ਦਿੱਤੀਆਂ ਗਈਆਂ ਹਨ। ਗੁਰੂ ਸਾਹਿਬਾਨ ਦੇ ਹੁਕਮਨਾਮਿਆਂ ਤੇ ਬਿਕਰਮੀ ਸੰਮਤ ਦੀਆਂ ਤਰੀਕਾਂ ਜਾਂ ਥਿਤਾਂ ਲਿਖੀਆਂ ਹੋਈਆਂ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਲਿਖੇ ਗਏ ਮਹਾਂਕਾਵਿ, ਗ੍ਰੰਥਾਂ ਤੇ ਸੰਪੂਰਨ ਹੋਣ ਦੀਆਂ ਤਰੀਕਾਂ ਬਿਕਰਮੀ ਸੰਮਤ ਮੁਤਾਬਿਕ ਹਨ। ਤਮਾਮ ਸਿੱਖ ਧਾਰਮਿਕ ਵਿਦਵਾਨਾਂ, ਇਤਿਹਾਸਕਾਰਾਂ, ਲਿਖਾਰੀਆਂ ਨੇ ਬਿਕਰਮੀ ਸੰਮਤ ਦੀ ਹੀ ਵਰਤੋਂ ਕੀਤੀ ਹੈ। (ਅੰਗਰੇਜ਼ਾਂ ਦੇ ਆਉਣ ਤੋਂ ਬਾਅਦ ਵਾਲੇ ਵਿਦਵਾਨਾਂ ਨੇ ਬਿਕਰਮੀ ਦੇ ਨਾਲ ਇਸ ਦੇ ਮੁਤਾਬਕ ਈਸਵੀ ਸੰਨ ਵੀ ਵਰਤਿਆ ਹੈ।) ਸ਼੍ਰੋਮਣੀ ਕਮੇਟੀ ਦੀਆਂ ਆਪਣੀਆਂ ਹੁਣ ਤੱਕ ਦੀਆਂ ਜੰਤਰੀਆਂ ਵਿਚ ਬਿਕਰਮੀ ਸੰਮਤ ਨੂੰ ਪਹਿਲ ਦਿੱਤੀ ਗਈ ਹੈ। ਸਾਡਾ ਸਾਰਾ ਇਤਿਹਾਸ ਬਿਕਰਮੀ ਸੰਮਤ ਨਾਲ ਭਰਿਆ ਪਿਆ ਹੈ... ਕੀ ਅਜੇ ਵੀ ਇਹ ਸੰਮਤ ਹਿੰਦੂਆਂ ਦਾ ਹੈ ?'

੨੩ ਦੰਸਬਰ ੧੯੯੯ ਨੂੰ ਸ੍ਰੀ ਅਕਾਲ ਤਖਤ ਸਾਹਿਬ ਉੱਤੇ ਇਸ ਜੰਤਰੀ ਬਾਰੇ ਵਿਚਾਰ ਹੋਈ। ਇਕ ਸੱਤ ਮੈਂਬਰੀ ਕਮੇਟੀ ਬਣਾਈ ਗਈ ਜਿਸ ਦੇ ਕਨਵੀਨਰ ਸ. ਸੰਤੋਖ ਸਿੰਘ ਸਨ। ਸ. ਸੰਤੋਖ ਸਿੰਘ ਵੱਲੋਂ ਖੁੱਲ੍ਹ ਕੇ ਸ. ਪੁਰੇਵਾਲ ਵੱਲੋਂ ਤਿਆਰ ਕੀਤੀ ਜੰਤਰੀ ਦੀ ਵਿਰੋਧਤਾ ਹੁੰਦੀ ਰਹੀ ਸੀ। ਕਮੇਟੀ ਦੀ ਇਕ ਹੀ ਮੀਟਿੰਗ ਹੋ ਸਕੀ। ਇਸ ਕਮੇਟੀ ਦੇ ਤਿੰਨ ਮੈਂਬਰਾਂ ਨੇ ਅਸਤੀਫੇ ਦੇ ਦਿੱਤੇ। ਮਗਰੋਂ ੧੧ ਮੈਂਬਰਾਂ ਦੀ ਇਕ ਹੋਰ ਕਮੇਟੀ ਬਣਾਈ ਗਈ ਜਿਸ ਦਾ ਕਨਵੀਨਰ ਡਾ. ਖੜਕ ਸਿੰਘ ਨੂੰ ਬਣਾਇਆ ਗਿਆ। ਡਾ. ਖੜਕ ਸਿੰਘ ਖੁੱਲ੍ਹ ਕੇ ਨਵੀਂ ਜੰਤਰੀ ਦੇ ਹੱਕ ਵਿਚ ਸਨ। ਕਨਵੀਨਰ ਬਣਨ ਮਗਰੋਂ ਵੀ ਉਨ੍ਹਾਂ ਵੱਲੋਂ ਜੰਤਰੀ ਦੇ ਹੱਕ ਵਿਚ ਬਿਆਨ ਦੇ ਦਿੱਤਾ ਗਿਆ। ਜੰਤਰੀ ਬਾਰੇ ਇਤਰਾਜ਼ ਕਰਨ ਵਾਲੇ ਵਿਦਵਾਨਾਂ ਨੂੰ ਸ਼ੰਕਾ ਹੋਇਆ ਅਤੇ ਇਹ ਸ਼ੰਕਾ ਠੀਕ ਹੀ ਸੀ ਕਿ ਉਨ੍ਹਾਂ ਵੱਲੋਂ ਉਠਾਏ ਇਤਰਾਜ਼ਾਂ ਪੁਰ ਕੋਈ ਵਿਚਾਰ ਨਹੀਂ ਹੋਣੀ।

ਮੈਂ ੧੯੩੪ ਤੋਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਨਾਲ ਕਲਰਕ ਤੋਂ ਲੈ ਕੇ, ਸ਼੍ਰੋਮਣੀ ਕਮੇਟੀ ਦੇ ਸਕੱਤਰ ਅਤੇ ਅੰਤ੍ਰਿੰਗ ਕਮੇਟੀ ਦੇ ਮੈਂਬਰ ਦੇ ਅਹੁਦੇ ਤੱਕ ਦੀ ਪਦਵੀ ਕਾਰਨ ਸੰਬੰਧਿਤ ਰਿਹਾ ਹਾਂ। ਦੇਸ਼ ਦੇ ਬਟਵਾਰੇ ਸਮੇਂ, ਪਾਕਿਸਤਾਨ ਵਿਚ ਰਹਿ ਗਏ ਇਲਾਕੇ ਵਿਚੋਂ ਪੁਰਾਤਨ ਇਤਿਹਾਸਕ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਬੀੜਾਂ ਲਿਆ ਕੇ ਸਿੱਖ ਰੈਫਰੈਂਸ ਲਾਇਬਰੇਰੀ ਵਿਚ ਸਨਮਾਨਯੋਗ ਢੰਗ ਨਾਲ ਰੱਖੀਆਂ ਗਈਆਂ ਸਨ। ਗੁਰੂ ਸਾਹਿਬਾਨ ਦੇ ਹੁਕਮਨਾਮਿਆਂ ਦੀ ਖੋਜ ਕਰਕੇ ਡਾਕਟਰ ਗੰਡਾ ਸਿੰਘ ਵੱਲੋਂ ਤਿਆਰ ਕੀਤਾ ਵੇਰਵਾ ੧੯੬੭ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਛਾਪਿਆ ਗਿਆ ਹੈ।

ਇਨ੍ਹਾਂ ਪੁਰਾਤਨ ਹੱਥ-ਲਿਖਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਬਾਰੇ ਗੁ. ਗਜ਼ਟ ਵਿਚ ਕੁਝ ਵੇਰਵੇ ਦਿੰਦਿਆ ਦਰਜ ਹੈ ਕਿ :-

'ਸਾਡੇ ਪਾਸ ਇਸ ਵੇਲੇ ਦਰਜਨ ਤੋ ਵਧੀਕ ਐਨੀਆਂ ਪੁਰਾਤਨ ਹੱਥ-ਲਿਖਤ ਬਿਰਧ ਬੀੜਾਂ (ਸਮੰਤ ੧੭੩੨, ੧੭੯੨, ੧੮੯੯, ੧੮੯੨ ਆਦਿ) ਮੌਜੂਦ ਹਨ' (ਗੁਰ: ਗਜ਼ਟ ਅਗਸਤ ੧੯੫੩, ਪੰਨਾ ੭੦)

ਗੁਰੂ ਗੋਬਿੰਦ ਸਿੰਘ ਜੀ ਵੱਲੋਂ ਜਾਰੀ ਕਿਤਨੇ ਹੀ ਐਸੇ ਹੁਕਮਨਾਮੇ ਹਨ ਜਿਨ੍ਹਾਂ ਉਪਰ ਬਿਕਰਮੀ ਸਮੰਤ ਦੀਆਂ ਤਰੀਕਾਂ ਦਰਜ ਹਨ। ਨਮੂਨੇ ਵਜੋਂ ਸ੍ਰੀ ਹਰਿਮੰਦਰ ਸਾਹਿਬ ਪਟਨਾ ਵਿਚ ਮੌਜੂਦ ਹੁਕਮਨਾਮੇ ਦੀ ਨਕਲ ਦਿੱਤੀ ਜਾ ਰਹੀ ਹੈ ਜਿਸ ਦੀਆਂ ਉਪਰਲੀਆਂ ਲਾਈਨਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ


Sri Satguru Jagjit Singh Ji eLibrary NamdhariElibrary@gmail.com

ਆਪਣੀਆਂ ਲਿਖਤੀ ਹਨ। ਗੁਰੂ ਜੀ ਦੀ ਲਿਖਤ ਹੈ ਕਿ:-

੧ੳ ਸਤਿਗੁਰੂ

ਭਾਈ ਗੁਰਦਾਸ ਸਰਬਤ ਸੰਗਤ ਗੁਰੂ ਰਖੇਗਾ। ਕਾਰ ਸੰਗਤ ਲੈ ਆਵਣਾ ਜੋ ਸਿਖ ਆਵਗੁ ਸੋ ਨਿਹਾਲੁ ਹੋਗੁ॥

ਹੇਠਲੀ ਲਿਖਤ ਗੁਰੂ ਜੀ ਦੀ ਲਿਖਾਰੀ ਵੱਲੋਂ ਹੈ ਜਿਸ ਵਿਚ ਹੁਕਮਨਾਮੇ ਦੀ ਮਿਤੀ ਅਤੇ ਮੇਵੜੇ ਪਾਸੋਂ ਭੇਜੀ ਜਾਣ ਵਾਲੀ ਹੁਕਮ ਦਾ ਵੇਰਵਾ ਦਰਜ ਹੈ :-

'ਮਿਤੀ ਮਾਘ ਸੁਦੀ ੯ ਸੰਮਤ ੧੭੪੮

੧) ਮੇਵਾੜੇ ਨੇ ਦੇਣੇ :

੨) ਦੀਵਾਲੇ ਕੋ :

੩) ਬਿਸੋਏ ਕੋ :

ਹੁਕਮ ੩

('ਹੁਕਮਨਾਮੇ' -ਪ੍ਰਕਾਸ਼ਕ ਪੰਜਾਬੀ ਯੂਨੀਵਰਸਿਟੀ ਪਟਿਆਲਾ ਪੰਨਾ ੧੩੨)

ਗੁਰੂ ਗੋਬਿੰਦ ਸਿੰਘ ਜੀ ਵੱਲੋਂ ਭਾਈ ਤਲੋਕਾ, ਭਾਈ ਰਾਮਾ ਨੂੰ ਜਾਰੀ ਹੁਕਮਨਾਮਾ,ਬੁਰਜ ਬਾਬਾ ਆਲਾ ਸਿੰਘ, ਕਿਲ੍ਹਾ ਮੁਬਾਰਿਕ, ਪਟਿਆਲਾ ਵਿਚ ਸੰਭਾਲ ਕੇ ਰੱਖਿਆ ਹੋਇਆ ਸੀ ਉਸਦੀ ਪਹਿਲੀ ਲਿਖਤ ਗੁਰੂ ਸਾਹਿਬ ਦੀ ਆਪਣੀ ਹੈ ਜਿਸ ਵਿਚ ਦਰਜ ਹੈ ਕਿ:-

੧ੳ ਸਤਿਗੁਰੂ ਜੀ

ਭਾਈ ਤਲਕਾ-ਭਾਈ ਰਾਮਾ ਸੰਗਤ ਗੁਰੂ ਰਖੇਗਾ

ਤੁਸੀਂ ਅਸਵਾਰ ਲੈ ਕੇ ਆਵਣਾ

ਜ਼ਰੂਰ ਆਵਣਾ

ਤੇਰੇ ਉਤੇ ਅਸਾੜੀ ਭਾਰੀ ਮੇਹਰਬਾਨੀ ਅਸੈ ਤੇਂ

੧ ਜੋੜਾ ਰਖਾਵਣਾ

ਲਿਖਾਰੀ ਦੀ ਲਿਖਤ ਦੇ ਅੰਤ ਵਿਚ ਹੁਕਮਨਾਮੇ ਦੀ ਮਿਤੀ ਬਿਕਰਮੀ ਸੰਮਤ ਅਨੁਸਾਰ 'ਭਾਦੋਂ ੨ ਸੰਮਤ ੫੩' ਲਿਖੀ ਹੈ। (ਹੁਕਮਨਾਮੇ ਪੰਨਾ ੧੪੬)

ਮਾਤਾ ਸੁੰਦਰੀ ਜੀ, ਮਾਤਾ ਸਾਹਿਬ ਦੇਵਾਂ ਜੀ ਦੇ ਵੀ ਹੁਕਮਨਾਮੇ ਹਨ ਜਿਨ੍ਹਾਂ ਪੁਰ ਬਿਕਰਮੀ ਸੰਮਤ ਦੀਆਂ ਤਰੀਕਾਂ ਦਰਜ ਹਨ।

ਨੌਸ਼ਹਿਰਾ ਪਨੂਆਂ, ਅੰਮ੍ਰਿਤਸਰ ਜ਼ਿਲ੍ਹੇ ਦਾ ਇਤਿਹਾਸਕ ਕਸਬਾ ਹੈ। ਸ਼੍ਰੋਮਣੀ ਕਮੇਟੀ ਵਿਚ ਹੁਣ ਵੀ ਇਸ ਨੂੰ ਪ੍ਰਤੀਨਿਧਤਾ ਮਿਲੀ ਹੋਈ ਹੈ। ਗੁਰੂ ਗੋਬਿੰਦ ਸਿੰਘ ਦੇ ਤਿੰਨ ਹੁਕਮਨਾਮੇ ਅਤੇ ਇਕ ਹੁਕਮਨਾਮਾ ਮਾਤਾ ਸਾਹਿਬ ਦੇਵਾਂ ਜੀ ਦਾ ਇਸ ਪਿੰਡ ਦੀ ਸੰਗਤ ਦੇ ਨਾਂਅ ਹਨ।

ਗੁਰੂ ਗੋਬਿੰਦ ਜੀ ਦਾ ਹੁਕਮਨਾਮਾ, ਮਿਤੀ ਮੱਘਰ ੪, ਸੰਮਤ ੧੭੧੭ ਬਿਕਰਮੀ, ਦੂਜਾ ਚੇਤ ੬ ਸੰਮਤ ੧੭੬੨, ਤੀਜਾ ਕੱਤਕ ੧ ਸੰਮਤ ੧੭੬੪ ਅਤੇ ਚੌਥਾ ਮਾਤਾ ਸਾਹਿਬ ਦੇਵਾਂ ਵੱਲੋਂ ਹਾੜ ੧ ਸੰਮਤ ੧੭੭੯ ਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਬਾਰਾਮਾਹ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਬਿਕਰਮੀ ਸੰਮਤ ਨੂੰ ਮੁੱਖ ਰੱਖ ਕੇ ਹੀ ਉਚਾਰਨ ਕੀਤੇ ਗਏ ਹਨ। ਇਤਿਹਾਸ ਵਿਚ ਭਾਈ ਰਤਨ ਸਿੰਘ ਭੰਗੂ ਨੇ ਪ੍ਰਾਚੀਨ ਪੰਥ ਵਿਚ ਪੰਥ ਦੀ ਰਚਨਾ ਦਾ ਬਿਕਰਮੀ ਸੰਮਤ ਹੀ ਲਿਖਿਆ ਹੈ :-

ਸਾਲ ਬਾਵਨ ਪਰ ਸਤ੍ਰੇ ਸਈ॥

ਬੁਧਵਾਰ ਬਸਾਖੇ ਪੰਥ ਉਤਪਤਿ ਭਈ॥

ਬਾਬਾ ਬੰਦਾ ਸਿੰਘ ਬਹਾਦਰ ਨੇ ਚਪੜ ਚਿੜੀ ਦੇ ਅਸਥਾਨ 'ਤੇ ਗਵਰਨਰ ਸਰਹਿੰਦ ਨੂੰ ਮਾਰ ਕੇ ਫਤਹ ਪ੍ਰਾਪਤ ਕੀਤੀ ਸੀ। ਭਾਈ ਰਤਨ ਸਿੰਘ ਭੰਗੂ ਨੇ ਲਿਖਿਆ ਹੈ :-

ਇਤੀ ਬਜੀਦਾ ਮਾਰਿਯੋ ਜੇਠ ਸੁਦੀ ਕੇ ਮਾਂਹਿ॥

ਸਤਰਾ ਸੈ ਸਤਾਸਠ ਸੰਮਤ ਚਪੜ ਚਿੜੀ ਕੇ ਪਾਂਹਿ॥

ਇਸ ਤਰ੍ਹਾਂ ਬਿਕਰਮੀ ਸੰਮਤ ਕੇਵਲ ਹਿੰਦੂਆਂ ਦਾ ਹੀ ਸੰਮਤ ਨਹੀਂ, ਗੁਰੂ ਸਾਹਿਬਾਨ ਅਤੇ ਪੁਰਾਤਨ ਸਿੱਖ ਇਤਿਹਾਸਕਾਰਾਂ ਨੇ ਵੀ ਬਿਕਰਮੀ ਸੰਮਤ ਨੂੰ ਹੀ ਅਪਣਾਇਆ ਹੈ। ਸ਼੍ਰੋਮਣੀ ਕਮੇਟੀ ਵੱਲੋਂ ਜੰਤਰੀ ਵਿਚ ਬਿਕਰਮੀ ਸੰਮਤ ਦੇ ਨਾਲ ਹੀ ਨਾਨਕਸ਼ਾਹੀ ਸੰਮਤ ਵੀ ਛਾਪਿਆ ਜਾਂਦਾ ਰਿਹਾ ਹੈ।

ਸਿੱਖ ਹਿਸਟਰੀ ਸੁਸਾਇਟੀ ਵੱਲੋਂ ੧੯੫੩ ਵਿਚ ਉਰਦੂ ਵਿਚ 'ਮੁਖਤਿਸਰ ਨਾਨਕ ਜੰਤ੍ਰੀ' ਛਾਪੀ ਗਈ ਸੀ। ਗੁ. ਗਜ਼ਟ ਅਕਤੂਬਰ ੧੯੫੩ ਪੰਨਾ ੫੩ ਵਿਚ ਇਸ ਬਾਰੇ ਦਰਜ ਹੈ ਕਿ ਇਸ ਵਿਚ ਸੰਮਤ ੧੫੨੬ ਬਿ. ਤੋ ਲੈ ਕੇ ਹੁਣ ਹਰ ਸਾਲ ਦੀ ਵੈਸਾਖੀ ਵਿਚ ਪੈਂਦੀ ਅੰਗ੍ਰੇਜ਼ੀ ਹਿਜਰੀ, ਫਸਲੀ ਅਤੇ ਇਲਾਹੀ ਮਹੀਨਿਆਂ ਦੀ ਤਾਰੀਖ, ਥਿੱਤ ਤੇ ਵਾਰ ਇਸ ਜੰਤਰੀ ਤੋਂ ਜਾਣੇ ਜਾਂਦੇ ਹਨ।

ਗੁਰੂ ਗੋਬਿੰਦ ਸਿੰਘ ਸਾਹਿਬ ਦੇ ਅਵਤਾਰ ਧਾਰਨ ਦਾ ਗੁਰਪੁਰਬ ਬਿਕਰਮੀ ਸੰਮਤ ਵਿਚ ਪੋਹ ਸੁਦੀ ਸਪਤਮੀ ਨੂੰ ਇਕ ਵਾਰ ਹੀ ਆਉਂਦਾ ਹੈ, ਦੋ ਵਾਰ ਨਹੀਂ ਆਉਂਦਾ, ਪਹਿਲਾਂ ਸਿੱਖ ਵਿਦਵਾਨ ਇਸ ਅਨੁਸਾਰ ਹੀ ਇਹ ਗੁਰਪੁਰਬ ਮਨਾਉਂਦੇ ਚਲੇ ਆ ਰਹੇ ਹਨ। ਹੁਣ ਜੇ ਇਸ ਵਿਚ ਕੋਈ ਅਦਲਾ ਬਦਲੀ ਹੀ ਕਰਨੀ ਹੈ ਤਾਂ ਪਹਿਲਾਂ ਸਿੱਖ ਬੁੱਧੀਜੀਵੀ ਆਪ ਮਿਲ ਬੈਠ ਕੇ ਸਾਰੇ ਪੱਖਾਂ ਨੂੰ ਸਾਹਮਣੇ ਰੱਖ ਕੇ ਕੋਈ ਫੈਸਲਾ ਕਰ ਸਕਦੇ ਹਨ। ਸੰਤ ਸਮਾਜ ਨੂੰ ਕੁਝ ਕਹਿਣ ਤੋਂ ਪਹਿਲਾਂ ਬੁੱਧੀਜੀਵੀਆਂ ਵੱਲੋਂ ਆਪ ਤਾਂ ਇਕ ਫੈਸਲੇ 'ਤੇ ਪੁਜਣਾ ਚਾਹੀਦਾ ਹੈ। ਇਸ ਫੈਸਲੇ ਮਗਰੋਂ ਹੀ ਸ. ਪੁਰੇਵਾਲ ਵੱਲੋਂ ਤਜਵੀਜ਼ ਕੀਤਾ ਨਾਨਕਸ਼ਾਹੀ ਕੈਲੰਡਰ ਜਾਰੀ ਕਰਨ ਲਈ ਦੂਜਿਆਂ ਨੂੰ ਪ੍ਰੇਰਨਾ ਕੀਤੀ ਜਾ ਸਕਦੀ ਹੈ।

—ਅਜੀਤ

੧੧-੩-੨੦੦੦


Sri Satguru Jagjit Singh Ji eLibrary NamdhariElibrary@gmail.com

# ਦੋ ਯਾਦਾਂ ਮੇਰੇ ਅਧਿਆਪਕ

—ਡਾ. ਨਰੇਸ਼

ਬਚਪਨ ਦੀ ਯਾਦ ਆਉਂਦੀ ਹੈ ਤਾਂ ਸਕੂਲ ਦੇ ਕਈ ਅਧਿਆਪਕ ਵੀ ਯਾਦ ਆਉਂਦੇ ਹਨ। ਜਿਹਨਾਂ ਘਟਨਾਵਾਂ ਨੇ ਬਚਪਨ ਵਿਚ ਬੜੀ ਉਦਾਸੀ, ਖਿਝ ਤੇ ਗੁੱਸਾ ਪ੍ਰਦਾਨ ਕੀਤਾ ਸੀ, ਅੱਜ ਉਹੋ ਘਟਨਾਵਾਂ ਆਪਣੀ ਅਰਥਪੂਰਨਤਾ ਸਹਿਤ ਬੜੀਆਂ ਮਹਤਵਪੂਰਨ ਜਾਪ ਰਹੀਆਂ ਹਨ ਤੇ ਅਧਿਆਪਕਾਂ ਪ੍ਰਤੀ ਜਾਗਿਆ ਉਸ ਸਮੇਂ ਦਾ ਰੋਸ ਸ਼ਰਧਾ ਵਿਚ ਬਦਲ ਰਿਹਾ ਹੈ। ਜੀ ਕਰਦਾ ਹੈ ਜਾ ਕੇ ਅਧਿਆਪਕਾਂ ਦੇ ਪੈਰ ਫੜ ਲਵਾਂ ਤੇ ਉਹਨਾਂ ਤੋਂ ਉਸ ਸੋਚ ਲਈ ਮੁਆਫੀ ਮੰਗਾਂ, ਜੋ ਕੱਚੀ ਉਮਰ ਦੇ ਅਣਪੱਕੇ ਦਿਮਾਗ ਦੀ ਪੈਦਾਵਾਰ ਸੀ। ਪਰ ਉਹ ਅਧਿਆਪਕ ਤਾਂ ਹੁਣ ਇਸ ਦੁਨੀਆ ਵਿਚ ਹੀ ਨਹੀਂ ਹਨ, ਇਸ ਲਈ ਸਿਰਫ ਉਹਨਾਂ ਦੀ ਯਾਦ ਨੂੰ ਪ੍ਰਣਾਮ ਕਰ ਸਕਦਾ ਹਾਂ ਉਹਨਾਂ ਦੇ ਦਰਸ਼ਨ ਸੰਭਵ ਨਹੀਂ ਹਨ।

ਮੈਂ ਪੰਜਵੀਂ ਛੇਵੀਂ ਵਿਚ ਪੜ੍ਹਦਿਆਂ ਬਿਮਾਰ ਹੋ ਗਿਆ। ਬੜਾ ਤੇਜ਼ ਬੁਖ਼ਾਰ ਚੜ੍ਹਿਆ। ਮੇਰੇ ਪਿਤਾ ਜੀ ਨੂੰ ਵਿਸ਼ਵਾਸ ਸੀ ਕਿ ਬੁਖ਼ਾਰ ਠੰਡ ਲੱਗਣ ਨਾਲ ਚੜ੍ਹਿਆ ਹੈ ਤੇ ਨਿੱਘੇ ਬਿਸਤਰੇ 'ਚ ਪੈਣ ਨਾਲ ਉਤਰ ਜਾਵੇਗਾ। ਉਹਨਾਂ ਮੇਰੀ ਮਾਂ ਨੂੰ ਦੁੱਧ ਵਿਚ ਤੁਲਸੀ ਦੇ ਪੱਤੇ ਉਬਾਲ ਕੇ ਪਿਲਾਉਣ ਲਈ ਆਖਿਆ ਤੇ ਆਪਣੇ ਕੰਮ ਤੇ ਚਲੇ ਗਏ। ਸਨਾਤਨ ਧਰਮ ਸਕੂਲ ਦੇ ਇਕਲੌਤੇ ਮੁਸਲਮਾਨ ਅਧਿਆਪਕ ਮਾਸਟਰ ਜ਼ਹੀਰ ਅਲੀ ਨੇ ਪਹਿਲੀ ਘੰਟੀ ਵਿਚ ਹਾਜ਼ਰੀ ਲਾਈ ਤਾਂ ਮੈਂ ਗੈਰ-ਹਾਜ਼ਰ ਸਾਂ। ਉਹਨਾਂ ਦੋ ਮੁੰਡੇ ਮੇਰੇ ਘਰ ਪਤਾ ਕਰਨ ਲਈ ਭੇਜੇ। ਉਹਨਾਂ ਮੁੜਕੇ ਦੱਸਿਆ ਕਿ ਮੈਂ ਬੀਮਾਰ ਸਾਂ। ਅੱਧੀ ਛੁੱਟੀ ਸਮੇਂ ਮਾਸਟਰ ਜੀ ਆਪਣੇ ਘਰ ਨਹੀਂ ਗਏ, ਸਾਡੇ ਘਰ ਆ ਵੱਜੇ। ਡਿਓੜ੍ਹੀ ਵਿਚੋਂ ਮੇਰਾ ਨਾਂ ਲੈਕੇ ਆਵਾਜ਼ ਮਾਰੀ। ਇਹ ਆਵਾਜ਼ ਮੇਰੀ ਮਾਂ ਨੂੰ ਪਰਦਾ ਕਰ ਲੈਣ ਦੀ ਸੂਚਨਾ ਸੀ. ਵਿਹੜੇ ਵਿਚ ਆਕੇ ਉਹਨਾਂ ਪੁਛਿਆ, ਮੈਂ ਕਿਹੜੇ ਕਮਰੇ ਵਿਚ ਪਿਆ ਸਾਂ। ਘੁੰਡ ਵਿਚੋਂ ਦੀ ਮੇਰੀ ਮਾਂ ਨੇ ' ਆਓ ਮਾਸਟਰ ਜੀ' ਕਿਹਾ ਤੇ ਮੇਰੇ ਕਮਰੇ ਵੱਲ ਇਸ਼ਾਰਾ ਕਰ ਦਿੱਤਾ।

ਕਮਰੇ ਵਿਚ ਆਕੇ ਉਹਨਾਂ ਕਿਸੇ ਨਿਪੁੰਨ ਡਾਕਟਰ ਵਾਂਗ ਮੇਰਾ ਨਿਰੀਖਣ ਕੀਤਾ ਤੇ ਮੇਰੀ ਮਾਂ ਨੂੰ ਕਿਹਾ, "ਦੀਨਾ ਨਾਥ (ਮੇਰਾ ਪਿਤਾ) ਨੂੰ ਪੁੱਤਰ ਨਾਲੋਂ ਕੰਮ ਜ਼ਿਆਦਾ ਅਜ਼ੀਜ਼ ਹੈ। ਮੁੰਡਾ ਬੁਖ਼ਾਰ ਨਾਲ ਤਪ ਰਿਹਾ ਹੈ ਤੇ ਉਸਨੇ ਡਾਕਟਰ ਵੀ ਨਹੀਂ ਸੱਦਿਆ!" ਇਹ ਆਖ ਉਹਨਾਂ ਮੈਨੂੰ ਚੁੱਕ ਮੋਢੇ ਲਾਇਆ ਤੇ ਮੇਰੀ ਹੈਰਾਨ ਮਾਂ ਨੂੰ ਉਸੇ ਤਰ੍ਹਾਂ ਖਲੋਤੀ ਛੱਡ ਕੇ ਤੁਰ ਪਏ। ਵਿਹੜੇ ਵਿਚੋਂ ਉਹਨਾਂ ਮੇਰੀ ਮਾਂ ਨੂੰ ਆਖਿਆ, "ਮੈਂ ਇਸਨੂੰ ਡਾਕਟਰ ਨੂੰ ਵਿਖਾਉਣ ਲਿਜਾ ਰਿਹਾ ਹਾਂ।"

ਇਹ ਅਪਣੱਤ, ਇਹ ਵਿਅਕਤੀਗਤ ਰਿਸ਼ਤਾ, ਇਹ ਜ਼ਿੰਮੇਦਾਰੀ ਦਾ ਅਹਿਸਾਸ, ਇਹ ਅਧਿਕਾਰ ਦੀ ਭਾਵਨਾ ਹੀ ਉਸ ਪੀੜ੍ਹੀ ਦੇ ਉਸਤਾਦਾਂ ਨੂੰ ਸਾਧਾਰਨ ਅਧਿਆਪਕਾਂ ਦੀ ਥਾਂ 'ਤੇ "ਗੁਰੂ" ਬਣਾਉਂਦੀ ਸੀ, ਸੋ ਅੱਜ ਦੀ ਪੀੜ੍ਹੀ ਦੇ ਅਧਿਆਪਕਾਂ ਵਿਚ ਨਾਯਾਬ ਨਹੀਂ ਤਾਂ ਕਮਯਾਬ ਜ਼ਰੂਰ ਹੈ।

ਨੌਵੀਂ ਵਿਚ ਹੋਏ ਤਾਂ ਵੱਡੇ ਹੋ ਜਾਣ ਦਾ ਅਹਿਸਾਸ ਵੀ ਜਾਗ ਪਿਆ। ਸਕੂਲ ਦੇ ਅਧਿਆਪਕ ਵੀ ਤੇ ਪਿਤਾ ਜੀ ਵੀ ਬੱਚਿਆਂ ਦੀ ਖੁਸ਼ਖੱਤੀ ਬਾਰੇ ਬਹੁਤ ਚੇਤੰਨ ਸਨ, ਇਸ ਲਈ ਕਲਮਾਂ ਦੇ ਵਿਸ਼ੇਸ਼ ਪ੍ਰਕਾਰ ਦੇ ਕਤ ਅਤੇ ਬੇਵਰਲੀ, ਰਿਲੀਫ਼ ਤੇ 'ਜੀ' ਦੀਆਂ ਨਿਬਾਂ ਨਾਲ ਹੀ ਲਿਖਣ ਦੀ ਆਗਿਆ ਦਿੱਤੀ ਜਾਂਦੀ ਸੀ। ਨੌਵੀਂ ਵਿਚ ਪੜ੍ਹਦਿਆਂ ਮੈਨੂੰ ਜਾਪਿਆ ਕਿ ਹੁਣ ਮੈਂ ਬੱਚਾ ਨਹੀਂ ਸਾਂ, ਇਸ ਲਈ ਮੇਰੇ ਤੇ ਇਹ ਪਾਬੰਦੀ ਨਹੀਂ ਰਹਿਣੀ ਚਾਹੀਦੀ। ਬੜੀ ਮੁਸ਼ਕਿਲ ਨਾਲ, ਬੜੀਆਂ ਦਲੀਲਾਂ ਦੇ ਕੇ, ਮੈਂ ਕਿਸੇ ਤਰ੍ਹਾਂ ਪਿਤਾ ਜੀ ਨੂੰ ਮਨਾ ਲਿਆ ਤੇ ਉਹਨਾਂ ਮੈਨੂੰ ਫਾਊਂਨਟੇਨ ਪੈੱਨ ਖਰੀਦਣ ਲਈ ਪੰਜ ਆਨੇ ਦੇ ਦਿੱਤੇ। ਮੇਰੀ ਖ਼ੁਸ਼ੀ ਦਾ ਟਿਕਾਣਾ ਨਹੀਂ ਸੀ। ਪਿੱਛੋਂ ਚੂੜੀ ਘੁੰਮਾ ਕੇ ਖੁੱਲ੍ਹਣ ਵਾਲਾ, ਸਰਿੰਜ ਵਾਂਗ ਸਿਆਹੀ ਭਰਨ ਵਾਲਾ, ਹਰੇ ਰੰਗ ਦਾ ਪਲਾਸਟਿਕ ਦਾ ਪੈਨ ਬਜ਼ਾਰੋਂ ਖ਼ਰੀਦ ਮੈਂ ਜੇਬ੍ਹ ਵਿਚ ਟੰਗਿਆ ਤੇ ਧੌਣ ਉੱਚੀ ਕਰਕੇ ਸਕੂਲ ਜਾ ਪੁੱਜਾ। ਕਈ ਜਮਾਤੀਆਂ ਨੇ ਪੈੱਨ ਵੇਖਣ ਦੀ ਮੰਗ ਕੀਤੀ, ਪਰ ਮੈਂ ਕਿਸੇ ਨੂੰ ਹੱਥ ਨਾ ਲਾਉਣ ਦਿੱਤਾ। ਜੇਬ ਚੋਂ ਕੱਢ-ਕੱਢ ਵਿਖਾਉਂਦਾ ਰਿਹਾ।

ਪਹਿਲੀ ਘੰਟੀ ਅੰਗਰੇਜ਼ੀ ਦੇ ਪੀਰੀਅਡ ਦੀ ਸੀ। ਹੈਡ ਮਾਸਟਰ ਬਾਬੂ ਰਾਮ ਪੜ੍ਹਾਉਂਦੇ ਸਨ। ਉਹਨਾਂ ਕਲਾਸ ਵਿਚ ਆ ਕੇ ਹਾਜ਼ਰੀ ਲਈ ਤੇ ਹਾਜ਼ਰੀ ਲੈਂਦਿਆਂ-ਲੈਂਦਿਆਂ ਹੀ ਮੇਰੀ ਜੇਬ ਉੱਤੇ ਲਮਕਦਾ ਪੈਨ ਵੇਖ ਲਿਆ। ਰਜਿਸਟਰ ਬੰਦ ਕਰਕੇ ਉਹਨਾਂ ਮੈਨੂੰ ਆਪਣੀ ਥਾਵੇਂ ਖਲੋਣ ਲਈ ਆਖਿਆ ਤੇ ਬੜੇ ਪਿਆਰ ਨਾਲ ਪੁੱਛਿਆ, "ਇਹ ਫਾਊਂਨਟੇਨ ਪੈਨ ਨਵਾਂ ਖਰੀਦਿਆ ਹੈ?" ਮੈਂ ਬੜੇ ਫ਼ਖ਼ਰ ਨਾਲ ਜੁਆਬ ਦਿੱਤਾ, "ਜੀ"! ਉਹਨਾਂ ਉਸੇ ਪਿਆਰ ਨਾਲ ਫਿਰ ਪੁੱਛਿਆ, "ਪੈਸੇ ਕਿਥੋਂ ਲਏ ਸੀ?" ਮੈਂ ਆਖਿਆ, "ਪਿਤਾ ਜੀ ਤੋਂ।" ਉਹਨਾਂ ਦਾ ਪਿਆਰ ਗੁੱਸੇ ਵਿੱਚ ਬਦਲਣ ਲੱਗਾ। ਬੋਲੇ, "ਤੇਰੇ ਪਿਤਾ ਜੀ ਦਾ ਪਿਆਰ ਤੇਰੇ ਹੈਂਡ-ਰਾਈਟਿੰਗ ਦਾ ਸੱਤਿਆਨਾਸ ਕਰੇਗਾ।" ਅਤੇ ਤੇਜ਼ੀ ਨਾਲ ਮੇਰੇ ਵੱਲ ਵਧ ਕੇ ਉਹਨਾਂ ਮੇਰੀ ਜੇਬ ਵਿੱਚੋਂ ਪੈਨ ਕੱਢਿਆ, ਉਸਨੂੰ ਫਰਸ਼ ਤੇ ਸੁੱਟਿਆ ਤੇ ਆਪਣੇ ਬੂਟ ਦੀ ਅੱਡੀ ਨਾਲ ਉਸ ਦਾ ਕਚੂਮਰ ਕੱਢ ਦਿੱਤਾ।

ਉਸ ਸਮੇਂ ਮੇਰਾ ਵੱਸ ਚਲਦਾ ਤਾਂ ਮੈਂ ਹੈਡ-ਮਾਸਟਰ ਦਾ ਕਤਲ ਕਰ ਦਿੰਦਾ। ਦੁਨੀਆ ਦੀ ਹਰ ਬਦ-ਦੁਆ ਮੈਂ ਮਨ ਹੀ ਮਨ ਹੈਡ-ਮਾਸਟਰ ਨੂੰ ਦਿੱਤੀ। ਉਹ ਸਾਰਾ ਪੀਰੀਅਡ ਪਤਾ ਨਹੀਂ ਹੈਡ-ਮਾਸਟਰ ਨੇ ਕੀ ਪੜ੍ਹਾਇਆ, ਮੈਂ ਤਾਂ ਆਪਣੇ ਗੁੱਸੇ ਦੀ ਅੱਗ ਵਿਚ ਸੜ ਰਿਹਾ ਸਾਂ, ਪੜ੍ਹਨਾ ਕਿਸਨੇ ਸੀ। ਮੇਰੇ ਚਾਚਾ ਜੀ ਸਕੂਲ ਦੇ ਮੈਨੇਜਰ ਸਨ। ਸੋਚਿਆ, ਕੋਈ ਗੱਲ ਨਹੀਂ, ਅੱਧੀ ਛੁੱਟੀ ਹੋਣ ਦਿਓ, ਹੈਡ-ਮਾਸਟਰ ਨੂੰ ਪੈੱਨ ਤੋੜਣ ਦਾ ਮਜ਼ਾ ਚਖਾਵਾਂਗਾ। ਮਸੀਂ ਜਾ ਕੇ ਅੱਧੀ ਛੁੱਟੀ ਹੋਈ। ਦੌੜ ਕੇ ਚਾਚਾ ਜੀ ਪਾਸ ਗਿਆ ਤੇ ਸਾਰਾ ਕਿੱਸਾ ਜਾ ਸੁਣਾਇਆ। ਚਾਚਾ ਜੀ ਨੇ ਸਾਰੀ ਗੱਲ ਧਿਆਨ ਨਾਲ ਸੁਣੀ ਤੇ ਬੋਲੇ, "ਭਾਈ ਸਾਹਿਬ ਵੀ ਬੱਸ........।" ਤੇ ਮੈਨੂੰ ਟਾਲ ਕੇ ਹੌਲਾ ਕਰ ਦਿੱਤਾ। ਅੱਜ ਦੇ ਸਕੂਲਾਂ ਵਿਚ ਨਰਸਰੀ ਅਤੇ ਕੇ.ਜੀ. ਦੇ ਬੱਚਿਆਂ ਨੂੰ ਬਾਲ-ਪੈਨਾਂ ਨਾਲ ਲਿਖਦਿਆਂ ਵੇਖਕੇ ਸੋਚਦਾ ਹਾਂ, ਇਹਨਾਂ ਬੱਚਿਆਂ ਨੂੰ ਕਦੋਂ ਸਮਝ ਪੈਣੀ ਹੈ ਕਿ ਅੱਖਰ ਲਿਖਦੇ ਸਮੇਂ ਅੱਖਰਾਂ ਦੀ ਨੋਕ-ਪਲਕ ਹੀ ਹੈ, ਜੋ ਸਾਡੀ ਲਿਖਾਈ ਨੂੰ ਨਜ਼ਰ ਫ਼ਰੇਬ ਬਣਾਉਂਦੀ ਹੈ। ਕਿਵੇਂ ਸਮਝਣਗੇ ਇਹ ਬੱਚੇ ਕਿ ਸਾਡੇ ਸਮਿਆਂ ਵਿਚ *ਖ਼ੁਸ਼ਖੱਤੀ ਦੇ ਵਖਰੇ ਨੰਬਰ ਮਿਲਦੇ ਹੁੰਦੇ ਸਨ।*

*—ਪ੍ਰੋ. ਅਤੇ ਮੁਖੀ,*
*ਭਾਈ ਵੀਰ ਸਿੰਘ ਚੇਅਰ,*
*ਪੰਜਾਬ ਯੂਨੀਵਰਸਿਟੀ*
*ਚੰਡੀਗੜ੍ਹ-੧੬੦੦੧੪*



Sri Satguru Jagjit Singh Ji eLibrary NamdhariElibrary@gmail.com

੧੯

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Ⓒ 61040
Code : 01824

**For Fitting Diesel Engines in Foreign**

**&**

**INDIAN CAR BODIES**




*Specialists in :*

**Mercedes Benz Car Repairing**

**AMARJIT MOTOR GARAGE**

G.T. Road, Opp. Jalandhar Octroi Post,
PHAGWARA



Sri Satguru Jagjit Singh Ji eLibrary NamdhariElibrary@gmail.com

# ਇਹ ਸ਼ੌਕ ਹੈ ਜਾਂ ਮਜਬੂਰੀ

-ਦਲਬੀਰ

ਕਈ ਵਾਰੀ ਇੰਜ ਹੁੰਦਾ ਹੈ ਕਿ ਕਿਸੇ ਮਾਮਲੇ ਬਾਰੇ, ਕਿਸੇ ਵਿਸ਼ੇ ਬਾਰੇ ਲੜੀਬੱਧ ਵਿਚਾਰ ਅਚਾਨਕ ਜ਼ਿਹਨ ਦੀ ਸਲੇਟ ਉੱਤੇ ਉਭਰ ਆਉਂਦੇ ਹਨ। ਇਸ ਤਰ੍ਹਾਂ ਪ੍ਰਤੀਤ ਹੋ ਰਿਹਾ ਹੈ ਕਿ ਇਨ੍ਹਾਂ ਵਿਚਾਰਾਂ ਨੂੰ ਹੁਣੇ ਹੀ ਕਾਗਜ਼ ਉੱਤੇ ਉਤਾਰ ਲਿਆ ਜਾਵੇ ਤਾਂ ਬਹੁਤ ਵਧੀਆ ਲੇਖ ਬਣ ਸਕਦਾ ਹੈ। ਪਰ ਅਜਿਹਾ ਕਰਨਾ ਸੰਭਵ ਨਹੀਂ ਹੁੰਦਾ। ਹੱਥਲੇ ਕੰਮਾਂ ਨੂੰ ਕਰਨ ਦੀ ਕਾਹਲੀ ਉਨ੍ਹਾਂ ਵਿਚਾਰਾਂ ਨੂੰ ਕੁਝ ਸਮੇਂ ਲਈ ਜਾਂ ਕਿਸੇ ਸਮੇਂ ਤਕ ਲਈ ਮੁਲਤਵੀ ਕਰਨ ਨੂੰ ਮਜਬੂਰ ਕਰ ਦਿੰਦੀ ਹੈ। ਅਤੇ ਜਦੋਂ ਫਿਰ ਕਦੇ ਉਸ ਵਿਸ਼ੇ ਬਾਰੇ ਕਲਮ ਉਠਾਈ ਜਾਵੇ ਤਾਂ ਪਹਿਲਾਂ ਵਾਲਾ ਕੋਈ ਵਿਚਾਰ ਨਹੀ ਅਹੁੜਦਾ।

ਪਹਿਲਿਆਂ ਵਿਚ, ਅਰਥਾਤ ਪੱਤਰਕਾਰੀ ਦੇ ਪੇਸ਼ੇ ਦੇ ਮੁਢਲੇ ਸਾਲਾਂ ਦੌਰਾਨ, ਇਹ ਸਮਾਂ ਬਹੁਤ ਹੀ ਪ੍ਰੇਸ਼ਾਨੀ ਵਾਲਾ ਸਮਾਂ ਹੁੰਦਾ ਸੀ। ਇਸ ਗੱਲ ਦੀ ਖਿਝ ਆਉਂਦੀ ਸੀ ਕਿ ਜਦੋਂ ਇਹ ਵਿਚਾਰ ਉਭਰੇ ਸਨ, ਉਦੋਂ ਹੀ ਕਿਤੇ ਨੋਟ ਕਿਉਂ ਨਾ ਕਰ ਲਏ। ਅਤੇ ਅਕਸਰ ਕਈ ਵਾਰ ਇਉਂ ਹੁੰਦਾ ਸੀ ਕਿ ਸਾਈਕਲ ਉੱਤੇ ਜਾਂਦੇ ਹੋਏ ਅਚਾਨਕ ਕੋਈ ਤੁਕਬੰਦੀ ਜਾਂ ਵਿਚਾਰ ਨੇ ਦਿਮਾਗ਼ ਵਿਚ ਉਭਰ ਪੈਣਾ ਅਤੇ ਉਸੇ ਵੇਲੇ ਸਾਈਕਲ ਰੋਕ ਕੇ ਸੜਕ ਕਿਨਾਰੇ ਕਾਠੀ ਉੱਤੇ ਕਾਗਜ਼ ਰੱਖ ਕੇ ਉਸ ਨੂੰ ਉਤਾਰ ਲੈਣਾ। ਆਮ ਆਦਰਸ਼ਵਾਦੀ ਨੌਜਵਾਨਾਂ ਵਾਂਗ ਹੀ ਕਵਿਤਾ ਦੇ ਖੇਤਰ ਵਿਚੀਂ ਲੰਘਣਾ ਪਿਆ ਹੈ, ਹਾਲਾਂਕਿ ਹੁਣ ਮੇਰਾ ਇਹ ਵਿਚਾਰ ਬਣ ਗਿਆ ਹੈ ਕਿ ਸਾਰੀ ਉਮਰ ਹੇਠਲੀ ਪੱਧਰ ਦਾ ਕੰਮ ਚਲਾਊ ਕਵੀ ਬਣੇ ਰਹਿਣ ਦਾ ਅਰਥ ਆਪਣੀ ਪ੍ਰਤਿਭਾ ਨੂੰ ਬੰਨ੍ਹ ਮਾਰਨਾ ਹੈ। ਮੇਰੀ ਧਾਰਨਾ ਹੈ ਕਿ ਜਿਉਂ ਜਿਉਂ ਮਨੁੱਖ ਭਾਵਨਾਵਾਂ ਦੇ ਚੱਕਰ ਵਿਚੋਂ ਨਿਕਲ ਕੇ ਸਮਝ ਦੀ ਪੱਧਰ ਤੇ ਪਹੁੰਚਦਾ ਹੈ ਤਾਂ ਉਸ ਨੂੰ ਜਾਂ ਤਾਂ ਕਵਿਤਾ ਦਾ ਪੱਧਰ ਉੱਚਾ ਕਰਨਾ ਚਾਹੀਦਾ ਹੈ ਜਾਂ ਫਿਰ ਆਪਣੀ ਲੇਖਣੀ ਦੀ ਸਿਨਫ਼ ਤਬਦੀਲ ਕਰ ਦੇਣੀ ਚਾਹੀਦੀ ਹੈ। ਖ਼ੈਰ, ਇਸ ਲੇਖ ਦਾ ਵਿਸ਼ਾ ਵਸਤੂ ਇਹ ਹੈ ਕਿ ਕੋਈ ਵੀ ਲੇਖਕ, ਚਾਹੇ ਉਹ ਸਿਰਜਣਾਤਮਕ ਲਿਖਾਰੀ ਹੋਵੇ ਜਾਂ ਪੱਤਰਕਾਰ, ਕਦੋਂ ਲਿਖਦਾ ਹੈ, ਕਿਉਂ ਲਿਖਦਾ ਹੈ ਅਤੇ ਕੀ ਲਿਖਦਾ ਹੈ?

ਸਭ ਤੋਂ ਪਹਿਲਾਂ ਤਾਂ ਇਹੀ ਮਸਲਾ ਲਈਏ ਕਿ ਉਹ ਕੀ ਲਿਖਦਾ? ੩੧ ਜੁਲਾਈ ੧੯੬੯ ਨੂੰ ਮੈਂ ਪੱਤਰਕਾਰੀ ਦੇ ਖੇਤਰ ਵਿਚ ਦਾਖ਼ਲ ਹੋਣ ਲਈ ਜਲੰਧਰ ਦੀ ਉਸ ਅਖ਼ਬਾਰ ਦੀਆਂ ਪੌੜੀਆਂ ਚੜ੍ਹਿਆ ਜਿਹੜਾ ਉਦੋਂ ਸਿਖਾਂਦਰੂ ਪੱਤਰਕਾਰਾਂ ਦਾ ਮੱਕਾ ਸੀ। ਪਹਿਲੇ ਹੀ ਦਿਨ ਪਹਿਲਾ ਸਬਕ ਮੈਨੂੰ ਇਹ ਦਿਤਾ ਗਿਆ ਕਿ ਜਿਸ ਨੇ ਸਹੀ ਅਰਥਾਂ ਵਿਚ ਪੱਤਰਕਾਰ ਬਣਨਾ ਹੈ ਉਸ ਨੂੰ ਕਵਿਤਾ ਜਾਂ ਕਹਾਣੀ ਲਿਖਣੀ ਨਸੀਬ ਨਹੀਂ ਹੋਣੀ। ਅੱਵਲ ਤਾਂ ਪੰਜਾਂ ਦਸਾਂ ਸਾਲਾਂ ਦੇ ਅਰਸੇ ਨੇ ਉਸ ਦੀ ਸਿਰਜਣਾਤਮਕ ਰਗ ਹੀ ਢਿੱਲੀ ਕਰ ਦੇਣੀ ਹੈ। ਉਸ ਨੇ ਪੱਤਰਕਾਰ ਬਣ ਜਾਣਾ ਹੈ ਅਤੇ ਕਵੀ ਜਾਂ ਕਹਾਣੀਕਾਰ ਨਹੀਂ ਰਹਿਣਾ। ਜੇ ਉਸ ਨੇ ਹੱਠ ਫੜ ਹੀ ਲਿਆ ਤਾਂ ਉਸ ਦੀ ਕਵਿਤਾ ਜਾਂ ਕਹਾਣੀ ਵਿਚ ਵੀ ਪੱਤਰਕਾਰੀ ਰਸ ਨੇ ਆ ਜਾਣਾ ਹੈ।

ਕਈ ਸਾਲਾਂ ਦੀ ਗੱਲ ਹੈ, ਮੇਰੇ ਇਕ ਪੱਤਰਕਾਰ ਮਿੱਤਰ ਨੇ ਆਪਣੀ ਹੋਣ ਵਾਲੀ ਪਤਨੀ ਨਾਲ ਪੱਤਰ ਵਿਹਾਰ ਸ਼ੁਰੂ ਕੀਤਾ। ਪੱਤਰ ਮੇਰੇ ਰਾਹੀਂ ਆਉਂਦੇ ਸਨ ਕਿਉਂਕਿ ਪੱਤਰਕਾਰ ਮਿੱਤਰ ਦਾ ਕੋਈ ਪੱਕਾ ਟਿਕਾਣਾ ਨਹੀਂ ਸੀ। ਜਦੋਂ ਦੋਹਾਂ ਦੀ ਸ਼ਾਦੀ ਹੋ ਗਈ ਤਾਂ ਮਿੱਤਰ ਦੀ ਪਤਨੀ ਨੇ ਆਪਣੇ ਪਤੀ ਦੇ ਪੱਤਰਾਂ ਬਾਰੇ ਟਿੱਪਣੀ ਕੀਤੀ: "ਜਦੋਂ ਵੀ ਇਹ ਵਿਆਹ ਤੋਂ ਪਹਿਲਾਂ ਖ਼ਤ ਲਿਖਦੇ ਸਨ, ਇਉਂ ਲੱਗਦਾ ਸੀ ਜਿਵੇਂ ਖ਼ਬਰ ਲਿਖ ਰਹੇ ਹੋਣ। ਜੇ ਕਮੀ ਸੀ ਤਾਂ ਸਿਰਫ਼ ਉਨਵਾਨ ਦੀ ਸੀ।" ਮੇਰੇ ਮਰਹੂਮ ਪਿਤਾ ਜੀ ਨੇ ਵੀ ਕਈ ਵਾਰ ਮੈਨੂੰ ਕਿਹਾ ਕਿ ਤੇਰੇ ਖ਼ਤਾਂ ਵਾਲੀ ਕੋਈ ਗੱਲ ਨਹੀਂ ਹੁੰਦੀ। ਕਦੇ ਤਾਂ ਇਹ ਲੇਖ ਬਣ ਜਾਦੇ ਹਨ, ਕਦੇ ਖ਼ਬਰਾਂ ਅਤੇ ਕਦੇ ਖ਼ਬਰਾਂ ਉੱਤੇ ਤਬਸਰਾ। ਮੈਂ ਕਈ ਵਾਰੀ ਆਪਣੇ ਲਿਖੇ ਪੱਤਰਾਂ ਨੂੰ ਦੁਬਾਰਾ ਪੜ੍ਹਕੇ ਨੁਕਸ ਕੱਢਣ ਦੀ ਕੋਸਿਸ਼ ਕੀਤੀ ਪਰ ਮੈਨੂੰ ਕਦੇ ਨੁਕਸ ਨਹੀਂ ਪਤਾ ਲੱਗਾ। ਆਖ਼ਰਕਾਰ ਮੈਂ ਇਹ ਸਿੱਟਾ ਕੱਢਿਆ ਕਿ ਜਿਵੇਂ ਹਲਵਾਈ ਨੂ ਮਿਠਾਈ ਦੀ ਮਹਿਕ ਨਹੀਂ ਆਉਂਦੀ ਅਤੇ ਜਿਵੇਂ ਝਟਕਈ ਨੂੰ ਬਦਬੂ ਦਾ ਅਹਿਸਾਸ ਨਹੀਂ ਹੁੰਦਾ, ਉਵੇਂ ਹੀ ਮੈਨੂੰ ਵੀ ਚਿੱਠੀਆਂ ਵਿਚਲੇ ਖ਼ਬਰਾਂ ਦੇ ਅੰਸ਼ ਦਾ ਪਤਾ ਨਹੀਂ ਲੱਗਦਾ।

ਪੱਤਰਕਾਰੀ ਨੇ ਬਹੁਤ ਸਾਰੇ ਕਵੀ, ਕਹਾਣੀ ਲੇਖਕ, ਨਾਵਲਕਾਰ, ਨਾਟਕਕਾਰ, "ਖ਼ਤਮ" ਕੀਤੇ ਦੱਸੇ ਜਾਂਦੇ ਹਨ। ਇਕ ਵਾਰੀ ਇਕ ਕਹਾਣੀਕਾਰ ਰਹਿ ਚੁੱਕੇ ਪੱਤਰਕਾਰ ਨੇ ਅਜਿਹੇ ਕਈ ਪੱਤਰਕਾਰਾਂ ਦੇ ਨਾਂ ਗਿਣਵਾਏ ਸਨ ਜਿਹੜੇ



Sri Satguru Jagjit Singh Ji eLibrary NamdhariElibrary@gmail.com

ਪਹਿਲਾਂ ਕਵੀ ਸਨ, ਕਹਾਣੀਕਾਰ ਸਨ ਜਾਂ ਨਾਵਲਕਾਰ ਸਨ। ਉਨ੍ਹਾਂ ਵਿਚੋਂ, ਹੋ ਸਕਦਾ ਹੈ, ਕੋਈ ਨਾ ਕੋਈ ਮਹਾਨ ਬਣ ਜਾਂਦਾ। ਪਰ ਹੁਣ ਵੀ ਉਹ ਕਾਫ਼ੀ ਜਾਣੇ ਜਾਂਦੇ ਹਨ। ਅਤੇ ਜਾਣੇ ਵੀ ਪੱਤਰਕਾਰਾਂ ਦੇ ਤੌਰ ' ਤੇ ਜਾਂਦੇ ਹਨ। ਹੋ ਸਕਦਾ ਹੈ ਕਿ ਏਨੀ ਪ੍ਰਸਿੱਧੀ ਇਹ ਆਪਣੇ ਸਿਰਜਣਾਤਮਕ ਖੇਤਰ ਵਿਚ ਕਦੇ ਨਾ ਹਾਸਲ ਕਰ ਸਕਦੇ। ਫਿਰ ਵੀ ਜਿਹੜੇ ਪੱਤਰਕਾਰ, ਪੱਤਰਕਾਰੀ ਦੇ ਕਿੱਤੇ ਦੇ ਨਾਲ ਨਾਲ ਆਪਣੇ ਸਿਰਜਣਾਤਮਕ ਕੰਮ ਨੂੰ ਵੀ ਕਰਦੇ ਜਾ ਰਹੇ ਹਨ, ਉਹ ਸੱਚਮੁਚ ਹੀ ਪ੍ਰਸੰਸਾ ਦੇ ਕਾਬਲ ਹਨ। ਜਿਹੜੇ ਪੱਤਰਕਾਰੀ ਦੇ ਨਾਲ ਨਾਲ ਕਵਿਤਾ ਵਿਚ ਵੀ ਮੱਲਾਂ ਮਾਰ ਰਹੇ ਹਨ, ਉਹ ਤਾਂ ਹਨ ਹੀ ਸਰਵੋਤਮ ਸਤਿਕਾਰ ਦੇ ਪਾਤਰ।

ਸਾਲਾਂ ਦੀ ਪੱਤਰਕਾਰੀ ਦੇ ਤਜਰਬੇ ਨੇ ਹੁਣ ਲਿਖਣ ਲਈ ਸਮੇਂ ਦੀ ਸਮੱਸਿਆ ਨਹੀਂ ਰਹਿਣ ਦਿੱਤੀ। ਜਦੋਂ ਕਦੇ ਵੀ ਸਮਾਂ ਮਿਲੇ, ਕਿਸੇ ਵੀ ਮਨਚਾਹੇ ਵਿਸ਼ੇ ਬਾਰੇ ਡੇਢ ਦੋ ਹਜ਼ਾਰ ਸ਼ਬਦ ਤੁਰਤ ਫੁਰਤ ਲਿਖੇ ਜਾਂਦੇ ਹਨ। ਇਨ੍ਹਾਂ ਵਿਚ ਵਿਚਾਰ ਵੀ ਆਪ ਮੁਹਾਰੇ ਜੁੜਦੇ ਤੁਰੇ ਜਾਂਦੇ ਹਨ। ਇਸ ਦੇ ਮੁਕਾਬਲੇ ਜੇ ਕਦੇ ਕਿਸੇ ਮਿੱਤਰ ਨੂੰ ਜਾਂ ਸਹੇਲੀ ਨੂੰ ਚਿੱਠੀ ਲਿਖਣੀ ਪੈ ਜਾਵੇ ਤਾਂ ਅਤਿਅੰਤ ਮੁਸ਼ਕਿਲ ਪੈਦਾ ਹੋ ਜਾਂਦੀ ਹੈ। ਦੁਆ ਸਲਾਮ ਅਤੇ ਰਾਜ਼ੀ ਖ਼ੁਸ਼ੀ ਤੋਂ ਬਾਦ ਗੱਲ ਅੱਗੇ ਹੀ ਨਹੀਂ ਤੁਰਦੀ। ਇਹ ਪਤਾ ਨਹੀਂ ਲੱਗਦਾ ਕਿ ਚਿੱਠੀ ਵਿਚ ਕਿਸ ਤਰ੍ਹਾਂ ਦੀਆਂ ਗੱਲਾਂ ਲਿਖੀਆਂ ਜਾਣ।

ਇਸ ਦੇ ਮੁਕਾਬਲੇ! ਮੇਰਾ ਇਕ ਮਿੱਤਰ ਹੈ ਜੋ ਕੇਂਦਰ ਸਰਕਾਰ ਦੇ ਇਕ ਦਫਤਰ ਵਿਚ ਕੰਮ ਕਰਦਾ ਹੈ। ਉਸ ਨੂੰ ਪੱਤਰਕਾਰੀ ਦਾ ਸ਼ੌਕ ਵੀ ਹੈ ਅਤੇ ਪੁਰਾਣਾ ਤਜਰਬਾ ਵੀ। ਉਸ ਦਾ ਕੰਮ ਵੀ ਪੱਤਰਕਾਰੀ ਨਾਲ ਸੰਬਧਤ ਹੈ। ਇਕ ਵਾਰੀ ਉਹ ਮੈਨੂੰ ਮਿਲਣ ਆਇਆ। ਉਸ ਨੇ ਨਵਾਂ ਲੇਖ ਲਿਖਿਆ ਸੀ। ਲੇਖ ਮੈਨੂੰ ਸੁਣਾਉਣਾ ਚਾਹੁੰਦਾ ਸੀ ਪਰ ਗ਼ਲਤੀ ਨਾਲ ਲੇਖ ਦਾ ਖਰੜਾ ਘਰ ਭੁੱਲ ਆਇਆ ਸੀ। ਪਰ ਇਸ ਨਾਲ ਵੀ ਉਹ ਨਿਰ-ਉਤਸ਼ਾਹ ਨਹੀਂ ਹੋਇਆ। ਬੀੜੀ ਸੁਲਗਾ ਕੇ ਉਸ ਨੇ ਹਰ ਫ਼ਿਕਰਾ ਆਪਣੇ ਜ਼ਿਹਨ ਵਿਚ ਉਭਾਰਿਆ ਅਤੇ ਸਾਰੇ ਦਾ ਸਾਰਾ ਲੇਖ, ਸਣੇ ਪੈਰਿਆਂ ਦੇ, ਸੁਣਾ ਦਿਤਾ। ਆਪਣੀ ਲਿਖਤ ਨਾਲ ਇਸ ਤਰ੍ਹਾਂ ਦਾ ਲਗਾਓ ਬਹੁਤ ਘੱਟ ਦੇਖਣ ਵਿਚ ਆਉਂਦਾ ਹੈ, ਖ਼ਾਸ ਕਰ ਕੇ ਜਦੋਂ ਇਹ ਲਿਖਤ ਪੱਤਰਕਾਰਤਾ ਦੇ ਖੇਤਰ ਵਿਚ ਆਉਂਦੀ ਹੋਵੇ ਨਾ ਕਿ ਕਥਾ-ਸਹਿਤ ਦੇ ਘੇਰੇ ਵਿਚ।

ਲਿਖਣ ਦੇ ਕੀ ਕਾਰਨ ਹਨ? ਇਸ ਸਵਾਲ ਦਾ ਜਵਾਬ ਦੇਣਾ ਮੁਸ਼ਕਲ ਹੈ। ਟਾਲਸਟਾਏ ਨੇ ਕਿਤੇ ਲਿਖਿਆ ਸੀ ਕਿ ਜੇ ਉਹ ਲਿਖੇ ਨਾ ਤਾਂ ਉਸ ਦਾ ਜਿਊਣਾ ਮੁਸ਼ਕਲ ਹੋ ਜਾਵੇ। ਫਿਰ ਵੀ ਲਿਖਣ ਕਾਰਨ ਹੀ ਉਸ ਦੀ ਪਤਨੀ ਨੇ ਉਸ ਦਾ ਜਿਊਣਾ ਦੁਭੱਰ ਕਰ ਦਿਤਾ ਸੀ ਕਿਉਂਕਿ ਉਸ ਦਾ ਵਿਚਾਰ ਸੀ ਕਿ ਜੇ 'ਕਾਊਂਟ' ਟਾਲਸਟਾਏ ਲਿਖਣ ਦੀ ਥਾਂ ਪਰਿਵਾਰ ਦੇ ਕਾਰੋਬਾਰ ਵਲ ਧਿਆਨ ਦਿੰਦਾ ਤਾਂ ਪਰਿਵਾਰ ਕਿਤੇ ਖ਼ੁਸ਼ਹਾਲ ਹੁੰਦਾ। ਪਰ ਉਸ ਵਿਚਾਰੀ ਨੂੰ ਕੀ ਪਤਾ ਸੀ ਜੇ ਟਾਲਸਟਾਏ ਲਿਖਦਾ ਨਾ, ਤਾਂ ਸਿਰਫ਼ ਰੂਸ ਦਾ ਹੀ ਨਹੀਂ ਸਮੁੱਚੇ ਸੰਸਾਰ ਦਾ ਸਾਹਿਤ ਕਿੰਨਾ ਗ਼ਰੀਬ ਹੋ ਗਿਆ ਹੁੰਦਾ। ਟਾਲਸਟਾਏ ਆਪਣੀ ਪਤਨੀ ਦੇ ਵਤੀਰੇ ਤੋਂ ਏਨਾ ਦੁਖੀ ਸੀ ਕਿ ਆਪਣੀ ਆਖ਼ਰੀ ਉਮਰੇ ਉਹ ਆਪਣੀ ਚਹੇਤੀ ਧੀ ਨੂੰ ਲੈ ਕੇ ਘਰੋਂ ਨਿਕਲ ਪਿਆ ਸੀ ਅਤੇ ਉਸ ਨੇ ਆਪਣੇ ਅੰਤਲੇ ਦਿਨ ਇਕ ਛੋਟੇ ਜਿਹੇ ਰੇਲਵੇ ਪਲੇਟਫ਼ਾਰਮ ਉੱਤੇ ਬਿਤਾਏ। ਕਿਹਾ ਜਾਂਦਾ ਹੈ ਕਿ ਉਸ ਨੇ ਇਹ ਆਦੇਸ਼ ਦਿਤੇ ਸਨ ਕਿ ਉਸ ਦੀ ਪਤਨੀ ਨੂੰ ਉਸ ਦੇ ਸਾਹਮਣੇ ਨਾ ਆਉਣ ਦਿਤਾ ਜਾਵੇ।

ਮਨੁੱਖ ਨੇ ਜੋ ਕੁਝ ਦੇਖਿਆ, ਮਹਿਸੂਸਿਆ, ਚਿਤਵਿਆ, ਕਲਪਿਆ ਹੈ, ਉਸ ਨੂੰ ਪਰਗਟ ਕਰਨ ਦੀ ਚਾਹਨਾ ਹੋਣਾ ਕੁਦਰਤੀ ਗੱਲ ਹੈ। ਉਸੇ ਦੇ ਪ੍ਰਗਟਾਵੇ ਲਈ ਮਨੁੱਖ ਨੇ ਸ਼ਬਦ ਘੜੇ ਹਨ, ਅੱਖਰ ਘੜੇ ਹਨ ਅਤੇ ਅੱਖਰਾਂ ਰਾਹੀਂ ਸਾਹਿਤ। ਪੱਤਰਕਾਰੀ ਦੀ ਸਿਨਫ਼ ਰਾਹੀਂ ਵੀ ਮਨੁੱਖ ਉਸੇ ਤਰ੍ਹਾਂ ਹੀ ਆਪਣੀ ਜਿਗਿਆਸਾ ਤੇ ਉਤਸ਼ਾਹ ਸ਼ਾਂਤ ਕਰ ਲੈਂਦਾ ਹੈ ਜਿਵੇਂ ਕੋਈ ਕਵੀ ਜਾਂ ਕਹਾਣੀਕਾਰ ਕਵਿਤਾ ਜਾਂ ਕਹਾਣੀ ਲਿਖ ਕੇ। ਪਰ ਲਿਖਣ ਦਾ ਸਭ ਤੋਂ ਜ਼ਰੂਰੀ ਕਾਰਨ ਇਹ ਹੈ ਕਿ ਕਿਸੇ ਅਖ਼ਬਾਰ ਦਾ ਹਫ਼ਤਾਵਾਰੀ ਕਾਲਮ ਇਕ ਅਜਿਹੀ ਜ਼ਹਿਮਤ ਹੈ ਜਿਸ ਲਈ ਲਿਖਣਾ ਲਾਜ਼ਮੀ ਹੁੰਦਾ ਹੈ ਅਤੇ ਉਹ ਵੀ ਹਰ ਮਿਥੇ ਸਮੇਂ 'ਤੇ।

ਇਸ ਲਈ ਕਿਸੇ ਬਾਤਰਤੀਬ ਸੋਚ ਦੀ ਚੋਣ ਨਹੀਂ ਹੁੰਦੀ। ਜੋ ਚਿੱਤ ਆਵੇ ਲਿਖੀ ਜਾਵੋ। ਪਾਠਕਾਂ ਨੇ ਉਹੀ ਪਰਵਾਨ ਕਰ ਲੈਣਾ ਹੁੰਦਾ ਹੈ। ਪਰ ਹੈਰਾਨੀ ਉਦੋਂ ਹੁੰਦੀ ਹੈ ਜਦੋਂ ਪਾਠਕ ਕਹਿੰਦੇ ਹਨ ਕਿ ਉਨ੍ਹਾਂ ਨੂੰ ਇਹ ਲਿਖਤ ਪੰਸਦ ਵੀ ਆਈ ਹੈ। ਕਿਉਂ ਪੰਸਦ ਆਉਂਦੀ ਹੈ ਭਾਈ ਇਸ ਤਰ੍ਹਾਂ ਦੀ ਕਚਘਰੜ ਤੇ ਘੇਤਲੀ ਲਿਖਤ ਜਿਹੜੀ ਨਾ ਕਵਿਤਾ ਹੈ, ਨਾ ਕਹਾਣੀ ਹੈ, ਨਾ ਨਾਟਕ ਹੈ ਤੇ ਨਾ ਨਾਵਲ ਹੈ? ਇਸ ਸਵਾਲ ਦਾ ਜਵਾਬ ਤਾਂ ਉਹ ਪਾਠਕ ਹੀ ਦੇ ਸਕਦੇ ਹਨ।

*(ਰੱਤੋ ਰੱਤ ਪੰਜਾਬ ਵਿਚੋਂ)*


Sri Satguru Jagjit Singh Ji eLibrary NamdhariElibrary@gmail.com

# ਦੋ ਗ਼ਜ਼ਲਾਂ/ਮਹਾਂਬੀਰ ਸਿੰਘ ਦਰਦੀ

ਲਹਿ ਗਈ ਹੈ ਜੋ ਮਨਾਂ ਵਿਚ ਤਿਸ਼ਨਗੀ ਦਾ ਕੀ ਬਣੂੰ,
ਪੀ ਲਈ ਸਾਰੀ ਥਲਾਂ ਨੇ ਤਾਂ ਨਦੀ ਦਾ ਕੀ ਬਣੂੰ।

ਸਭ ਦਿਲਾਂ ਵਿਚ ਰੋਸ ਦੀ ਅੱਗ ਸੁਲਗਦੀ ਦਾ ਕੀ ਬਣੂੰ,
ਕੀ ਕਹਾਂ ਕਲ ਨੂੰ ਮੁਨਾਖੀ ਰਹਿਬਰੀ ਦਾ ਕੀ ਬਣੂੰ।

ਦੁਸ਼ਮਣੀ ਦਾ ਵਿੱਚ ਰਲਾ ਹੈ, ਦੋਸਤੀ ਦਾ ਕੀ ਬਣੂੰ,
ਹੋ ਗਈ ਬੇ-ਆਸ ਤਾਂ ਫਿਰ ਜ਼ਿੰਦਗੀ ਦਾ ਕੀ ਬਣੂੰ।

ਨਾ ਕਰੋ ਨਫ਼ਰਤ ਖੁਦਾ ਦੇ ਬੰਦਿਆਂ ਤੋਂ ਇਸ ਤਰ੍ਹਾਂ,
ਇਸ ਤਰ੍ਹਾਂ ਬੰਦਿਓ! ਤੁਹਾਡੀ ਬੰਦਗੀ ਦਾ ਕੀ ਬਣੂੰ।

ਬਾਗ ਵਿਚ ਅੱਜ ਪੌਣ ਵਗਦੀ-ਤੇਜ਼ ਵਹਿਸ਼ੀ ਹਿਰਸ ਦੀ,
ਹੁਣ ਸੁਹਜ ਦੀ ਅਧ-ਖਿੜੀ-ਕੋਮਲ ਕਲੀ ਦਾ ਕੀ ਬਣੂੰ।

ਦਿਨ-ਪ੍ਰਤੀ-ਦਿਨ ਨੇਰ੍ਹ ਵਧਦਾ ਜਾ ਰਿਹੈ ਸੰਸਾਰ ਤੇ,
ਦਿਨ-ਪ੍ਰਤੀ-ਦਿਨ ਘੱਟ ਰਹੀ ਇਸ ਰੋਸ਼ਨੀ ਦਾ ਕੀ ਬਣੂੰ।

ਰਿਸ਼ਤਿਆਂ ਵਿਚ ਆ ਗਈ ਬੇਗਾਨਗੀ ਹੈ ਇਸ ਕਦਰ,
ਦਿਲਬਰਾਂ ਤੋਂ ਜੋ ਸਰੀ ਨਾ ਦਿਲਬਰੀ ਦਾ ਕੀ ਬਣੂੰ।

ਅੱਜ ਅਸੀਂ ਤਹਿਜ਼ੀਬ ਦੇ ਕਿਹੜੇ ਪੜਾ ਤੇ ਆ ਗਏ,
ਲਾਲਸਾ ਦਾ ਦੌਰ ਹੈ, ਹੁਣ ਆਦਮੀ ਦਾ ਕੀ ਬਣੂੰ।

ਹਰ ਕਲਾ ਤੇ ਪੈਸਾ ਏਦਾਂ ਹੀ, ਜੇ ਭਾਰੂ ਹੋ ਗਿਆ,
ਕੀ ਕਰੂ ਫ਼ਨਕਾਰ ਤੇ ਫਿਰ ਸ਼ਾਇਰੀ ਦਾ ਕੀ ਬਣੂੰ।

ਹੋ ਗਏ ਵਿਸਵਾਸ਼ਘਾਤੀ ਤੇ ਫਰੇਬੀ ਲੋਕ ਨੇ,
ਹੁਣ ਮੇਰੇ ਪੰਜਾਬ ਦੀ ਸਾਦਾ-ਦਿਲੀ ਦਾ ਕੀ ਬਣੂੰ।

ਕੁਝ ਪਤਾ ਲਗਦਾ ਨਹੀਂ 'ਦਰਦੀ' ਸਮਾਜਕ ਰੋਗ ਦਾ,
ਨਾ-ਸਮਝ ਚਾਰਾਗਰੋ! ਚਾਰਾਗਰੀ ਦਾ ਕੀ ਬਣੂੰ।

ਅਜੋਕੇ ਰਹਿਬਰਾਂ ਦਾ ਦੋਗਲਾ ਕਿਰਦਾਰ ਹੈ ਪਿਆਰੇ,
ਅਖੌਤੀ ਦੇਸ਼-ਸੇਵਾ ਦਾ ਬੜਾ ਪਰਚਾਰ ਹੈ ਪਿਆਰੇ।

ਵਿਖਾਵਾ ਅਜ ਸਿਆਸਦਾਨ ਦਾ ਆਧਾਰ ਹੈ ਪਿਆਰੇ,
ਸਿਆਸਤ ਦੇਸ਼ ਮੇਰੇ ਵਿਚ ਬਣੀ ਬਿਉਪਾਰ ਹੈ ਪਿਆਰੇ।

ਸਿਰੋਂ ਲੰਘੀ ਜੋ ਰੋਂਦੀ ਬੁਲਬੁਲਾਂ ਦੀ ਡਾਰ ਹੈ ਪਿਆਰੇ,
ਇਹ ਗੁਲਸ਼ਨ ਦੀ ਤਬਾਹੀ ਦਾ ਕੋਈ ਆਸਾਰ ਹੈ ਪਿਆਰੇ।

ਸੁਆਰਥਖੋਰ ਬੰਦਾ ਕਦ ਕਿਸੇ ਦਾ ਯਾਰ ਹੈ ਪਿਆਰੇ,
ਪਦਾਰਥਵਾਦ ਨੇ ਅੰਨ੍ਹਾਂ ਕੀਤਾ ਸੰਸਾਰ ਹੈ ਪਿਆਰੇ।

ਤੁਰੇ ਦੋ ਪੈਰ ਅੱਗੇ ਨੂੰ, ਮੁੜੇ ਦੋ ਪੈਰ ਪਿੱਛੇ ਨੂੰ,
ਅਸਾਂ ਵੇਖੀ ਤਰੱਕੀ ਦੀ ਨਵੀਂ ਰਫ਼ਤਾਰ ਹੈ ਪਿਆਰੇ।

ਫ਼ਸਾਦਾਂ ਦੇ ਸਹਾਰੇ ਤੇ ਸਿਆਸਤ ਹਰ ਜਗ੍ਹਾ ਚਲਦੀ,
ਹਰਿਕ ਸਰਕਾਰ ਆਖਰਕਾਰ ਨੂੰ ਸਰਕਾਰ ਹੈ ਪਿਆਰੇ।

ਕਲਮ ਉਸਦੀ ਲਿਖੇਗੀ ਕੀ ਅਵਾਮੀ ਪੀੜ ਦੀ ਗਾਥਾ,
ਇਨਾਮਾਂ ਦੇ ਲਈ ਭਾਉਂਦਾ ਜੋ ਸਾਹਿਤਕਾਰ ਹੈ ਪਿਆਰੇ।

ਤਦੇ ਹਰ ਸ਼ਾਖ, ਤਿਤਲੀ, ਭੌਰ ਦੀ ਖਾਤਰ ਦੁਆ ਕਰਦਾਂ,
ਅਜੇ ਕਬਜ਼ੇ 'ਚ ਉੱਲੂਆਂ ਦੇ ਮਿਰੀ ਗੁਲਜ਼ਾਰ ਹੈ ਪਿਆਰੇ।

ਵਤਨ ਦੇ ਰਹਿਨੁਮਾ ਅਜ ਕਲ ਬਣੇ ਗੁਫ਼ਤਾਰ ਦੇ ਗਾਜ਼ੀ,
ਮਿਟੇ ਜੋ ਦੇਸ਼ ਤੋਂ 'ਦਰਦੀ' ਉਹੀ ਸਰਦਾਰ ਹੈ ਪਿਆਰੇ।

*ਪਿੰਡ ਤੇ ਡਾਕ. ਟਿੱਬਾ*
*ਜ਼ਿਲ੍ਹਾ ਕਪੂਰਥਲਾ*



Sri Satguru Jagjit Singh Ji eLibrary NamdhariElibrary@gmail.com

## .ਗਜ਼ਲ

—ਮਹਿਮਾ ਸਿੰਘ

ਨਜ਼ਰ ਆਵੇ ਤਰੰਗ ਏਹੋ ਅਸਾਨੂੰ ਚੜ੍ਹਤਲਾਂ ਵਿੱਚੋਂ।
ਸਫ਼ੀਨੇ ਹੋਣਗੇ ਬਾਹਰ ਅਸਾਡੇ ਦਲਦਲਾਂ ਵਿਚੋਂ।

ਹਨੇਰਾ ਲੱਖ ਰੋਕੇ ਰਾਹ ਪੈਰਾਂ ਵਿਚ ਰਹੇ ਜੁੰਬਿਸ਼,
ਸਦਾ ਹੀ ਲੰਘ ਜਾਂਦੇ ਸੂਰਮੇ ਸਭ ਅਟਕਲਾਂ ਵਿਚੋਂ।

ਕੁਠਾਲੀ ਵਿਚ ਪਏ ਸੋਨੇ ਜਿਹਾ ਫਿਰ ਉਹ ਬਣੇ ਕੁੰਦਨ,
ਜਦੋਂ ਇਨਸਾਨ ਲੰਘੇ ਜਾਨ-ਲੇਵਾ ਮੁਸ਼ਕਲਾਂ ਵਿਚੋਂ।

ਅਸਾਨੂੰ ਮਾਪਣੇ ਪੈਣੇ ਨੇ ਕਿੰਨੇ ਹੀ ਗਗਨ ਮਿੱਤਰੋ,
ਜ਼ਿਆਦਾ ਦੇਰ ਨਾ ਕਰੀਏ ਤੁਰੋ ਹੁਣ ਮਹਿਫ਼ਲਾਂ ਵਿਚੋਂ।

ਮੁਹੱਬਤ ਰੁਕ ਨਹੀਂ ਸਕਦੀ ਰਹੇ ਵਗਦੀ ਨਦੀ ਵਾਂਗੂੰ,
ਉਛਾਲੇ ਖਾ ਕੇ ਲੰਘ ਜਾਵੇ ਸਦਾ ਮੁਸ਼ਕਲ ਪਲਾਂ ਵਿਚੋਂ।

ਉਨ੍ਹਾਂ ਨੂੰ ਦੂਰ ਇਕ ਖ਼ੁਸ਼ਹਾਲ ਨਖ਼ਲਿਸਤਾਨ ਦਿਸਦਾ ਸੀ,
ਤੁਰੇ ਸੀ ਕਾਫ਼ਿਲੇ ਵਾਲੇ ਜਦੋਂ ਮਾਰੂਥਲਾਂ ਵਿਚੋਂ।

ਹੈ ਰੁਕਦਾ ਦਾਰ ਤੇ ਜਾ ਕੇ ਹੀ ਜਜ਼ਬਾ ਸਰਫਰੋਸ਼ੀ ਦਾ,
ਰਿਹਾ ਪਰਵਾਨ ਚੜ੍ਹਦਾ ਇਹ ਸਦਾ ਹੀ ਰਹਿਤਲਾਂ ਵਿਚੋਂ।

ਹਲਵਾਰਾ (ਲੁਧਿਆਣਾ)
ਪਿੰਨ—੧੪੧੧੦੭

## ਸਤਿਗੁਰ ਮਹਿਮਾ ਦੀਆਂ
## ਤਿੰਨ ਰੁਬਾਈਆਂ

—ਮਾਸਟਰ ਅਜੀਤ ਸਿੰਘ ਰੌਲੀਆ

(1) ਬੁੱਝਿਆਂ ਤੈਨੂੰ ਬੁੱਝ ਨਾ ਸਕੀਏ,
ਲੱਭਿਆਂ ਲੱਭ ਨਾ ਸਕੀਏ।
ਤੇਰੀ ਮਿਹਰਮਤ ਤੇ ਗੁਰ-ਕਿਰਪਾ ਸੰਗ,
ਥਾਹ ਤੇਰੀ ਪਾ ਸਕੀਏ।

***

(2) ਪਤਿਤ ਉਧਾਰਣ ਭੈ-ਹਰਣੈਂ, ਸਾਰੇ ਤੈਨੂੰ ਕਹਿੰਦੇ।
ਕਹਿੰਦੇ ਕਹਿੰਦੇ ਕੀ-ਕੀ ਕਹੀਏ, ਕਹਿਣੋਂ ਵੀ ਨਾ ਰਹਿੰਦੇ।
ਤੂੰ ਬੇਅੰਤ ਤੇਰਾ ਅੰਤ ਨਾ ਕੋਈ,
ਮੁੜ ਮੁੜ ਸਾਰੇ ਕਹਿੰਦੇ।

***

(3) ਖੱਟ-ਸ਼ਾਸਤਰ ਅਰ ਸਿਮਰਤੀ,
ਸਾਰੇ ਨਾਮ ਦੇ ਹੀ ਗੁਣ ਗਾਵਣ।
ਵੇਦ ਗ੍ਰੰਥ ਵਿਚਾਰਵਾਨ ਸਭ,
ਇਹੋ ਆਖ ਸੁਨਾਵਣ।

ਸਭ ਲੋਕਾਈ ਨਾਮ ਦੀ ਦਾਸੀ,
ਸਾਰੇ ਗਿਆਨ ਦਾ, ਇਹ ਸਾਰ
ਨਾਮ ਦਾ ਦਾਤਾ ਸੱਚਾ ਸਤਿਗੁਰ,
ਸਾਧ ਸੰਤ ਸਮਝਾਵਣ।

## ਦੋ ਚੌਮਿਸਰੇ

ਚਰਨ ਸੀਚੇਵਾਲਵੀ

ਨਜ਼ਰ ਮਾਰ ਕੇ ਵੇਖ ਲਉ ਆਪ ਸਤਿਗੁਰ,
ਤੇਰੇ ਰੰਗ ਵਿਚ ਸਤਿਗੁਰਾ! ਰੰਗੇ ਕਿ ਨਹੀਂ ?

ਤੇਰੀ ਯਾਦ ਅੰਦਰ ਜਿਹੜੇ ਪਲ ਗੁਜ਼ਰੇ,
ਉਹ ਸਾਡੇ ਸੁਰਗਾਂ ਤੋਂ ਚੰਗੇ ਕਿ ਨਹੀਂ ?

ਤੇਰੀ ਸੂਰਤ ਦਾ ਜਿੱਥੇ ਵੀ ਪਿਆ ਝਾਉਲਾ,
ਓਥੇ ਬਣ ਗਏ ਅਸੀਂ ਪਤੰਗੇ ਕਿ ਨਹੀਂ ?

ਕਿਤੇ ਮਿਲੇ ਤਾਂ ਪੁੱਛਾਂਗੇ 'ਚਰਨ' ਤੈ ਥੋਂ,
ਤੇਰੇ ਬਿਰਹਾ ਨੇ ਸੂਲੀ ਤੇ ਟੰਗੇ ਕਿ ਨਹੀਂ?

***

ਕਿਉਂ ਨਾ ਉਨ੍ਹਾਂ ਦੇ ਮੈਂ ਬਲਿਹਾਰ ਜਾਵਾਂ,
ਨੇਕੀ ਕਰ ਜੋ ਨਦੀ 'ਚ ਰੋੜ੍ਹ ਦਿੰਦੇ।

ਦੇਣ ਉਨ੍ਹਾਂ ਦਾ ਵੀ ਕਿਸੇ ਕੀ ਦੇਣਾ,
ਜਿਹੜੇ ਬੁਰਿਆਂ ਕੰਮਾਂ ਤੋਂ ਹੋੜ ਦਿੰਦੇ।

ਕਦੇ ਕਦੇ ਮਨੁੱਖ ਉਹ ਹੋਣ ਪੈਦਾ,
ਜਿਹੜੇ ਮੌਤ ਦਾ ਮੂੰਹ ਵੀ ਮੋੜ ਦਿੰਦੇ।

ਉਹ ਵੀ ਰੱਬ ਤੋਂ 'ਚਰਨ' ਨਹੀਂ ਘੱਟ ਹੁੰਦੇ,
ਜਿਹੜੇ ਰੱਬ ਦੇ ਨਾਲ ਸਾਨੂੰ ਜੋੜ ਦਿੰਦੇ।

੪੨੮, ਗੁਰੂ ਨਾਨਕ ਪੁਰਾ (ਵੈਸਟ)
ਡਾਕਖਾਨਾ-ਚੌਗਿੱਟੀ।
ਜਲੰਧਰ ੧੪੪੦੦੯


ਵਰਿਆਮ ਲਈ ਸ਼ੁਭ ਇੱਛਾਵਾਂ:

ਸ. ਅਜੀਤ ਸਿੰਘ ਨਾਮਧਾਰੀ

ਨਾਮਧਾਰੀ ਬ੍ਰਦਰਜ਼

ਡਾਲਟਨਗੰਜ (ਬਿਹਾਰ)

NAMDHARI BROTHERS

DALTON GANJ (BIHAR)

Prop. *S. Ajit Singh Namdhari*





Sri Satguru Jagjit Singh Ji eLibrary NamdhariElibrary@gmail.com

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ ਛਾਇਆ ਹੇਠ

# ਸ੍ਰੀ ਭੈਣੀ ਸਾਹਿਬ ਵਿਖੇ ਸੁਵਰਗੀ ਨਜ਼ਾਰੇ ॥

ਸੰਤ ਫੁੰਮਣ ਸਿੰਘ 'ਕੰਵਲ'

'ਗੁਰੂ ਮੰਗਲ'

ਸਤਿਗੁਰੂ ਜਗਜੀਤ ਸਿੰਘ, ਸਿੰਘ ਗੁਰੂ ਪ੍ਰਤਾਪ॥
ਤਿਨਕੇ ਚਰਨ ਸਰੋਜ ਪਰ, 'ਕੰਵਲ' ਨਿਵਾਵੇ ਮਾਥ॥
ਕਲਮ ਉਠਾਈ ਜੱਸ ਲਿਖਣ, ਬਲ, ਬੁਧਿ ਬਖ਼ਸ਼ੋ ਆਪ॥
ਤੁਮਰੀ ਕਿਰਪਾ ਤੇ ਮਿਟਣ, ਮਨ ਦੇ ਤੀਨੋ ਤਾਪ॥
ਕਿਰਪਾ ਹੋਈ ਆਪ ਦੀ ਤਬ ਲਿਖਿਆ ਇਹ ਲੇਖ,
ਮੇਹਰ ਕਰੀ ਗੁਰੂ ਰਾਮ ਸਿੰਘ ਜਿਸ ਮਾਰੀ ਰੇਖ ਵਿਚ ਮੇਖ॥

ਦੋਹਰਾ॥

ਤੀਨ ਬਰਸ ਕੁਛ ਨਹੀਂ ਲਿਖਾ ਰੋਗੀ ਭਇਆ ਸਰੀਰ।
ਅਬ ਕਿਰਪਾ ਗੁਰ ਜਗਜੀਤ ਕੀ ਮਨ ਨੇ ਬੰਨੀ ਧੀਰ॥

੧੧ ਨਵੰਬਰ ੧੯੯੯ ਵੀਰਵਾਰ, ੨ ਵਜੇ ਅਮ੍ਰਿਤ ਵੇਲੇ ਚੰਡੀ ਦੀ ਵਾਰ ਦੇ ਸਵਾ ਲੱਖ ਪਾਠਾਂ ਲਈ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੀ ਛਤਰ ਛਾਇਆ ਹੇਠ ਹਵਨ ਯੱਗ ਦਾ ਆਰੰਭ ਕੀਤਾ ਗਿਆ, ਜਿਸਦਾ ਭੋਗ ੨੫ ਨਵੰਬਰ ੧੯੯੯ ਨੂੰ ਪਾਇਆ ਗਿਆ।

"ਹਵਨ ਕੁੰਡ"

ਖੁੱਲੀ ਚਾਰ ਦਿਵਾਰੀ ਵਿਚ ਹਵਨ ਕੁੰਡ ਸੁਸ਼ੋਭਤ ਸੀ। ਕੋਈ ਮੱਖੀ ਮੱਛਰ ਅੰਦਰ ਪ੍ਰਵੇਸ਼ ਨਾ ਕਰੇ ਇਸ ਲਈ ਦੁਆਲੇ ਜਾਲੀ ਲਗਾਈ ਗਈ ਸੀ। ਇਸ ਕੁੰਡ ਦੇ ਇਕ ਪਾਸੇ ਲੋਹੇ ਦੀਆਂ ਟੈਂਕੀਆਂ ਰੱਖੀਆਂ ਗਈਆਂ ਸਨ। ਇਕ ਟਾਂਕੀ ਵਿਚ ਘਿਉ ਭਰਿਆ ਸੀ ਜਿਸ ਵਿਚ ਇਕ ਉਂਗਲ ਮੋਟੀ ਨਾਲੀ (ਪਾਈਪ) ਲੱਗਾ ਹੋਇਆ ਸੀ, ਜਿਸ ਵਿਚੋਂ ਦੀ ਘਿਉ ਪੰਘਰਕੇ ਹਵਨ ਕੁੰਡ ਵਿਚ ਗਿਰਦਾ ਸੀ, ਅਤੇ ਦੂਸਰੀ ਨਾਲੀ ਵਿਚ ਦੀ ਪਾਣੀ ਭਖਦੀ ਜੁਆਲਾ (ਅਗਨੀ) ਉਤੇ ਪੈ ਰਿਹਾ ਸੀ ਤਾਂਕਿ ਤੇਜ ਮੱਠਾ ਰਹੇ।

ਪਾਠੀ, ਇਸ ਹਵਨ ਕੁੰਡ ਦੁਆਲੇ ਪਾਠ ਕਰਦੇ ਸਨ। ਪਹਿਲੀ ਰੌਲ ਪੰਜਾਹ ਪਾਠੀਆਂ ਦੀ ਸੀ ਜੋ ਪੋਥੀਆਂ ਤੋਂ ਚੰਡੀ ਦੀ ਵਾਰ ਦਾ ਉਚੀ ਬੋਲ ਕੇ ਪਾਠ ਕਰਦੇ ਸਨ, ਧੀਮੀ ਆਵਾਜ਼ ਨਾਲ। ਅੰਦਰ ਪਾਠੀਆਂ ਦੇ ਬੈਠਣ ਲਈ ਸੁੰਦਰ ਥਾਂਹ ਤਿਆਰ ਕੀਤੀ ਗਈ ਸੀ ਜਿਥੇ ਲੱਗ ਪੱਗ ਸੌ ਪਾਠੀ ਬੈਠ ਸਕਦੇ ਸਨ। ਜਿਉਂ-ਜਿਉਂ ਸੰਗਤ ਵਧਦੀ ਗਈ ਤਿਵੇਂ ਤਿਵੇਂ ਦੂਸਰੀ ਰੌਲ ਵਿਚ ਪਾਠੀਆਂ ਦੀ ਸੰਖਿਆਂ ੭੦-੮੦ ਵੀ ਹੋ ਜਾਂਦੀ ਸੀ।

ਪਹਿਰੇਦਾਰ ਹਰ ਪਾਸੇ ਨੀਯਤ ਕੀਤੇ ਗਏ ਸਨ ਜੋ ਬੜੀ ਸਾਵਧਾਨੀ ਨਾਲ ਸੇਵਾ ਕਰ ਰਹੇ ਸਨ।

ਭੋਜਨ ਪਾਠੀਆਂ ਲਈ ਸੋਧ ਨਾਲ ਤਿਆਰ ਕਰਕੇ ਛਕਾਇਆ ਜਾਂਦਾ ਸੀ। ਪਾਠੀ ਸਣੇ ਕੇਸੀਂ ਇਸ਼ਨਾਨ ਕਰਕੇ, ਸ਼ੁੱਧ ਪੁਸ਼ਾਕ ਪਾਕੇ ਆਸਣ ਲਾ ਕੇ ਬੈਠਦੇ ਸਨ। ਇਹਨਾਂ ਤੇ ਸੇਵਾਦਾਰ ਵੀ ਸੋਧੀ ਦੇਖ ਰੇਖ ਕਰਦੇ ਸਨ। ਸਤਿਗੁਰੂ ਜੀ ਵਲੋਂ ਵੀ ਹਰ ਵੇਲੇ ਨਿਗਰਾਨੀ ਰੱਖੀ ਜਾਂਦੀ ਸੀ। ਹਰੇਕ ਸਮੇਂ ਦੀ ਪੂਰੀ ਵੰਡ ਕੀਤੀ ਗਈ ਸੀ। ਕੋਈ ਵਿਘਨ ਨਾ ਪਵੇ ਇਸ ਲਈ ਪਹਿਰੇਦਾਰ ਨੀਯਤ ਕੀਤੇ ਗਏ ਸਨ। ਇਕ ਪਾਠੀ ਖੜਾ ਹੋਕੇ ਸੱਮਗਰੀ ਦੀਆਂ ਕੜਛੀਆਂ ਭਰ ਭਰ ਕੇ ਪਾਈ ਜਾਂਦਾ ਸੀ। ਇਸ ਦੀ ਰੌਲ ਵੀ ਦੋ ਘੰਟੇ ਹੁੰਦੀ ਸੀ। ਬਿਨਾਂ ਸੋਧੀ ਕੋਈ ਅੰਦਰ ਨਹੀਂ ਸੀ ਪ੍ਰਵੇਸ਼ ਕਰ ਸਕਦਾ।

ਇਹ ਹਵਨ ਯੱਗ ਵੇਦਾਂ ਅਨੁਸਾਰ ਕੀਤਾ ਜਾਂਦਾ ਹੈ ਜਿਵੇਂ ਨੈਣਾ ਦੇਵੀ ਦੇ ਟਿੱਲੇ ਉਪਰ ਦਸਮੇਸ਼ ਜੀ ਨੇ ਪੰਡਿਤ ਕੇਸ਼ੋ ਦਾਸ ਕੋਲੋਂ ਕਰਵਾਇਆ ਸੀ। ਦਸ਼ਮੇਸ਼ ਜੀ ਨੇ ਕਿਹਾ ਸੀ ਕਿ ਪੰਡਿਤ ਜੀ ਇਹ ਹਵਨ ਕਰਨਾ ਤਾਂ ਸਾਡਾ ਪਰਮ ਧਰਮ ਹੈ, ਯਥਾ:-

ਇਹ ਤੋ ਧਰਮ ਹਮਾਰਾ ਸਾਰ। ਕਰਤ ਰਹੇ ਨ੍ਰਿਪ ਮੁਨਿ ਅਵਤਾਰ।
ਸੋ ਤੋ ਹਮ ਭੀ ਕਰਨਾ ਚੈਹੈ। ਜਿਸਤੇ ਸਭ ਸ੍ਰਿਸਟੀ ਸੁਖ ਪੈ ਹੈ।
ਇਕਤੋ ਅਬ ਦੁਰਭਿਖ ਅਤਿ ਭਾਰੀ। ਹੈ ਪੜ ਰਹਯੋ ਨਬਰਸਤ ਵਾਰੀ।
ਦੂਸਰ ਭਾਰਤ ਵਰਸ ਮਝਾਰੇ। ਮਹਾਂਮਰੀ ਪੜ ਰਹੀ ਅਪਾਰੇ।
ਤ੍ਰਿਤੀਏ ਜੋ ਨਰ ਨਾਰੀ ਆਰਜ। ਹੋਇ ਰਹੇ ਨਿਜ ਧਰਮੋਂ ਖਾਰਜ।
ਪਾਪ ਕੁਕਰਮਨ ਮੈ ਸਭ ਲਾਗੇ। ਇਸੀ ਹੇਤ ਬਨ ਰਹੇ ਅਭਾਗੇ।
ਜਗਯ ਹਮਨ ਲੌ ਸੁਕ੍ਰਿਤ ਜੇ ਹੈ। ਹਾਕਮ ਤੁਰਕ ਕਰਨ ਨ ਦੇ ਹੈਂ।
ਹਮ ਜਬ ਹਮਨ ਜਗਯ ਕਰਵੈਹੈ। ਖੁਸਿ ਵ ਘਨ ਜਲ ਬਹੁ ਵਰਸੈ ਹੈ।



Sri Satguru Jagjit Singh Ji eLibrary NamdhariElibrary@gmail.com

ਦੁਰਭਿਖ ਨਸੈ ਅੰਨਯ ਬਹੁ ਥਹੈ। ਧਰਨੀ ਰਸ ਸਭ ਬਿਧ ਪਰਗਟੈ ਹੈ।
ਪਵਨ ਹਵਨ ਤੈ ਸੁੱਧ ਭਵੈ ਹੈ। ਰੋਗ ਸੋਗ ਸਭ ਦੂਰ ਨਸੈ ਹੈ।
ਬੁਧਿ ਸੁਧ ਨਰ ਨਾਰਿਨ ਥੈ ਹੈ। ਸੁਕ੍ਰਿਤ ਸਭ ਕਰਨੇ ਲਗ ਜੈ ਹੈ।
ਨਸੈ ਅਬਿਦਯਾ ਬਿਦਯਾ ਐਹੈ। ਸੂਰਬੀਰਤਾ ਦ੍ਰਿੜ ਪ੍ਰਗਟੈ ਹੈ।
ਵਰਣਾ ਆਸ੍ਰਮੀ ਜਨ ਹੈਂ ਜੇਤੇ। ਕਾਇਰਤਾ ਕਰ ਪੂਰਨ ਤੇਤੇ।
ਭੇਡ ਬਕਰੀਆਂ ਸਮ ਹੋ ਰਹੇ। ਬਾਛਿਤ ਕਾਂਮ ਤੁਰਕ ਸਭ ਲਹੇ।
ਇਨੈ ਹਵਨ ਕੀ ਪਵਨ ਲਗੈ ਜਬ। ਸ਼ੇਰ ਬਘਯਾੜ ਨਸੇ ਵਹੈਂ ਤਬ।
ਸੂਰਬੀਰਤਾ ਉਗਮੈਂ ਜਗ ਹੈ। ਧਰਮ ਪੁਰਾਤਨ ਕਰਨੇ ਲਗ ਹੈ।
ਪ੍ਰਭਤਾ ਦੇਹ ਅਰੋਗ, ਕਰਾਤੀ। ਬਿਜੈ ਗਯਾਨ, ਸੰਤਤ ਸੁਖਦਾਤੀ।
ਨਿਰਭੈਤਾ, ਜਸ, ਗੁਣ ਦੈਵੀ ਸਬ। ਹੋਹਿ ਪਰਾਪਤ ਗੁਰ ਘਰ ਮੈ ਤਬ।
ਬਾਲਕ ਭਾਗਵਾਨ ਪ੍ਰਗਟੈ ਹੈ। ਰੋਗ ਸੀਤਲਾ ਆਦਿ ਨਸੈ ਹੈ।
ਕਾਮਾਦਿਕ ਸਭ ਅਸੁਰੀ ਸੰਪਤਿ। ਜਗਯ ਹੋਮ ਕੋ ਪਿਖ ਕੈ ਕੰਪਤ।
ਉਤਮ ਗੁਣ ਸਤ ਆਦਿਕ ਜੇ ਹੈ। ਬਾਵਨ ਕਹੇ ਬੇਦ ਰਿਗ ਮੇਹੈ।
ਸੋ ਅਵਸ ਜਗ ਮੈਂ ਬਰਤੈ ਹੈ। ਜਗਯ ਹਵਨ ਵਿਧਿਵਤ ਜਬ ਥੈ ਹੈ॥

ਪੰਥ ਪ੍ਰਕਾਸ਼, ਗਿਆਨੀ ਗਿਆਨ ਸਿੰਘ
ਭਾਸ਼ਾ ਵਿਭਾਗ, ਪੰਜਾਬ ੧੯੭੦

**ਗੁਰੂ ਘਰ ਵਿਖੇ ਹੋਮ**

ਤਿਤ ਘਿਇ ਹੋਮ ਜਗ ਸਦ ਪੂਜਾ ਪਇਐ ਕਾਰਜੁ ਸੋਹੈ॥
(ਮਾਝ ਮੱਹਲਾ ੧)

ਕੂੜ ਕਪਟ ਸਭ ਛਪ ਗਿਆ ਸਭ ਸਚ ਵਰਤਾਰਾ।
ਫਿਰ ਯਗ ਹੋਮ ਠਹਿਰਾਇ ਕਰ ਨਿਜ ਧਰਮ ਸਵਾਰਾ।
(ਭਾ. ਗੁਰਦਾਸ)

ਜਗ ਹੋਮ ਹੋਵਨਾ ਨਾ ਹਿੰਦ ਮੇਂ ਕੋਈ ਮੂਲ ਪਾਤਾ।
ਝੂਲਤੇ ਨਸ਼ਾਨ ਨਹੀਂ ਅੱਜ ਹਿੰਦਵਾਨਕੇ।
ਕਹਿਤ ਹਰਨਾਮ ਸਿੰਘ ਇਸ ਮੇਂ ਨਾ ਝੂਠ ਜਾਨੋ,
ਜੇ ਨਾ ਤੀਰ ਛੂਟਤੇ ਗੋਬਿੰਦ ਸਿੰਘ ਜੁਆਨ ਕੇ।
(ਹਰਨਾਮ ਸਿੰਘ, ਉਪਦੇਸ਼ਕ ਚੀਫ ਖਾਲਸਾ ਦਿਵਾਨ)

"ਹਵਨ" ਜਗਿਆਸੂਆਂ ਦੇ ਭਲੇ ਲਈ ਕੀਤੇ ਜਾਂਦੇ ਹਨ। ਇਹ ਤਾਂ ਕੇਵਲ ਮਹਾਂ ਪੁਰਖ, ਸਤਿਗੁਰੂ ਅਵਤਾਰ, ਜਿਹਨਾਂ ਨੂੰ ਧੁਰੋਂ ਪ੍ਰਮੇਸ਼ਰ ਦਾ ਹੁਕਮ ਹੁੰਦਾ ਹੈ, ਉਹੀ ਕਰ ਸਕਦੇ ਹਨ। ਅੰਗਰੇਜ਼ ਸਾਸ਼ਨ ਕਾਲ ਵੇਲੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਭੈਣੀ ਸਾਹਿਬ ਸਵਾ ਲੱਖ ਚੰਡੀ ਦੇ ਪਾਠਾਂ ਨਾਲ ਹਵਨ ਯੱਗ ਕਰਵਾਇਆ ਸੀ। ਜਦ ਅੰਗਰੇਜ਼ ਨੇ ਲਾਹੌਰ ਵਿਖੇ ਬੁੱਚੜ ਖਾਨਾ ਖੋਲਣ ਦਾ ਐਲਾਨ ਕਰ ਦਿਤਾ ਸੀ, ਜਿਸ ਵਿਚ ਇੰਗਲੈਂਡ ਤੋਂ ਇਸ ਤਰ੍ਹਾਂ ਵੀ ਕਿਹਾ ਗਿਆ ਸੀ ਕਿ ਜੀਊਂਦੇ ਪਸ਼ੂ ਨੂੰ ਗਰਮ ਪਾਣੀ ਵਿਚ ਉਬਾਲਣਾ ਹੈ, ਤਾਂ ਇਸਤੇ ਭਾਰਤੀ ਲੋਕਾਂ ਨੇ ਬੜਾ ਭਾਰੀ ਰੋਸ ਕੀਤਾ ਸੀ।

ਇਹ ਸੁਣਕੇ ਸੱਚੇ ਪਾਤਸ਼ਾਹ ਸਤਿਗੁਰੂ ਜੀ ਨੇ ਜਨਤਾ ਦੀ ਹਾਹਾ ਕਾਰ ਨੂੰ ਸੁਣਕੇ ਸਵਾ ਲੱਖ ਪਾਠਾਂ ਦਾ ਹਵਨ ਯੱਗ ਆਰੰਭਿਆ ਸੀ। ਆਖਰ ਜਿਸ ਦਿਨ ਪਾਠਾਂ ਦੇ ਭੋਗ ਪਏ ਸਨ, ਉਸੇ ਦਿਨ ਹੀ ਬੁਚੜ ਖਾਨਾ ਬੰਦ ਕਰਨ ਦਾ ਐਲਾਨ ਹੋ ਗਿਆ ਸੀ। ਇਸਤੋਂ ਭਾਰਤੀ ਲੋਕਾਂ ਨੂੰ ਰਾਹਤ ਮਿਲੀ ਸੀ।

ਜਦ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇਵ ਲੋਕ ਸਿਧਾਰੇ ਤਾਂ ਸੰਨ ੧੯੫੯ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਗੁਰਗੱਦੀ ਤੇ ਵਿਰਾਜਮਾਨ ਹੋਏ, ਤਾਂ ਹਜ਼ੂਰ ਨੇ ਵੀ ਲੋਕ ਭਲਾਈ ਦੇ ਅਧੂਰੇ ਪਏ ਕੰਮਾਂ ਨੂੰ ਪੂਰੇ ਕਰਨ ਲਈ ਕਮਰਕੱਸੇ ਕੀਤੇ ਅਤੇ ਹੋਮ ਯੱਗਾਂ ਦੀ ਅਰੰਭਤਾ ਕੀਤੀ। ਇਕ ਸ੍ਰੀ ਜੀਵਨ ਨਗਰ, ਦੋ ਮਸਤਾਨ ਗੜ੍ਹ, ਅਤੇ ਦੋ ਸ੍ਰੀ ਭੈਣੀ ਸਾਹਿਬ ਕੀਤੇ। ਇਹ ਚੌਥਾ ਹਵਨ ਸ੍ਰੀ ਭੈਣੀ ਸਾਹਿਬ ਫਿਰ ਸਤਿਗੁਰੂ ਜੀ ਦੀ ਬਖਸ਼ਿਸ਼ ਦਾ ਹੀ ਨਤੀਜਾ ਹੈ ਜਿਸ ਵਿਚ ਪੰਜ ਨਾਰੀਅਲ ਦੋ -ਦੋ ਘੰਟਿਆਂ ਬਾਦ ਪਾਏ ਜਾਂਦੇ ਸਨ।

ਯਥਾ ਮੰਤ੍ਰ : -

'ਅਗਨੇ ਪ੍ਰਾਸਸਤਾ ਹੁਤਿ ਸਮਯੁਗ,
ਆਦਿਤੀ ਮੂ ਪ੍ਰਤਿਸਟਤੇ, ਆਦਿਤੀਆ ਜਯਤੇ ਵਰੁਠ,
ਤ੍ਰਰੁਸਠੇਨ ਤੱਤ ਪਰਜਾਂ।'

ਅਰਥਾਤ ਅੱਗ ਵਿਚ ਪਾਈ ਹੋਈ ਆਹੂਤੀ ਭਲੀ ਭਾਂਤ ਸੂਰਜ ਨੂੰ ਪ੍ਰਾਪਤ ਹੁੰਦੀ ਹੈ ਤੇ ਸੂਰਜ ਤੋਂ ਵਰਖਾ, ਵਰਖਾ ਤੋਂ ਅੰਨ, ਅੰਨ ਤੋਂ ਪਰਜਾ ਦੀ ਉਤਪਤੀ।

'ਅੰਨਾਦਿ ਭਵਜੀ ਭੂਤਾਂ ਨੂੰ ਪ੍ਰਜੰਨ ਆਦਿ ਨੂੰ ਸੰਭਵ,
ਯਗ ਆਦਿ ਭਵਤੀ ਪ੍ਰਜੰਨਯੋ, ਯੱਗ ਕਰਮ ਸਮੁਦ ਭਵ।'

ਅਰਥਾਤ = ਅੰਨ ਤੋਂ ਸਾਰੇ ਪ੍ਰਾਣੀ, ਅੰਨ ਮੇਘ ਤੋਂ, ਮੇਘ ਯੱਜ ਤੋਂ ਔ ਯੱਜ ਕਰਮ ਤੋਂ ਉਤਪਨ ਹੁੰਦਾ ਹੈ। ਹਵਨ ਨਾਲ ਹਵਾ ਸ਼ੁੱਧ ਹੁੰਦੀ ਹੈ। ਕਿਟਾਣੂ ਦੁਖ ਦਾਇਕ ਹੁੰਦੇ ਹਨ ਓਹ ਮਰ ਜਾਂਦੇ ਹਨ ਤੇ ਲੋਕਾਂ ਨੂੰ ਬੀਮਾਰੀਆਂ ਤੋਂ ਰਾਹਤ ਮਿਲ ਜਾਂਦੀ ਹੈ। ਜੇਹੜਾ ਸਵਾਸ ਅੰਦਰ ਨੂੰ ਖਿਚਦੇ ਹਾਂ ਓਹ ਸ਼ੁੱਧ ਹਵਾ ਸਾਡਾ ਹਿਰਦਾ ਪ੍ਰੰਸਨ ਕਰਦੀ ਹੈ ਅਤੇ ਪ੍ਰਾਣੀ ਅਰੋਗ ਰਹਿੰਦੇ ਹਨ।


Sri Satguru Jagjit Singh Ji eLibrary NamdhariElibrary@gmail.com

" ਅੰਨ ਦਾਨ" (ਲੰਗਰ)
ਤਥਾ ਆਤਿਥੀ ਸੇਵਾ।

ਈਸ਼ਾਦ ਨੌਂ ਉਪਨਿਸਦ ਵਿਖੇ ਜੋ ਅੰਨ ਦਾਨ ਦਾ ਮਹੱਤਵ ਲਿਖਿਆ ਹੈ ਓਹ ਪਾਠਕਾਂ ਦੀ ਦ੍ਰਿਸ਼ਟੀ ਗੋਚਰ ਕਰਦੇ ਹਾਂ :- ਅਤਿਥੀ ਤੋਂ ਭਾਵ ਹੈ ਜੋ ਕੋਈ ਪ੍ਰਹੁਣਾ ਯਾ ਸਾਧੂ ਸੰਤ ਬਿਨਾ ਮਿਥੇ ਅਚਾਨਕ ਗ੍ਰਹਸਥੀ ਦੇ ਘਰ ਆਉਂਦਾ ਹੈ ਤਾਂ ਇਸਦਾ ਧਰਮ ਹੈ ਕਿ ਓਹ ਘਰ ਆਏ ਪ੍ਰਹੁਣਿਆਂ ਦਾ ਸਤਿਕਾਰ ਖਿੜੇ ਮੱਥੇ, ਖੁਸ਼ੀ ਨਾਲ ਆਦਰ ਪੂਰਵਕ ਕਰੇ ਅਤੇ ਉਸਨੂੰ ਪ੍ਰੇਮ ਪੂਰਵਕ ਭੋਜਨ ਛਕਾਵੇ, ਇਸ਼ਨਾਨ ਕਰਾ ਸਵੱਛ ਬਸਤਰ ਦੇ ਕੇ ਅਤਿਥੀ ਨੂੰ ਸੰਤੁਸ਼ਟ ਕਰੇ - ਇਸਦਾ ਬੜਾ ਮੱਹਤਵ ਹੈ। ਭਾਵ-----

ਜੋ ਪ੍ਰਾਣੀ ਅਤਿਥੀ ਸੇਵਾ ਦਾ ਪੂਰਾ ਲਾਭ ਉਠਾਣਾ ਚਾਹੇ ਉਸਨੂੰ ਸਭ ਤੋਂ ਪਹਿਲਾਂ ਇਹ ਨਿਯਮ ਕਰਨਾ ਚਾਹੀਦਾ ਹੈ ਕਿ ਉਸਦੇ ਘਰ ਜੋ ਅਤਿਥੀ ਆਸਰੇ ਦੀ ਆਸ਼ਾ ਨਾਲ ਪਧਾਰੇਗਾ, ਉਹ ਉਸਨੂੰ ਕੋਰਾ ਜਵਾਬ ਦੇ ਕੇ ਨਿਰਾਸ਼ ਨਹੀਂ ਤੋਰੇਗਾ, ਅਤੇ "ਅਤਿਥੀ ਦੇਵੋਂ ਭਵਹ" ਅਤਿਥੀ ਦੀ ਦੇਵਤਾ ਬੁਧਿ ਨਾਲ ਸੇਵਾ ਕਰੇ।

ਇਹ ਉਪਦੇਸ਼ ਗੁਰੂ ਜੀ ਦੁਆਰਾ ਸਨਾਤਨ ਸਿੱਖਾਂ ਨੂੰ ਪਹਿਲਾਂ ਹੀ ਦਿਤਾ ਜਾ ਚੁੱਕਾ ਹੈ। ਇਸ ਪ੍ਰਕਾਰ ਦਾ ਨਿਯਮ ਨਿਭੌਣ ਨਾਲ ਹੀ ਅਤਿਥੀ ਸੇਵਾ ਸੰਭਵ ਅਤੇ ਫਲਦਾਇਕ ਹੈ। ਇਹੋ ਜਹੀ ਸ਼ਰਧਾ ਭਾਵਨਾ ਨਾਲ ਅਤਿਥੀ ਦੀ ਸੇਵਾ ਪ੍ਰਾਣੀ ਦੇ ਭਵਿਸ਼ ਨੂੰ ਬਹੁਤ ਹੀ ਉਜਾਗਰ ਕਰ ਦੇਵੇਗੀ ਅਤੇ ਉਸਦੇ ਪਰੀਵਾਰ ਵਿਚ ਕਦੇ ਵੀ ਕੋਈ ਆਰਥਕ ਘਾਟਾ ਮਹਿਸੂਸ ਨਹੀਂ ਹੋਵੇਗਾ, ਅਤੇ ਅਤਿਥੀ ਸੇਵਾ ਦੇ ਪ੍ਰਭਾਵ ਨਾਲ ਉਸਨੂੰ ਕਿਸੀ ਕਿਸਮ ਦੀ ਕਠਨਾਈ ਨਹੀਂ ਰਹੇਗੀ ਅਤੇ ਉਸਦੇ ਸਾਰੇ ਫੁਰਨੇ ਸਾਕਾਰ ਹੁੰਦੇ ਰਹਿਣਗੇ। ਜੋ ਅਤਿਥੀ ਨੂੰ ਭੋਜਨ ਆਦਿ ਤਿਆਰ ਕਰਕੇ ਸੁਖ ਪਹੁਚਾਂਦਾ ਹੈ ਉਸ ਨੂੰ ਵੀ ਸਧਾਰਨ ਰੀਤ ਅੰਨ ਪ੍ਰਾਪਤ ਹੁੰਦਾ ਹੈ। ਜਿਸ ਪਿਆਰ, ਸ਼ਰਧਾ ਅਤੇ ਸਤਿਕਾਰ ਨਾਲ ਓਹ ਅਤਿਥੀ ਦੀ ਸੇਵਾ ਕਰਦਾ ਹੈ ਉਹੀ ਵਸਤੂਆਂ ਉਸਨੂੰ ਅਸਾਨੀ ਨਾਲ ਹੀ ਪਰਾਪਤ ਹੋ ਜਾਂਦੀਆਂ ਹਨ - ਬਗੈਰ ਬਹੁਤੀ ਮੇਹਨਤ ਕੀਤਿਆਂ।

ਐਸੇ ਹੀ ਅੰਨ ਦਾਨ ਕਰਨ ਵਾਲਾ ਪ੍ਰਾਣੀ ਸੰਸਾਰ ਵਿਚ ਸਦਾ ਜੀਵਤ ਰਹਿੰਦਾ ਹੈ ਇਸ ਲਈ ਗੁਰੂ ਨਾਨਕ ਸੰਪ੍ਰਦਾ ਵਿਚ ਲੰਗਰ ਦੀ ਸੇਵਾ ਭਾਵਨਾ ਕਾਇਮ ਰਖਣ ਲਈ ਸੰਗਤ ਪੰਗਤ ਦਾ ਪਰਭਾਉ ਰਖਣ ਕਰਕੇ ਭੋਜਨ ਦੀ ਵਿਵਸਥਾ ਕੀਤੀ ਗਈ ਹੈ ਤੇ ਹੁਣ ਤਕ ਚਲੀ ਆ ਰਹੀ ਹੈ। ਜ਼ਿਲਾ ਜਲੰਧਰ ਤਸੀਲ ਫਲੌਰ ਵਿਖੇ ਪਿੰਡ ਢੇਸੀਆਂ ਕਾਹਨਾਂ ਮਸ਼ਹੂਰ ਹੈ। ਸਿਆਣੇ ਦਸਦੇ ਹਨ ਕਿ ਇਥੇ ਢੇਸੀ ਗੋਤ ਦਾ ਕਾਹਨਾਂ ਜੱਟ ਹੁੰਦਾ ਸੀ ਜਿਸਨੇ ਆਪਣੇ ਖੂਹ ਨੂੰ ਜਾਣ ਵਾਲੇ ਰਸਤੇ ਤੇ ਲੰਗਰ ਲਾਇਆ ਹੋਇਆ ਹੁੰਦਾ ਸੀ। ਜੋ ਰਾਹੀ, ਪਾਂਧੀ ਇਸ ਰਸਤੇ ਆਉਂਦਾ ਜਾਂਦਾ ਹੁੰਦਾ ਸੀ ਉਸਨੂੰ ਉਹ ਬਿਨਾ ਲੰਗਰ ਛਕਣ ਤੋਂ ਨਾ ਸੀ ਜਾਣ ਦਿੰਦਾ। ਇਹ ਉਸ ਕਾਹਨੇ ਦਾ ਨਿਯਮ ਸੀ, ਇਸ ਕਾਰਣ ਕਰਕੇ ਪਿੰਡ ਢੇਸੀਆਂ ਕਾਹਨੇ ਦੀਆਂ ਹੋ ਗਿਆ ਭਾਵ ਜਦ ਤੀਕ ਪਿੰਡ ਢੇਸੀਆਂ ਰਹੇਗਾ, ਕਾਹਨੇ ਦਾ ਨਾਮ ਵੀ ਉਦੋਂ ਤਕ ਅਮਰ ਰਹੇਗਾ। ਇਹ ਅੰਨ ਦਾਨ ਦਾ ਪ੍ਰਭਓ ਹੈ। ਦੂਸਰਾ ਇਸ ਕਾਹਨੇ ਦਾ ਭਰਾ ਜੋਧਾ ਢੇਸੀ ਸੀ। ਇਸਨੇ ਆਪਣਾ ਪਿੰਡ ਵਖਰਾ ਕਾਇਮ ਕੀਤਾ ਹੋਇਆ ਸੀ। ਇਸਦਾ ਪਿੰਡ ਛੋਟੀਆਂ ਢੇਸੀਆਂ ਮਸ਼ਹੂਰ ਹੈ। ਇਹ ਜੋਧਾ ਢੇਸੀ ਗੁਰੂ ਅਰਜਨ ਸਾਹਿਬ ਜੀ ਪਾਸ ਸੰਗਤ ਲੈਕੇ ਜਾਂਦਾ ਹੁੰਦਾ ਸੀ ਇਸ ਕਰਕੇ ਇਸਦਾ ਨਾਮ ਬਾਬਾ ਸੰਗ ਪੈ ਗਿਆ। ਅੱਜ ਕੱਲ ਪਿੰਡ ਦਾ ਨਾਮ ਬਾਬਾ ਸੰਗ ਢੇਸੀਆਂ ਪੈ ਗਿਆ। ਇਥੇ ਬਾਬੇ ਸੰਗ ਵਾਲੇ ਦੇ ਨਾਮ ਤੇ ਬੜਾ ਮੰਦਰ ਗੁਰਦੁਆਰਾ ਤੇ ਕੁੜੀਆਂ, ਮੁੰਡਿਆਂ ਦਾ ਕਾਲਜ ਬੀ. ਏ. ਤੀਕ ਚਲ ਰਿਹਾ ਹੈ। ਵਿਸਾਖੀ ਤੇ ਬਹੁਤ ਭਾਰੀ ਮੇਲਾ ਲਗਦਾ ਹੈ।

ਭਾਈ ਗੁਰਦਾਸ ਜੀ ਨੇ ਵੀ ਇਸ ਦਾ ਨਾਮ ਗੁਰੂ ਅਰਜਨ ਦੇਵ ਜੀ ਦੇ ਸਿਖਾਂ ਵਿਚ ਲਿਖਿਆ ਹਾ, ਯਥਾ :-

'ਢੇਸੀ ਜੋਧ ਵਖਾਣੀਏ।
ਢੇਸੀ ਜੋਧੇ ਸੰਗ ਹੈ।'

ਅਤੇ ਇਸੇ ਤਰ੍ਹਾਂ ਨੇਕ ਪੁਰਸ਼ਾਂ ਦੇ ਨਾਮ ਸੰਸਾਰ ਵਿਚ ਸਦਾ ਚਾਨਣ ਮੁਨਾਰੇ ਦੀ ਤਰ੍ਹਾਂ ਚਮਕਦੇ ਰਹਿੰਦੇ ਹਨ।

ਅੱਛੇ ਰਹਿਣ ਸਹਿਣ ਨਾਲ ਸੁੰਦਰਤਾ ਆਉਂਦੀ ਹੈ ਅਤੇ ਸ਼ੁਧ ਭੋਜਨ ਛਕਣ ਨਾਲ ਬੁਧਿ ਚੇਤੰਨ ਪੈਦਾ ਹੁੰਦੀ ਹੈ। ਮਹਾਂਪੁਰਸ਼ਾਂ ਦਾ ਕਥਨ ਹੈ 'ਜੈਸਾ ਅੰਨ ਤੈਸਾ ਮੰਨ '। ਸ਼ੁਧ ਭੋਜਨ ਨਾਲ ਮਨੁੱਖ ਦਾ ਵੀਰਯ ਵੀ ਸ਼ੁੱਧ ਹੁੰਦਾ ਹੈ ਤੇ ਸ਼ੁੱਧ ਵੀਰਯ ਤੋਂ ਸੰਤਾਨ ਵੀ ਉਤਮ ਪੈਦਾ ਹੁੰਦੀ ਹੈ। ਦੂਸਰਾ ਸਤਿਪੁਰਖਾਂ ਦੀ ਸੰਗਤ ਨਾਲ ਅਤੇ ਨਾਮ ਸਿਮਰਨ ਕਰਨ ਨਾਲ ਆਤਮਾ ਪਵਿਤਰ ਹੋ ਜਾਂਦੀ ਹੈ ਤੇ ਅੱਛੀ ਸੰਤਾਨ ਪੈਦਾ ਹੁੰਦੀ ਹੈ। ਆਦਮੀ ਦੇ ਜਿਹੇ ਜਿਹੇ ਵਿਚਾਰ ਹੁੰਦੇ ਹਨ ਉਸਦੇ ਘਰ ਤਿਹ ੇਹੀ ਸੰਤਾਨ ਉਪਜਦੀ ਹੈ। ਦਸਮ ਗ੍ਰੰਥ ਵਿਚ ਪ੍ਰਹਿਲਾਦ ਦੇ ਪ੍ਰਸੰਗ ਵਿਚ ਦਸਮੇਸ਼ ਜੀ ਲਿਖਦੇ ਹਨ :-

ਏਕ ਦਿਉਸ ਗਯੋ ਨਿਜ ਨਾਰ ਤੀਰ,
ਸਜ ਸੁਧ ਸਾਜ ਨਿਜ ਅੰਗ ਬੀਰ।
ਕਿਹ ਭਾਂਤ ਸੱਤ੍ਰ ਮੋ ਭਯੋ ਨਿਰਕਤ,
ਤਬ ਭੈਯੋ ਦੁਸ਼ਟ ਕੋ ਬੀਰਜ ਮੁਕਤ।
ਪਰਹਿਲਾਦ ਭਗਤ ਲੀਨੋ ਅਵਿਤਾਰ,
ਕਰਨ ਕਾਜ ਸੰਤਨ ਉਧਾਰ।

ਇਹ ਪ੍ਰਾਣੀ ਦੇ ਅੱਛੇ ਬੁਰੇ ਸੁਭਾਵਾਂ ਤੇ ਨਿਰਭਰ ਹੈ,


Sri Satguru Jagjit Singh Ji eLibrary NamdhariElibrary@gmail.com

ਕਿਉਂਕਿ ਵੀਰਯ ਦਾ ਸਥਾਨ ਮਨੁਖ ਦਾ ਦਿਮਾਗ ਹੈ। ਇਥੇ ਹੀ ਸਰੀਰ ਵਿਚੋਂ ਸ਼ੁੱਧ ਹੋਇਆ ਅੰਨ ਦਾ ਰਸ ਮਨੁੱਖ ਦੇ ਦਿਮਾਗ ਵਿਚ ਪਹੁੰਚਦਾ ਹੈ ਜਿਸਤੋਂ ਵੀਰਯ ਦੀ ਬੂੰਦ ਤਿਆਰ ਹੁੰਦੀ ਹੈ। ਅੱਛੀ ਸੋਹਬਤ ਨਾਲ ਅੱਛੇ ਵਿਚਾਰ ਤੇ ਮੰਦੇ ਵਿਚਾਰਾਂ ਨਾਲ ਬੁਰੇ ਵਿਚਾਰ ਵਸ ਜਾਂਦੇ ਹਨ। ਜਦ ਮਨੁੱਖ ਇਸਤ੍ਰੀ ਸੰਗ ਕਰਦਾ ਹੈ ਤਾਂ ਚੰਗੇ ਬੁਰੇ ਵਿਚਾਰ ਹੀ ਇਸਤ੍ਰੀ ਦੇ ਗ੍ਰਭ ਵਿਚ ਪ੍ਰਵੇਸ਼ ਕਰਦੇ ਹਨ ਤੇ ਓਹਨਾਂ ਵਿਚਾਰਾਂ ਵਾਲੀ ਸੰਤਾਨ ਪੈਦਾ ਹੋ ਜਾਂਦੀ ਹੈ। ਇਸ ਤਰ੍ਹਾਂ ਹਰਨਾਖਸ਼ ਜਦ ਇਸਤ੍ਰੀ ਸੰਗ ਕਰ ਰਿਹਾ ਸੀ ਤਾਂ ਉਸਦੇ ਦਿਮਾਗ ਵਿਚ ਵਿਸ਼ਨੂੰ ਦਾ ਅਕਸ ਆ ਗਿਆ ਤੇ ਉਸਦਾ ਵੀਰਯ ਚਲ ਗਿਆ ਤਾਂ ਪ੍ਰਹਿਲਾਦ ਪੈਦਾ ਹੋਇਆ। ਕਿਉਂਕਿ ਹਰਨਾਖਸ਼ ਵਿਸ਼ਨੂੰ ਨੂੰ ਆਪਣਾ ਦੁਸ਼ਮਣ ਸਮਝਦਾ ਸੀ ਤੇ ਉਸਦੀ ਯਾਦ ਆਵਣ ਕਰਕੇ ਉਸਦੇ ਘਰ ਭਗਤ ਪੈਦਾ ਹੋ ਗਿਆ ਤੇ ਹਰਨਾਖਸ਼ ਆਪਣੇ ਪੁਤ੍ਰ ਪ੍ਰਹਿਲਾਦ ਨਾਲ ਦੁਸ਼ਮਣੀ ਹੀ ਵਿਸ਼ਨੂੰ ਦੇ ਨਰਸਿੰਘ ਅਵਤਾਰ ਹੱਥੋਂ ਮਾਰਿਆ ਗਿਆ। ਭਾਈ ਗੁਰਦਾਸ ਜੀ ਲਿਖਦੇ ਹਨ :-

'ਘਰ ਹਰਨਾਕਸ਼ ਦੈਂਤ ਦੇ ਕਲਰ ਕਵਲ ਭਗਤ ਪ੍ਰਹਿਲਾਦ।'

ਕਲਰ ਵਿਚ ਕਦੇ ਵੀ ਕੰਵਲ ਪੈਦਾ ਨਹੀਂ ਹੁੰਦਾ, ਪਰ ਜਿਥੇ ਆਪ ਭਗਵਾਨ ਬੀਜ ਬੀਜੇ ਓਥੇ ਕੁਝ ਵੀ ਹੋ ਸਕਦਾ ਹੈ - ਸਭ ਮੁਮਕਿਨ ਹੈ।

ਆਮ ਕਹਾਵਤ ਹੈ ਕਿ ਇਕ ਬਾਪ ਦੇ ਦੋ ਬੇਟੇ ਪਰ ਕਿਸਮਤ ਜੁਦਾ ਜੁਦਾ ਹੈ ਅਤੇ ਮਾਤ ਪਿਤਾ ਬਿਨ ਬਾਲ ਨ ਹੋਈ ਅਤੇ ਬਿੰਦ ਤੇ ਜਿਨ ਪਿੰਡ ਕੀਆ।

ਜੈਸਾ ਅੰਨ ਵੈਸਾ ਮੰਨ, ਸੌ ਸਾਖੀ ਵਿਚ ਲਿਖੀਆ ਹੈ ਯਥਾ,

ਰਹਿਣੀ ਰਹੇ ਸੋਈ ਸਿੱਖ ਮੇਰਾ, ਓਹ ਸਾਹਿਬ ਮੈਂ ਉਸਦਾ ਚੇਰਾ। ਅਤੇ

ਜਹਾਂ ਕਹਾਂ ਕਾ ਛਕੇ ਪ੍ਰਸ਼ਾਦ ਸਿੱਖ ਨਹੀਂ ਮੇਰਾ ਆਦਿ ਜੁਗਾਦਿ। ਅਤੇ

ਜਾਂਕਿ ਰਹਿਤ ਨ ਜਾਣੀਏ, ਗੁਰ ਮੰਤਰ ਨਹੀਂ ਚੀਤ,<br>
ਤਾਂ ਕਾ ਭੋਜਨ ਖਾਇ ਕੇ ਵਿਸਰੇ ਹਰਿ ਸਿਉ ਪ੍ਰੀਤ।

ਭਾਵ - ਜਿਸ ਪ੍ਰਾਣੀ ਦੀ ਰਸਨਾ ਤੇ ਗੁਰੂ ਦਾ ਮੰਤਰ ਨਹੀਂ ਅਤੇ ਗੁਰੂ ਦੀ ਰਹਿਤ ਨਹੀਂ, ਉਸਦਾ ਭੋਜਨ ਖਾਣ ਨਾਲ ਆਕਾਲ ਪੁਰਖ ਨਾਲ ਪ੍ਰੀਤ ਨਹੀਂ ਜੁੜਦੀ। ਭਾਵ, ਪ੍ਰੀਤ ਵਿਸਰ ਜਾਂਦੀ ਹੈ। ਐਸੀ ਇਕ ਕਥਾ ਸ੍ਰੀ ਰਾਮਾ ਨੰਦ ਦੀ ਆਉਂਦੀ ਹੈ ਕਿ ਉਸ ਦੇ ਇਕ ਚੇਲੇ ਨੇ ਕਿਸੇ ਨੀਚ ਘਰ ਦਾ ਅੰਨ ਲਿਆਕੇ ਸੁਆਮੀ ਜੀ ਨੂੰ ਖਿਲਾ ਦਿਤਾ ਤਾਂ ਸੁਆਮੀ ਜੀ ਦੀ ਉਸ ਦਿਨ ਬਿਰਤੀ ਨਾ ਜੁੜੀ। ਇਸ ਲਈ ਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸੁਚ ਸੋਧ ਤੇ ਜ਼ੋਰ ਦਿਤਾ ਹੈ। ਕਈ ਸਜਣ ਆਖਦੇ ਹਨ ਕਿ ਕੱਠੇ ਬੈਠ, ਇਕ ਥਾਲੀ ਵਿਚ ਭੋਜਨ ਛਕਣ ਨਾਲ ਪ੍ਰੇਮ ਵਧਦਾ ਹੈ ਪਰ ਓਹਨਾਂ ਦੀ ਭੁੱਲ ਹੈ, ਕਿਉਂਕਿ ਜੂਠ ਖਾਣ ਨਾਲ ਕਈ ਰੋਗ ਇਕ ਦੂਜੇ ਤੋਂ ਲੱਗ ਲਕਦੇ ਹਨ। ਹਰੇਕ ਪ੍ਰਾਣੀ ਦਾ ਇਕੋ ਜਿਹਾ ਅੰਤਸ਼ ਕਰਣ ਨਹੀਂ ਹੁੰਦਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਜੂਠ ਖਾਣ ਨੂੰ ਚੰਗਾ ਨਹੀਂ ਮੰਨਿਆ।

ਕੁਝ ਸਿੰਘ ਬਾਟੇ ਨੂੰ ਮੂੰਹ ਲਾਕੇ ਅੰਮ੍ਰਿਤ ਛਕੌਂਦੇ ਹਨ ਪਰ ਇਹ ਰੀਤ ਗਲਤ ਹੈ ਕਿਉਂਕਿ ਇਸ ਤਰ੍ਹਾਂ ਅੰਮ੍ਰਿਤ ਜੂਠਾ ਹੋ ਜਾਂਦਾ ਹੈ। ਕਿਸੀ ਦੇ ਮੂੰਹ ਵਿਚ ਕੋਈ ਰੋਗ ਹੁੰਦਾ ਹੈ ਤੇ ਕਿਸੇ ਦੇ ਮੂੰਹ ਵਿਚ ਕੋਈ ਬਿਮਾਰੀ ਇਸ ਤਰ੍ਹਾਂ ਸਾਂਝਾ ਪੀਣ ਨਾਲ ਇਕ ਦੂਸਰੇ ਦੀ ਬਿਮਾਰੀ ਚਿੰਮੜ ਸਕਦੀ ਹੈ। ਇਹ ਹਿਕਮਤ ਦੇ ਅਸੂਲਾਂ ਅਤੇ ਡਾਕਟਰੀ ਅਤੇ ਸਾਇੰਸ ਦੇ ਅਸੂਲਾਂ ਦੇ ਵੀ ਖਿਲਾਫ ਹੈ। ਗੁਰੂ ਅਰਜਨ ਦੇਵ ਜੀ ਨੇ ਸਹਸਕ੍ਰਿਤੀ ਸਲੋਕਾਂ ਵਿਚ ਲਿਖਿਆ ਹੈ :-

' ਗੁਰਮੰਤ੍ਰ ਹੀਣਸ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ

ਗੁਰ ਮੰਤਰ ਬਗੈਰ ਓਹ ਕੈਸਾ ਹੈ - ਕੂਕਰਹ (ਕੁਤੇ ਜਿਹਾ) ਸੂਕਰਹ (ਸੂਰ ਜਿਹਾ) ਗ੍ਰਧਬਹ (ਗਧੇ ਜਿਹਾ) ਕਾਕਹ (ਕਾਂ ਜਿਹਾ) ਸਰਪਨਿਹ ਤੁਲਖਲਹ (ਸਰਪ ਜਿਹਾ) ਆਦਿ। ਨਖਿਧ ਜੂਨਾ ਦਾ ਅਧਿਕਾਰੀ ਹੈ।

ਇਸ ਵਾਸਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਤਿਗੁਰੂ ਨਾਨਕ ਦੇਵ ਜੀ ਦੀ ਗੱਦੀ ਸੰਭਾਲਣ ਤੋਂ ਉਪ੍ਰੰਤ ਸ੍ਰੀ ਭੈਣੀ ਸਾਹਿਬ ਦਾ ਨਕਸ਼ਾ ਪਲਟਕੇ ਰੇਤਲੇ ਟਿਬੇ ਢਾਹ ਕੇ, ਕੱਚੇ ਕੋਠੇ ਹਟਾ ਕੇ ਨਵੇਂ ਪੱਕੇ ਕੋਠੇ, ਟੱਟੀਆਂ, ਬਾਥਰੂਮ, ਜਿਨ੍ਹਾਂ ਬਜ਼ੁਰਗਾਂ ਦੇ ਗੋਡੇ ਦਰਦ ਕਰਦੇ ਹਨ ਉਨ੍ਹਾਂ ਵਾਸਤੇ ਅੰਗਰੇਜ਼ੀ ਟਾਈਪ ਦੀਆਂ ਉਚੀਆਂ ਟੱਟੀਆਂ ਬਣਾ ਰਖੀਆਂ ਹਨ। ਹੱਥ ਸਾਫ ਕਰਨ ਲਈ ਬੇਸਣੀਆਂ ਅਤੇ ਤੌਲੀਏ ਮੁਹੱਈਆ ਕਰ ਰੱਖੇ ਹਨ। ਉਪ੍ਰੋਕਤ ਬਜ਼ੁਰਗਾਂ ਦੀ ਹਿਫਾਜ਼ਤ ਲਈ ਕਈ ਸੇਵਾਦਾਰ ਨੀਯਤ ਕਰ ਰੱਖੇ ਹਨ- ਇਸੇ ਤਰ੍ਹਾਂ ਮਾਈਆਂ ਵਾਸਤੇ ਵੀ ਕਮਰੇ ਤਿਆਰ ਕਰਕੇ ਓਹਨਾਂ ਵਿਚ ਇਨ੍ਹਾਂ ਸਭਨਾਂ ਲਈ ਮੰਜੇ, ਬਿਸਤਰੇ, ਗਰਮੀਆਂ ਦੇ ਅੱਲਗ ਤੇ ਸਰਦੀਆਂ ਨੂੰ ਰਜਾਈਆਂ, ਕੰਬਲ ਅਤੇ ਖੇਸਾਂ ਆਦਿ ਦਾ ਪੂਰਾ ਪੂਰਾ ਇੰਤਜ਼ਾਮ ਕੀਤਾ ਹੋਇਆ ਹੈ ਕਿ ਕੋਈ ਮਾਈ ਭਾਈ ਨੂੰ ਕਿਸੇ ਗੱਲ ਦੀ ਤੰਗੀ ਨਾ ਹੋਵੇ। ਇਹ ਵੀਹ ਕਮਰੇ ਮਾਈਆਂ ਭਾਈਆਂ ਲਈ ਜੋ ਤਿਆਰ ਕਰ ਰੱਖੇ ਹਨ ਇਨ੍ਹਾਂ ਲਈ ਸੇਵਾਦਾਰ ਨਿਯੁਕਤ ਕੀਤੇ ਗਏ ਹਨ ਜੋ ਹਮੇਸ਼ਾ ਇਨ੍ਹਾਂ ਦੀ ਸਫਾਈ ਆਦਿ ਦਾ ਪੂਰਾ ਧਿਆਨ ਰਖਦੇ ਹਨ। ਜੋ ਮਾਈ ਭਾਈ ਪੂਰੀ ਤਰ੍ਹਾਂ ਉਠ ਬੈਠ ਨਹੀਂ ਸਕਦੇ ਓਹਨਾਂ ਨੂੰ ਸੇਵਾਦਾਰ ਆਪ ਉਠਾ ਬਿਠਾ ਇਸ਼ਨਾਨ ਕਰੌਂਦੇ ਤੇ ਮਾਲਸ਼ ਤੇਲ ਨਾਲ ਕਰਦੇ ਹਨ। ਸਤਿਗੁਰੂ


Sri Satguru Jagjit Singh Ji eLibrary NamdhariElibrary@gmail.com

ਜੀ ਨੇ ਬਿਰਧ ਆਸ਼ਰਮ ਦੇ ਅੱਗੇ ਛੋਟੀ ਜਹੀ ਘਾਹ ਦੀ ਬਗੀਚੀ ਲਗਵਾਈ ਹੋਈ ਹੈ ਜਿਥੇ ਸਰਦੀਆਂ ਵਿਚ ਬਜ਼ੁਰਗ ਬੈਠ ਕੇ ਧੁੱਪ ਦਾ ਆਨੰਦ ਲੈਂਦੇ ਹਨ। ਸਾਵਣ ਭਾਦਰੋਂ ਵਿਚ ਬਰਸਾਤ ਹਟਣ ਤੇ ਜਿਹੜੀ ਘਾਹ ਦੀ ਤ੍ਰੇਲ ਪੈਂਦੀ ਹੈ ਸਵੇਰੇ ਉਸਤੇ ਨੰਗੇ ਪੈਰੀ ਫਿਰਦੇ ਹਨ ਜਿਸ ਤੋਂ ਅੱਖੀਆਂ ਦੀ ਰੋਸ਼ਨੀ ਤੇਜ਼ ਹੁੰਦੀ ਹੈ, ਦਿਮਾਗ ਨੂੰ ਠੰਢਕ ਮਿਲਦੀ ਹੈ ਤੇ ਕਈ ਬਿਮਾਰੀਆਂ ਤੋਂ ਰਾਹਤ ਮਿਲਦੀ ਹੈ।

ਸ੍ਰੀ ਸਤਿਗੁਰੂ ਜੀ ਨੇ ਇਥੇ ਪੁੰਨ ਅਤੇ ਪਵਿੱਤ੍ਰ ਧਰਤੀ ਤੇ ਨਾਮ ਜਪਣ ਦਾ ਨਿਤਨੇਮ ਪ੍ਰਯੋਗ ਹਰੀ ਮੰਦਰ ਵਿਥੇ ਹਰ ਰੋਜ਼ ਚਲਾਇਆ ਹੈ। ਸਤਿਗੁਰੂ ਜਗਜੀਤ ਸਿੰਘ ਜੀ ਨੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਪ੍ਰਤਾਪ ਮੰਦਰ ਦਾ ਨਿਰਮਾਣ ਕੀਤਾ ਹੋਇਆ ਹੈ ਤੇ ਹੁਣ ਇਥੇ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਬਣਾ ਦਿਤੀ ਗਈ ਹੈ ਜਿਥੇ ਕਈ ਬੱਚੇ ਪੜ੍ਹਦੇ ਹਨ ਅਤੇ ਗੁਰਮਤ ਵਿਦਿਆ ਲੈਂਦੇ ਹਨ।

ਕਈ ਬੱਚੇ ਆਪਣੇ ਮਾਂ ਬਾਪ ਸਮੇਤ ਰਹਿ ਰਹੇ ਹਨ ਸਭ ਨੂੰ ਪ੍ਰਸ਼ਾਦਾ ਲੰਗਰ ਵਿਚੋਂ ਮਿਲਦਾ ਹੈ। ਭੈਣੀ ਸਾਹਿਬ ਵਿਚ ਇਹ ਇਕ ਸਵਰਗ ਦਾ ਨਜ਼ਾਰਾ ਹੈ। ਬੁਢਿਆਂ ਅਤੇ ਮਾਈਆਂ ਲਈ ਲੰਗਰ ਦਾ ਪੂਰਾ ਇੰਤਜ਼ਾਮ ਹੈ। ਗਰਮੀਆਂ ਨੂੰ ਤਿੰਨ ਵੇਲੇ ਤੇ ਸਰਦੀਆਂ ਨੂੰ ਦੋ ਵਕਤ ਸੇਵਾਦਾਰ ਪ੍ਰਸ਼ਾਦਾ ਛਕੌਂਦੇ ਹਨ। ਭੈਣੀ ਸਾਹਿਬ ਵਿਚ ਦੋ ਲੰਗਰ ਚਲਦੇ ਹਨ। ਇਕ ਵੱਡਾ ਲੰਗਰ ਤੇ ਇਕ ਆਓ ਭਗਤ - ਇਥੇ ਬਾਹਰੋਂ ਆਈ ਸੰਗਤ ਲਈ ਪ੍ਰਸ਼ਾਦਾ ਹਰ ਵੇਲੇ ਤਿਆਰ ਮਿਲਦਾ ਹੈ, ਬੜੇ ਲੰਗਰ ਵਿਚ ਵੀ ਕੋਈ ਆ ਜਾਵੇ ਤਾਂ ਹਰ ਵੇਲੇ ਪ੍ਰਸਾਦ ਮਿਲਦਾ ਹੈ। ਬਿਰਧਾਂ ਲਈ ਸਵੇਰੇ ਛੇ, ਸੱਤ ਵਜੇ ਅਤੇ ਸ਼ਾਮ ਚਾਰ ਵਜੇ ਸੇਵਾਦਾਰ ਲੰਗਰ ਛਕੌਂਦੇ ਹਨ। ਸਵੇਰੇ ਪ੍ਰਸ਼ਾਦ ਛਕਣ ਤੋਂ ਬ੍ਹਾਦ ਸਭਨਾ ਲਈ ਬੜਾ ਕੱਪ ਦੁੱਧ ਦਾ ਮਿੱਠਾ ਪੀਣਲਈ ਮਿਲਦਾ ਹੈ ਤੇ ਸਵੇਰੇ ਸ਼ਾਮ ਦਾਲ ਭਾਜੇ ਵਿਚ ਸਭ ਨੂੰ ਇਕ ਇਕ ਘਿਓ ਦੀ ਪਲੀ ਮਿਲਦੀ ਹੈ। ਭਾਵ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਭੈਣੀ ਸਾਹਿਬ ਨੂੰ ਸਵਰਗ ਬਣਾ ਰਖਿਆ ਹੈ। ਅਤੇ ਹਰ ਰੋਜ਼ ਰੁਤ ਅਨੁਸਾਰ ਬਿਰਧਾਂ ਨੂੰ ਫਲ, ਮੇਵੇ ਮਠਿਆਇਆਂ ਆਦਿ ਮੁਹੱਈਆਂ ਕੀਤੇ ਜਾਂਦੇ ਹਨ। ਕਈਆਂ ਦਾਨੀ ਪੁਰਸ਼ਾਂ ਵਲੋਂ ਵੀ ਕਪੜੇ, ਫਲ ਅਤੇ ਪੈਸੇ ਦਾਨ ਵਜੋਂ ਬਜ਼ੁਰਗਾਂ ਨੂੰ ਦਿਤੇ ਜਾਂਦੇ ਹਨ। ਸ੍ਰੀ ਪੂਜਯ ਮਾਤਾ ਚੰਦ ਕੌਰ ਜੀ ਹਫਤੇ ਵਿਚ ਇਕ ਦੋ ਵਾਰੀ ਮਠਿਆਈਆਂ, ਫਲ ਫਰੂਟ ਆਦਿ ਆਪਣੇ ਹਸਤ ਕੰਵਲਾਂ ਨਾਲ ਪ੍ਰੇਮ ਪੂਰਵਕ ਵੰਡ ਜਾਂਦੇ ਹਨ। ਇਸੇ ਤਰ੍ਹਾਂ ਸਤਿਗੁਰੂ ਜੀ ਵੀ ਕਈ ਵਾਰੀ ਆਪ ਆਪਣੇ ਹੱਥੀਂ ਕਈ ਕੁਝ ਵੰਡ ਜਾਂਦੇ ਹਨ ਅਤੇ ਜਦ ਭੈਣੀ ਸਾਹਿਬ ਹੋਣ ਤਾਂ ਸਭ ਤੋਂ ਪਹਿਲਾਂ ਬਜ਼ੁਰਗਾਂ ਨੂੰ ਹੀ ਦਰਸ਼ਨ ਦਿੰਦੇ ਹਨ ਤੇ ਸੁਖ ਸਾਂਦ ਪੁਛਦੇ ਹਨ। ਸਭਨਾਂ ਦੀਆਂ ਅਰਜ਼ਾਂ ਸੁਣ ਕੇ ਪੂਰੀਆਂ ਕਰਦੇ ਹਨ। ਭਾਵ ਕੀ - ਇਥੇ ਸ੍ਰੀ ਭੈਣੀ ਸਾਹਿਬ ਵਿਚ ਅਨੰ ਧੰਨ ਦੇਣ ਵਾਲੀ ਲਛਮੀ ਦਾ ਨਿਵਾਸ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦਾਤਾ ਇਕ ਹਨ ਤੇ ਮੰਗਣ ਵਾਲੇ ਅਨੇਕ, ਸੱਚੇ ਪਾਤਸ਼ਾਹ ਸਭ ਦੀਆਂ ਮੁਰਾਦਾਂ ਪੂਰੀਆਂ ਕਰਦੇ ਹਨ। ਬੀਮਾਰਾਂ ਵਾਸਤੇ ਡਾਕਟਰ ਨੀਯਤ ਕੀਤੇ ਹੋਏ ਹਨ ਅਤੇ ਜੋ ਬਹੁਤੇ ਬੀਮਾਰ ਹੁੰਦੇ ਹਨ, ਉਨ੍ਹਾਂ ਨੂੰ ਵੱਡੇ ਹਸਪਤਾਲਾਂ ਵਿਚ ਇਲਾਜ ਲਈ ਭੇਜਿਆ ਜਾਂਦਾ ਹੈ। ਨੇਤਰ ਰੋਗੀਆਂ ਨੂੰ ਨੇਤਰ ਚਕਿਤਸਾਲਿਆਂ ਵਿਚ ਭੇਜਿਆ ਜਾਂਦਾ ਹੈ, ਰੋਗੀ ਠੀਕ ਹੋ ਅਸੀਸਾਂ ਦਿੰਦੇ ਹੈ। ਜਿਹੜੇ ਬਿਰਧ ਮਾਈ ਭਾਈ ਅਪ੍ਰੇਸ਼ਨ ਨਾਲ ਠੀਕ ਹੋਣ ਵਾਲੇ ਹੁੰਦੇ ਹਨ, ਉਨ੍ਹਾਂ ਦਾ ਸਤਿਗੁਰੂ ਜੀ ਆਪਣੇ ਖਰਚੇ ਤੇ ਵਡੇ ਵਡੇ ਡਾਕਟਰਾਂ ਕੋਲੋਂ ਅਪ੍ਰੇਸ਼ਨ ਕਰਵਾਉਂਦੇ ਹਨ। ਗਲ ਕੀ ਕਿ ਕਿਸੇ ਪਖੋਂ ਵੀ ਕਿਸੇ ਮਰੀਜ਼ ਨਾਲ ਅਨਗਹਿਲੀ ਨਹੀਂ ਕੀਤੀ ਜਾਂਦੀ।

"ਜਿਸ ਦਾ ਦਿਤਾ ਖਾਵਣਾ ਤਿਸੁ ਕਹੀਐ ਸਬਾਸਿ॥
ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ॥"
(ਵਾਰ ਆਸਾ)

ਭਾਵ - ਜਿਸਦਾ ਖਾਈਏ ਉਸਦੀ ਹਰ ਵੇਲੇ ਸਿਫਤ ਕਰੀਏ, ਨਾ ਕਿ ਉਸਦਾ ਮਾਲ ਚੁਰਾਕੇ, ਉਜਾੜਕੇ ਆਪਣਾ ਘਰ ਭਰਨ ਦੀ ਕੋਸ਼ਿਸ਼ ਕਰੀਏ। ਜਿਹੜਾ ਮਾਲਕ ਸਾਡੀ ਹਰ ਲੋੜ ਪੂਰੀ ਕਰਦਾ ਹੈ, ਮੰਗੇ ਬਿਨਾਂ ਸਭ ਕੁਝ ਦੇਵੇ ਉਸਦਾ ਘਰ ਉਜਾੜਨ ਵਾਲਾ ਪਾਪੀ ਹੁੰਦਾ ਹੈ। ਗੁਰੂ ਜੀ ਲਿਖਦੇ ਹਨ ' ਚੋਰ ਕੀਆ ਚੰਗਾ ਕਿਉਂ ਹੋਇ, ਚੋਰ ਕੀ ਹਾਮਾ ਭਰੇ ਨਾ ਕੋਇ। 'ਭਾਵ , ਚੋਰੀ ਕਰਨ ਵਾਲੇ ਦੀ ਕੋਈ ਗੁਰੂ ਪੀਰ ਹਾਮੀ ਨਹੀਂ ਭਰਦਾ -ਕੋਈ ਚੋਰ ਦਾ ਸਾਥ ਨਹੀਂ ਦਿੰਦਾ, ਕਿਉਂਕਿ ਚੋਰ ਸਭ ਦਾ ਸੁਖ ਛੀਨਦਾ ਹੈ। ਚੋਰ ਗੁਰੂ ਤੋਂ ਬੇਮੁਖ ਹੁੰਦਾ ਹੈ। ਇਸਨੂੰ ਅਨੇਕ ਦੁਖਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਸੰਸਾਰ ਵਿਚ ਬਦਨਾਮ ਹੋ ਜਾਂਦਾ ਹੈ।

ਦੂਸਰਾ ਚੁਗਲ ਦੂਤੀਆਂ ਲਾਵਣ ਵਾਲਾ ਵੀ ਪਾਪ ਦਾ ਭਾਗੀ ਹੈ ਜੋ ਹਰ ਥਾਂਹ ਜੁਤੀਆਂ ਖਾਂਦਾ ਹੈ। ਚੁਗਲ ਚੁਗਲੀ ਤੇ ਨਾ ਜਾਏ ਭਾਵੇਂ ਜੁਤੀਆਂ ਖਾਏ। ਚੋਰ ਚੋਰੀ ਤੋਂ ਤਾਂ ਜਾਏ ਪਰ ਹੇਰਾ ਫੇਰੀ ਤੋਂ ਨ ਜਾਏ।

ਸਾਰੇ ਮਾਈਆਂ ਅਤੇ ਭਾਈਆਂ ਦੇ ਕਮਰਿਆਂ ਵਿਚ ਗਰਮੀ ਤੋਂ ਰਾਹਤ ਲਈ ਕੂਲਰ ਲਾਏ ਹੋਏ ਹਨ ਤਾਂਕਿ ਗਰਮੀਆਂ ਵਿਚ ਬਾਹਰ ਨਾ ਸੌਣਾ ਪਵੇ। ਇਕ ਦਸ ਮਰਲੇ ਥਾਂਹ ਵਿਚ ਪੱਕਾ ਫਰਸ਼ ਲਗਾਇਆ ਹੋਇਆ ਹੈ ਤਾਂ ਕਿ ਸਰਦੀਆਂ ਵਿਚ ਬਜ਼ੁਰਗ ਇਥੇ ਆਪਣੇ ਮੰਜੇ ਡਾਹ ਕੇ ਧੁੱਪ ਸੇਕ ਸਕਣ।

ਸੰਤ ਪ੍ਰੀਤਮ ਸਿੰਘ ਜੀ ਕਵੀ, ਜਿਨ੍ਹਾਂ ਨੇ ਭੈਣੀ ਸਾਹਿਬ ਬੜੀ ਸੇਵਾ ਕੀਤੀ ਹੈ ਓਹ ਦਿੱਲੀ ਬਿਮਾਰ ਹੋ ਗਏ ਸਨ ਤਾਂ ਸੱਚੇ ਪਾਤਸ਼ਾਹ ਜੀ ਉਹਨਾਂ ਨੂੰ ਸਮੇਤ ਪਰੀਵਾਰ ਭੈਣੀ ਸਾਹਿਬ


Sri Satguru Jagjit Singh Ji eLibrary NamdhariElibrary@gmail.com

ਲੈ ਆਏ ਅਤੇ ਬੜੇ ਸੁੰਦਰ ਚਾਰ ਏਅਰ ਕੰਡੀਸ਼ਨ ਕਮਰੇ ਸਾਰੇ ਪਰੀਵਾਰ ਲਈ ਮੁੱਹਈਆ ਕੀਤੇ ਹੋਏ ਹਨ, ਜਿਸ ਵਿਚ ਟੈਲੀਫੋਨ ਦੀ ਵੀ ਸਹੂਲੀਅਤ ਮੌਜੂਦ ਹੈ। ਇਸੇ ਹੀ ਤਰ੍ਹਾਂ ਮੈਨੂੰ (ਕੰਵਲ) ਨੂੰ ਵੀ ਦੋ ਵਧੀਆ ਕਮਰੇ ਦਾ ਸੈਟ, ਟੱਟੀ ਉਚੀ ਤੇ ਬਾਥਰੂਮ, ਟੈਲੀਫੂਨ ਆਦਿ ਸਾਰੀਆਂ ਸਹੂਲਤਾਂ ਸਤਿਗੁਰੂ ਜੀ ਨੇ ਦਿਤੀਆਂ ਹੋਈਆਂ ਹਨ। ਮੈਂ ਵੀ ਦਿੱਲੀ ਬਿਮਾਰ ਹੋ ਗਿਆ ਸੀ ਤੇ ਸੱਚੇ ਪਾਤਸ਼ਾਹ ਜੀ ਨੇ ਮੈਨੂੰ ਭੈਣੀ ਸਾਹਿਬ ਲੈ ਆਂਦਾ ਤੇ ਮੇਰਾ ਇਲਾਜ ਕਰਵਾਇਆ। ਹੁਣ ਸਤਿਗੁਰੂ ਜੀ ਦੀ ਕਿਰਪਾ ਸਦਕਾ ਮੈਂ ਠੀਕ ਹਾਂ। ਮੈਨੂੰ ਅਧਰੰਗ ਹੋ ਗਿਆ ਸੀ - ਮੈਨੂੰ ਇਕ ਸੇਵਾਦਾਰ ਦਿਤਾ ਹੋਇਆ ਹੈ। ਇਸੇ ਹੀ ਤਰ੍ਹਾਂ ਸਤਿਗੁਰੂ ਜੀ ਸਭ ਤੇ ਮਿਹਰ ਕਰਦੇ ਹਨ। ਜਿਸਨੇ ਵੀ ਭੈਣੀ ਸਾਹਿਬ ਵਿਖੇ ਸਤਿਗੁਰੂ ਜੀ ਦੀ ਥੋੜ੍ਹੀ ਜਿੰਨੀ ਵੀ ਸੇਵਾ ਕੀਤੀ ਹੈ ਉਸ ਦੇ ਦੁਖ ਵਿਚ ਸੱਚੇ ਪਾਤਸ਼ਾਹ ਝੱਟ ਸਹਾਈ ਹੁੰਦੇ ਹਨ, ਭਾਵੇਂ ਕਿੰਨਾ ਵੀ ਖਰਚਾ ਹੋਵੇ ਕਰ ਦਿੰਦੇ ਹਨ। ਹੋਰ ਜੋ ਕੋਈ ਕੀਰਤਨੀਆਂ ਜਥੇਦਾਰ ਬੀਮਾਰ ਹੁੰਦਾ ਹੈ ਤਾਂ ਗੁਰੂ ਜੀ ਉਸ ਨੂੰ ਆਪ ਜਾ ਕੇ ਆਪਣੇ ਪਾਸ ਰਖਦੇ ਅਤੇ ਸੇਵਾ ਕਰਦੇ ਹਨ।

ਸਤਿਗੁਰੂ ਜੀ ਪ੍ਰਭੂ ਭਗਤੀ ਤੇ ਬਹੁਤ ਪ੍ਰਸੰਨ ਹੁੰਦੇ ਹਨ, ਇਸ ਕਰਕੇ ਮੈਂ, ਕੰਵਲ ਨੇ ਆਪਣੇ ਕਮਰੇ ਵਿਚ ਦੁਪਹਿਰ ਦੋ ਵਜੇ ਤੋਂ ਤਿੰਨ ਵਜੇ ਤੀਕ ਇਕ ਘੰਟਾ ਨਾਮ ਸਿਮਰਨ ਦਾ ਰਖਿਆ ਹੋਇਆ ਹੈ ਜਿਸ ਵਿਚ ਦਸ ਬਾਰਾਂ ਬਿਰਧ ਸਜਣ ਆਕੇ ਭਜਨ ਕਰਦੇ ਹਨ, ਬਾਰਾਂ ਪਾਤਸ਼ਾਹੀਆਂ ਦੀ ਅਰਦਾਸ ਅਰੰਭ ਤੇ ਫਿਰ ਭੋਗ ਤੇ ਕਰ ਪਤਾਸਿਆਂ ਦਾ ਪ੍ਰਸ਼ਾਦ ਵਰਤਾਇਆ ਜਾਂਦਾ ਹੈ। ਭੈਣੀ ਸਾਹਿਬ ਨਾਮਧਾਰੀ ਡੇਰੇ ਦੇ ਮੁਖੀ ਪ੍ਰਬੰਧਕ ਸੰਤ ਦਿਆਲ ਸਿੰਘ ਜੀ ਹਨ। ਇਨ੍ਹਾਂ ਦਾ ਪਿੰਡ ਪੱਦੀ ਖਾਲਸਾ ਹੈ ਪਰ ਅਜ ਕਲ ਫਗਵਾੜੇ ਵਿਖੇ ਨਿਵਾਸ ਰਖਦੇ ਹਨ। ਇਨ੍ਹਾਂ ਦੇ ਪਿਤਾ ਜੀ ਸੰਤ ਪ੍ਰੀਤਮ ਸਿੰਘ ਜੀ ਵੀ ਸਤਿਗੁਰੂ ਪ੍ਰਤਾਪ ਸਿੰਘ ਜੀ ਵੇਲੇ ਸੇਵਾ ਕਰਦੇ ਹੁੰਦੇ ਸਨ, ਆਸਾ ਦੀ ਵਾਰ ਦੇ ਕੀਰਤਨ ਲਈ ਮਸ਼ਹੂਰ ਸਨ। ਇਨ੍ਹਾਂ ਵੀ ਸੇਵਾ ਦਾ ਰੋਲ ਬਖੂਬੀ ਨਿਭਾਇਆ ਸੀ ਤੇ ਹੁਣ ਸੰਤ ਦਿਆਲ ਸਿੰਘ ਜੀ ਵੀ ਰਾਤ ਦਿਨ ਅਣਥੱਕ ਸੇਵਾ ਨਿਭਾ ਰਹੇ ਹਨ। ਸਮੇਤ ਅਰਧੰਗਣੀ ਸੇਵਾ ਕਰਦੇ ਹਨ, ਮਿੱਠਾ ਬੋਲਣਾ ਸੁਭਾਓ ਹੈ, ਹਰ ਇਕ ਨੂੰ ਜੀ ਬਿਨਾਂ ਨਹੀਂ ਬਲੌਂਦੇ। ਸਾਰੇ ਭੈਣੀ ਸਾਹਿਬ ਦਾ ਪ੍ਰਬੰਧ ਇਨ੍ਹਾਂ ਦੇ ਹੀ ਸੁਹਿਰਦ ਹੱਥਾਂ ਵਿਚ ਚਲ ਰਿਹਾ ਹੈ।

ਦੂਸਰੇ ਸਤਿਗੁਰੂ ਜੀ ਦੇ ਹਜ਼ੂਰੀ ਸੇਵਕ ਸੰਤ ਹਰਪਾਲ ਸਿੰਘ ਅਤੇ ਸੰਤ ਰਛਪਾਲ ਸਿੰਘ ਜੀ ਹਨ, ਜੋ ਦੋਨੋਂ ਭਾਈ ਹਰ ਵੇਲੇ ਸੱਚੇ ਪਾਤਸ਼ਾਹ ਜੀ ਦੀ ਹਜ਼ੂਰੀ ਵਿਚ ਰਹਿੰਦੇ ਹਨ ਅਤੇ ਪ੍ਰਦੇਸ਼ਾਂ ਵਿਚ ਵੀ ਨਾਲ ਹੀ ਜਾਂਦੇ ਹਨ। ਇਨ੍ਹਾਂ ਦੀ ਸੇਵਾ ਵੀ ਇਕ ਮਿਸਾਲ ਹੈ।

ਸੰਤ ਰਛਪਾਲ ਸਿੰਘ ਜੀ ਤੋਂ ਪਹਿਲਾਂ ਸਤਿਗੁਰੂ ਜੀ ਦੇ ਨਿੱਜੀ ਸਕੱਤਰ ਸੰਤ ਤਰਸੇਮ ਸਿੰਘ ਜੀ ਸਨ। ਨਿਵਾਸੀ ਪਾਸਲਾ ਜਲੰਧਰ ਦੇ ਸੇਵਾ ਕਰਦੇ ਰਹੇ, ਬੜੀ ਹੁਸ਼ਿਆਰੀ ਨਾਲ ਫਰਜ਼ ਨਿਭਾਇਆ। ਗੁਰਵਾਕ ਹੈ ਸਤਿਗੁਰੂ ਪਾਰਸ ਪ੍ਰਸਕੇ ਕੰਚਨ ਕਰੇ ਮਨੂਰ ਮਲੀਣਾ। ਸੱਚੇ ਪਾਤਸ਼ਾਹ ਦੇ ਸਪਰਸ਼ ਨਾਲ ਇਹ ਵੀ ਮਨੁੱਖ ਤੋਂ ਦੇਵਤਾ ਬਣ ਗਏ ਹਨ।

ਬਿਰਧਾਂ ਦੇ ਡੇਰੇ ਦੇ ਇੰਚਾਰਜ ਗੁਰਦੇਵ ਸਿੰਘ ਜੀ ਪੂਰਬਾ ਸਮੇਤ ਪਰੀਵਾਰ ਸੇਵਾ ਕਰਦੇ ਹਨ ਰਾਤ ਦਿਨ। ਸਤਿਗੁਰੂ ਜੀ ਜਾਣੀ ਜਾਣ ਹਨ ਹਰ ਸੇਵਾ ਦਾ ਫਲ ਉਨ੍ਹਾਂ ਨੂੰ ਦਿੰਦੇ ਹਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸੱਚੇ ਪਾਤਸ਼ਾਹ ਬਾਦਸ਼ਾਹਾਂ ਦੇ ਬਾਦਸ਼ਾਹ ਹਨ ਜੋ ਲੋਕ ਭਲਾਈ ਲਈ ਲੱਖਾਂ ਰੁਪਏ ਖਰਚਾ ਕਰਦੇ ਹਨ, ਹਜ਼ਾਰਾਂ ਬੰਦੇ ਬਾਹਰੋਂ ਅੰਦਰੋਂ ਲੰਗਰ ਪ੍ਰਸ਼ਾਦਾ ਛਕਣ ਵਾਲੇ ਪ੍ਰਸੰਨ ਹੋਕੇ ਜਾਂਦੇ ਹਨ - ਸਤਿਗੁਰੂ ਜੀ ਸਭ ਦਾ ਭਲਾ ਕਰਦੇ ਹਨ ਅਤੇ ਆਪਣੇ ਸਿੱਖਾਂ ਨਾਲ ਪਿਤਾ ਸਮਾਨ ਪਿਆਰ ਕਰਦੇ ਹਨ, ਯਥਾ :-

ਬਾਣ ਜਿਮ ਲੱਛ ਪਰ, ਬੀਰ ਭਧਰ ਦੱਛ ਪਰ,
ਨਦੀ ਮਧ ਮੱਛ ਪਰ, ਦਾਸ ਜਲ ਪਾਨ ਹੈ।
ਬਾਜ ਜਿਮ ਪੰਛ ਪਰ, ਸ਼ੇਰ ਜਿਮ ਭੱਛ ਪਰ,
ਚੰਡ ਬਿਡਾ ਲੱਛ ਪਰ, ਕੀਨ ਦੂਰਤ ਹਾਨਿ ਹੈ।
ਰਾਮ ਛਿੱਤ ਪਾਲ ਪਰ, ਰਾਮ ਸੁਰਸਾਲ ਪਰ,
ਰਾਮ ਮਘ ਪਾਲ ਪਰ, ਜੈਸੇ ਸਾਵਧਾਨ ਹੈ।
ਸੱਕਰ ਜਿਮ ਕੋਹ ਪਰ, ਚੱਕਰ ਹਰੀ ਦਰੋਹ ਪਰ,
ਗੁਰੂ ਸਿੱਖ ਮੋਹ ਪਰ, ਤੈਸੇ ਬਲਵਾਨ ਹੈ।

**" ਸਤਿਗੁਰੂ ਜਗਜੀਤ ਸਿੰਘ ਸਭ ਦਾ ਪਿਆਰਾ ਏ। "**

ਨਿਰਬਲਾਂ ਦਾ ਬਲ, ਬੇ ਸਹਾਰਿਆਂ ਸਹਾਰਾ ਇਹੁ,
ਰੋਗੀਆਂ ਦੇ ਰੋਗ ਮੇਟਣ ਨੂੰ ਅੰਮ੍ਰਿਤ ਦੀ ਧਾਰਾ ਏ।
ਨਿਓਟੀਆਂ ਦੀ ਓਟ, ਨਿਆਸਰਿਆਂ ਦਾ ਆਸਰਾ ਇਹੁ,
ਬਿਰਧਾਂ ਦਾ ਪਾਲਕ, ਬੱਚਿਆਂ ਦਾ ਪਿਆਰਾ ਏ।
ਭੁੱਖਿਆਂ ਦੀ ਭੁੱਖ ਹਰੇ, ਧਨ ਹੀਨਾ ਧਨੀ ਕਰੇ,
ਨੰਗਿਆਂ ਦੇ ਨੰਗ ਢਕੇ, ਦੀਨਾ ਦਾ ਸਹਾਰਾ ਏ।
ਪਾਲਕ ਗ਼ੀਬਾਂ ਦਾ ਇਹੁ, ਮਾਲਕ ਖਜ਼ਾਨਿਆਂ ਦਾ,
ਰੂਪ ਇਹ ਅਕਾਲ ਦਾ, ਨਾਮ ਦਾ ਵਣਜਾਰਾ ਏ।


Sri Satguru Jagjit Singh Ji eLibrary NamdhariElibrary@gmail.com

## ਸਮਾਚਾਰ ਦਰਸ਼ਨ

# ਉੜੀਸਾ ਹੜ੍ਹ ਪੀੜਤਾਂ ਨੂੰ ਸਹਾਇਤਾ




ਹਿੰਦ ਸਮਾਚਾਰ ਪੱਤਰ ਸਮੂਹ ਵੱਲੋਂ ੨੩ ਜਨਵਰੀ ੨੦੦੦ ਨੂੰ ਤੂਫਾਨ ਪੀੜਤਾਂ ਵਾਸਤੇ ੫੧ ਲੱਖ ਰੁਪਏ ਦੀ ਰਾਸ਼ੀ
*"ਉੜੀਸਾ ਚੀਫ ਮਨਿਸਟਰ ਰੀਲੀਫ਼ ਫੰਡ"* ਵਾਸਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਰਾਹੀਂ
ਮੁਖ ਮੰਤਰੀ ਉੜੀਸਾ ਦੇ ਪ੍ਰਤਿਨਿਧ ਸ੍ਰੀ ਭੁਪਿੰਦਰ ਸਿੰਘ ਮੰਤਰੀ ਉੜੀਸਾ ਸਰਕਾਰ ਨੂੰ ਭੇਟ ਕੀਤੀ ਗਈ।
ਉਪ੍ਰੋਕਤ ਤਸਵੀਰ ਵਿਚ ਦਿਖਾਈ ਦੇ ਰਹੇ ਹਨ : ਖੱਬੇ ਤੋਂ ਸੱਜੇ, ਸ੍ਰੀ ਭੁਪਿੰਦਰ ਸਿੰਘ ਤਦਵਕਤੀ ਸ਼ਹਿਰੀ ਵਿਕਾਸ ਅਤੇ
ਸੂਚਨਾ ਮੰਤਰੀ ਉੜੀਸਾ, ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਸ੍ਰੀ ਚਮਨ ਲਾਲ ਗੁਪਤਾ,
ਸ੍ਰੀ ਸਤਿਗੁਰੂ ਜੀ ਅਤੇ ਸ੍ਰੀ ਵਿਜੈ ਚੋਪੜਾ ਮੁਖ ਸੰਪਾਦਕ ਹਿੰਦ ਸਮਾਚਾਰ, ਪੰਜਾਬ ਕੇਸਰੀ, ਜੱਗਬਾਣੀ।

Sri Satguru Jagjit Singh Ji eLibrary NamdhariElibrary@gmail.com



੨੨ ਨਵੰਬਰ ੧੯੯੯ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚ
"ਨਾਮਧਾਰੀ, ਗੁਰੂ ਰਾਮ ਸਿੰਘ ਚੇਅਰ" ਦੀ ਸਥਾਪਨਾ ਸੰਬੰਧੀ ਸਮਾਗਮ ਹੋਇਆ।
ਇਸ ਅਵਸਰ ਤੇ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਹਰਭਜਨ ਸਿੰਘ ਸੋਚ ਸਮਾਗਮ ਨੂੰ ਸੰਬੋਧਨ ਕਰਦੇ ਹੋਏ।



ਚੇਅਰ ਦੀ ਸਥਾਪਨਾ ਅਵਸਰ ਤੇ ਖੱਬੇ ਤੋਂ ਸੂਬਾ ਸੁਰਿੰਦਰ ਕੌਰ ਖਰਲ ਸੂਬਾ ਹਰਭਜਨ ਸਿੰਘ ਲੁਧਿਆਣਾ,
ਡਾ. ਸਤਿੰਦਰ ਸਿੰਘ ਗੁਰੂ ਨਾਨਕ ਦੇਵ ਯੂਨੀਵਰਸਿਟੀ, ਸੰਤ ਸੁਰਿੰਦਰ ਸਿੰਘ ਲੁਧਿਆਣਾ,
ਸੰਤ ਦਲੀਪ ਸਿੰਘ ਚੇਅਰਮੈਨ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਸ੍ਰੀ ਭੈਣੀ ਸਾਹਿਬ ਅਤੇ ਸੰਤ ਭਗਵੰਤ ਸਿੰਘ, ਰੋਪੜ।

Sri Satguru Jagjit Singh Ji eLibrary NamdhariElibrary@gmail.com



੨੨ ਨਵੰਬਰ ੧੯੯੯ ਨੂੰ ਗੁਰੂ ਰਾਮ ਸਿੰਘ ਚੇਅਰ ਦੇ ਉਦਘਾਟਨ ਸਮੇਂ ਪੰਜਾਬ ਦੇ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਤਦਵਕਤੀ ਪ੍ਰੋ. ਵਾਈਸਚਾਂਸਲਰ ਪ੍ਰੋ. ਇੰਦਰਪਾਲ ਸਿੰਘ, ਸ. ਹਰਵਿੰਦਰ ਸਿੰਘ ਹੰਸਪਾਲ ਸਾਬਕਾ ਐਮ. ਪੀ. ਆਦਿ ਦਿਖਾਈ ਦੇ ਰਹੇ ਹਨ।



ਗੁਰੂ ਰਾਮ ਸਿੰਘ ਚੇਅਰ ਸਥਾਪਨਾ ਦਿਵਸ ਸਮਾਗਮ ਵਿਚ ਬੈਠੇ ਕਾ. ਸੁਵਰਨ ਸਿੰਘ ਵਿਰਕ, ਕਾਮਰੇਡ ਜਸਵੰਤ ਸਿੰਘ ਜੋਸ਼, ਸ੍ਰੀ ਪ੍ਰੀਤਮ ਸਿੰਘ ਕਵੀ, ਪੰਥ ਰਤਨ ਮਾਸਟਰ ਨਿਹਾਲ ਸਿੰਘ ਜੀ ਆਦਿ।

Sri Satguru Jagjit Singh Ji eLibrary NamdhariElibrary@gmail.com

# ਸਮਾਚਾਰ ਦਰਸ਼ਨ



ਕੀਨੀਆ ਦੀ ਰਾਜਧਾਨੀ ਨੈਰੋਬੀ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ੧੨ ਦਸੰਬਰ ੧੯੯੯ ਨੂੰ ਪਧਾਰੇ ਤਾਂ ਆਪ ਦਾ ਸੁਆਗਤ ਕਰਨ ਵਾਸਤੇ ਸੰਗਤਾਂ ਹੁਮ ਹੁਮਾਕੇ ਪੁਜੀਆਂ। ਤਸਵੀਰ ਵਿਚ ਖੱਬੇ ਤੋਂ ਸੱਜੇ : ਸ. ਸੁਰਿੰਦਰ ਸਿੰਘ ਮਨਚੰਦਾ, ਸ੍ਰੀ ਸਤਿਗੁਰੂ ਜੀ, ਨੈਰੋਬੀ ਦੇ ਡਿਪਟੀ ਮੇਅਰ, ਸਰਦਾਰਨੀ ਅਤੇ ਸਰਦਾਰ ਤਰਲੋਚਨ ਸਿੰਘ ਜੀ, ਸ. ਹੰਸਪਾਲ, ਸੂਬਾ ਸੋਹਨ ਸਿੰਘ ਅਤੇ ਸ. ਹਰਭਜਨ ਸਿੰਘ ਸੀਹਰਾ ਦਿਖਾਈ ਦੇ ਰਹੇ ਹਨ।



ਕੀਨੀਆ ਦੇਸ਼ ਦੀ ਯਾਤਰਾ ਸਮੇਂ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਖੜੇ ਹਨ, ਸੰਤ ਰਛਪਾਲ ਸਿੰਘ ਹਜ਼ੂਰੀ ਸੇਵਕ, ਸ. ਬੂਟਾ ਸਿੰਘ ਨਾਮਧਾਰੀ ਸੀਡਜ਼ ਬੰਗਲੌਰ, ਸੂਬਾ ਸਤਵਿੰਦਰ ਸਿੰਘ ਕੁਸੁਮੋ, ਸੰਤ ਬਲਦੇਵ ਸਿੰਘ ਕਾਕੂ ਅਤੇ ਠਾਕਰ ਉਦੇ ਸਿੰਘ ਜੀ।

Sri Satguru Jagjit Singh Ji eLibrary NamdhariElibrary@gmail.com

# ਸਮਾਚਾਰ ਦਰਸ਼ਨ



੧੮ ਦਸੰਬਰ ੧੯੯੯ ਨੈਰੋਬੀ ਦੇ ਰਾਮਗੜੀਆ ਟੈਂਪਲ ਹਾਲ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਪਧਾਰੇ ਤਾਂ ਰਾਮਗੜੀਆ ਬੋਰਡ ਦੇ ਮੈਂਬਰਾਂ ਵੱਲੋਂ ਨਿੱਘਾ ਸੁਆਗਤ ਕੀਤੀ ਗਿਆ।
ਸਤਿਗੁਰੂ ਜੀ ਦੇ ਨਾਲ ਸ. ਸੁੱਚਾ ਸਿੰਘ ਭੋਗਲ ਪ੍ਧਾਨ, ਸ. ਜਸਪਾਲ ਸਿੰਘ ਮੀਤ ਪ੍ਧਾਨ ਅਤੇ ਹੋਰ ਮੈਂਬਰ ਖੜੇ ਹਨ।



ਕੇਪ ਟਾਊਨ, ਸਾਊਥ ਅਫਰੀਕਾ ਵਿਚ ਸਿਖ ਸੰਗਤਾਂ ਵੱਲੋਂ ਦਿੱਤੇ ਪ੍ਰੀਤੀ ਭੋਜਨ ਤੋਂ ਪਹਿਲਾਂ ਵਿਚਾਰ ਚਰਚਾ ਕਰਦੇ ਹੋਏ ਨੇਤਾ, ´ਖਬਿਓਂ ਸੁਆਮੀ ਚਿਤਾਨੰਦ ਸਰਸਵਤੀ, ਡਾ. ਇੰਦਰਜੀਤ ਕੌਰ, ਸ. ਹ. ਸ. ਹੰਸਪਾਲ, ਸਿੰਘ ਸਾਹਿਬ ਪ੍ਰੋ. ਮਨਜੀਤ ਸਿੰਘ, ਸਿੰਘ ਸਾਹਿਬ ਹਰਭਜਨ ਸਿੰਘ ਜੀ ਯੋਗੀ, ਡਾ. ਸੰਗਤ ਸਿੰਘ ਅਤੇ ਸ. ਤਰਲੋਚਨ ਸਿੰਘ।

Sri Satguru Jagjit Singh Ji eLibrary NamdhariElibrary@gmail.com




ਪਾਰਲੀਮੈਂਟ ਆਫ ਵਰਲਡ ਰਿਲੀਜਨਜ਼ ੧੯੯੯ ਵਿਚ ਨਾਮਧਾਰੀ ਡੈਲੀਗੇਸ਼ਨ। ਖੱਬੇ ਤੋਂ ਸ. ਜਗਦੀਸ਼ ਸਿੰਘ ਸੰਪਾਦਕ ਵਰਿਆਮ, ਸ. ਮਨਜੀਤ ਸਿੰਘ ਪ੍ਰਧਾਨ ਨੈਰੋਬੀ, ਪ੍ਰੋ. ਤਾਰਾ ਸਿੰਘ ਅਨਜਾਣ ਸੰਪਾਦਕ ਸਤਿਜੁਗ, ਸ. ਸਤਵੰਤ ਸਿੰਘ ਪਾਲਰੇ ਪ੍ਰਧਾਨ ਤਨਜ਼ਾਨੀਆ ਸੰਗਤ, ਸ. ਹਰਵਿੰਦਰ ਸਿੰਘ ਹੰਸਪਾਲ ਪ੍ਰਧਾਨ ਨਾਮਧਾਰੀ ਦਰਬਾਰ, ਸੂਬਾ ਸਤਿਨਾਮ ਸਿੰਘ ਨੈਰੋਬੀ, ਸ. ਜਸਵਿੰਦਰ ਸਿੰਘ ਚੱਕ੍ਰਵਰਤੀ ਮੈਂਬਰ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ, ਸ. ਅਜੀਤ ਸਿੰਘ ਜੰਡੂ ਤੇ ਬੀਬੀ ਚਰਨਜੀਤ ਕੌਰ ਯੂ. ਕੇ.



ਸ. ਅਜੀਤ ਸਿੰਘ, ਪ੍ਰੋ. ਤਾਰਾ ਸਿੰਘ ਅਨਜਾਣ, ਸ. ਹ. ਸ. ਹੰਸਪਾਲ, ਜਗਦੀਸ਼ ਸਿੰਘ ਵਰਿਆਮ ਤੇ ਸੂਬਾ ਸਤਿਨਾਮ ਸਿੰਘ ਵਿਚਾਰ ਚਰਚਾ ਕਰਦੇ ਹੋਏ।

Sri Satguru Jagjit Singh Ji eLibrary NamdhariElibrary@gmail.com

# ਸਮਾਚਾਰ ਦਰਸ਼ਨ




ਸੰਸਾਰ ਧਰਮ ਸੰਸਦ ਕੇਪ ਟਾਊਨ ਵਿਚ ਭਾਗ ਲੈ ਰਹੇ ਸ. ਹੰਸਪਾਲ ਅਤੇ ਡਾ. ਕਰਨ ਸਿੰਘ।



ਸ. ਜਗਦੀਸ਼ ਸਿੰਘ ਵਰਿਆਮ, ਸੁਆਮੀ ਅਗਨੀਵੇਸ਼, ਡਾ. ਸ਼ਿਵਾ ਸਿੰਘ (ਅਮਰੀਕਾ) ਅਤੇ ਸਰਦਾਰ ਹਰਵਿੰਦਰ ਸਿੰਘ ਹੰਸਪਾਲ।

Sri Satguru Jagjit Singh Ji eLibrary NamdhariElibrary@gmail.com

# ਸਮਾਚਾਰ ਦਰਸ਼ਨ



ਚਰਚ ਆਫ ਸੈਂਟੋਲੋਜੀ ਇੰਟਰਨੈਸ਼ਨਲ ਦੇ ਪ੍ਰਧਾਨ ਰੈਵ ਹਰਬਰ ਸੀ ਜੈਨਟਸ਼ ਨੂੰ "ਸਤਿਗੁਰੂ ਜਗਜੀਤ ਸਿੰਘ, ਵਾਰੀਅਰ ਆਫ਼ ਪੀਸ" ਪੁਸਤਕਾਂ ਦਿੰਦੇ ਹੋਏ ਸ. ਹ. ਸ. ਹੰਸਪਾਲ ਅਤੇ ਜਗਦੀਸ਼ ਸਿੰਘ ਵਰਿਆਮ।



*ਮੈਂ ਭੀ ਨਾਮਧਾਰੀ ਹੂੰ।*

ਵੈਦਕ ਅਤੇ ਜੈਨ ਸਾਹਿਤ ਦੇ ਪਰਮ ਵਿਦਵਾਨ, ਯੂ. ਕੇ. ਵਿਚ ਸਾਬਕਾ ਭਾਰਤੀ ਦੂਤ, ਡਾ. ਐਲ. ਐਮ. ਸਿੰਘਵੀ ਐਮ. ਪੀ. ਨਾਲ ਸ. ਸਤਵੰਤ ਸਿੰਘ ਪਾਲਰੇ, ਸੂਬਾ ਸਤਿਨਾਮ ਸਿੰਘ ਅਤੇ ਪ੍ਰਧਾਨ ਮਨਜੀਤ ਸਿੰਘ. ਡਾ. ਸਿੰਘਵੀ ਦਾ ਕਥਨ ਸੀ *"ਮੈਂ ਭੀ ਨਾਮਧਾਰੀ ਹੂੰ।"*

Sri Satguru Jagjit Singh Ji eLibrary NamdhariElibrary@gmail.com

ਸਾਰੇ ਜਹਾਨ ਵਿਚ ਇਹ ਸੂਰਜ ਸਮਾਨ ਦਿਸੇ.
ਦੂਰ ਕਰੇ ਕਿਰਨਾਂ ਨਾਲ ਅੱਖਾਂ ਦਾ ਅੰਧਾਰਾ ਏ।
ਸੀਤਲ ਦਾ ਚੰਦ ਹੈ, ਚੰਦਨ ਸੁਗੰਧ ਵਾਲਾ,
ਸਦਾ ਸੀਨੇ ਠੰਢ ਪਾਵੇ, 'ਕੰਵਲ' ਦਾ ਪਿਆਰਾ ਏ।
ਲੰਗਰ ਚਲਾਵੇ, ਦੂਰ ਕਰੇ ਭੁੱਖ ਭੁੱਖਿਆਂ ਦੀ,
ਦੁਧ ਘਿਓ ਵਰਤਾਵੇ ਜਿਵੇਂ ਗੰਗਾ ਦੀ ਧਾਰਾ ਏ।
ਰੁਤ ਦੇ ਬਹਾਰੀ ਫਲ ਰੋਜ਼ ਵੰਡੇ ਬਿਰਧਾਂ ਨੂੰ,
ਲੰਗਾ ਲੂਲਾ ਮਾਣੇ ਇਥੇ ਸੁਰਗਾਂ ਦਾ ਨਜ਼ਾਰਾ ਏ।
ਸਤਿਜੁਗੀ ਬਾਣਾ ਪਾਕੇ ਸਿਧੀ ਦਸਤਾਰ ਨਾਲ,
ਨਾਮਧਾਰੀ ਸੋਹੇ 'ਕੰਵਲ ', ਅੰਬਰ ਦਾ ਤਾਰਾ ਏ।
ਕਲਯੁਗ ਵਿਚ ਸਤਿਜੁਗ ਵਰਤੌਣ ਵਾਲਾ,
ਸਤਿਗੁਰੂ ਜਗਜੀਤ ਸਿੰਘ ਸਭ ਦਾ ਪਿਆਰਾ ਏ।

---

*ਸੰਤ ਤਰਨ ਸਿੰਘ ਵਹਿਮੀ ਜੀ ਦੀ ਯਾਦ ਵਿਚ ਕਵਿਤਾ*

# 'ਜੱਸ ਜੀਵਨ' ਤੇ 'ਕੂਕਾ ਇਤਿਹਾਸ' ਲਿਖਿਆ

"ਜੇ. ਕੇ. ਸੰਧੂ"

ਸੰਤ ਗਿਰੀ ਦਿਤੀ ਪਿਤਾ ਸੰਤ ਸਿੰਘ ਨੇ
ਜਾਚ ਜੀਊਣ ਦੀ ਜੀਵਾਂ ਤੋਂ ਪਾਈ ਉਹਨਾਂ।
ਦਰਦ ਕੌਮ ਦੇ ਨੇ 'ਵਹਿਮੀ' ਨਾਂ ਦਿੱਤਾ,
ਹਿੰਦੂਚੱਕ ਦੀ ਧਰਤ ਰੁਸ਼ਨਾਈ ਉਹਨਾਂ।
ਦਿਤਾ ਮਾਣ 'ਗੁਰਾਇਆ' ਦੀ ਗੋਤ ਤਾਈਂ,
ਸਭ ਨਾਲ ਸਾਂਝ ਪਿਆਰ ਦੀ ਪਾਈ ਉਹਨਾਂ।
ਬਣਕੇ ਫੁੱਲ ਬਹਾਰਾਂ ਦੇ ਵਾਂਗ ਮਹਿਕੇ,
ਕੂਕਾ ਪੰਥ ਫੁਲਵਾੜੀ ਮਹਿਕਾਈ ਉਹਨਾਂ।

ਇਸ਼ਕ ਜਾਗਿਆ ਗੁਰੂ ਇਤਿਹਾਸ ਦਾ ਸੀ,
ਨਦੇੜੋਂ ਬਾਦ ਗੋਬਿੰਦ ਨਿਵਾਸ ਲਿਖਿਆ।
ਨੀਹ ਕੌਮ ਦੀ ਨੂੰ ਪੱਕੀ ਕਰਨ ਖਾਤਿਰ,
'ਜੱਸ ਜੀਵਨ' ਤੇ 'ਕੂਕਾ ਇਤਿਹਾਸ' ਲਿਖਿਆ।

ਪੈਦਾ ਹੁੰਦੇ ਨਾਂ ਧਰਤ ਤੇ ਜੀ ਜੰਤੂ,
ਜੇਕਰ ਸੂਰਜ ਦਾ ਨਾਂ ਪਰਕਾਸ਼ ਹੁੰਦਾ।
ਸੂਰਜ ਚੰਨ ਤਾਰੇ ਜੇ ਨਾ ਬਣੇ ਹੁੰਦੇ,
ਜ਼ਰਾ ਸੋਚੋ ਖਾਂ ਕਿਵੇਂ ਆਕਾਸ਼ ਹੁੰਦਾ।
ਸੂਰਬੀਰ ਯੋਧੇ ਜੇ ਨਾ ਬਲੀ ਦੇਂਦੇ,
ਤਾਂ ਫਿਰ ਰਾਕਸ਼ਾਂ ਦਾ ਕਿਵੇਂ ਨਾਸ ਹੁੰਦਾ।
ਕੌਮਾਂ ਸਦਾ ਉਹ ਜੱਗ ਤੇ ਜੀਉਂਦੀਆਂ ਨੇ,
ਜਿਸ ਕੌਮ ਦਾ ਜੀਉਂਦਾ ਇਤਿਹਾਸ ਹੁੰਦਾ।
ਕੌਮ ਵਾਸਤੇ 'ਵਹਿਮੀ ਜੀ' ਕਲਮ ਚੁਕੀ,
ਸੋਰਠ ਬੀਜਾ ਤੇ ਗੁਰ ਪ੍ਰਕਾਸ਼ ਲਿਖਿਆ।
ਸਚਹੁ ਉਰੇ ਲਿਖਿਆ, ਲਿਖੇ ਪ੍ਰੇਮ ਅਖਰ,
'ਜੱਸ ਜੀਵਨ' ਤੇ 'ਕੂਕਾ ਇਤਿਹਾਸ' ਲਿਖਿਆ।

ਦਾਨੀ ਉਹ ਜੋ ਦਾਨ ਦਏ ਮਾੜਿਆਂ ਨੂੰ,
ਹੱਥੋਂ ਦੇ ਕੇ ਨਾਂ ਪਛੋਤਾਏ ਜਿਹੜਾ।
ਜੋਗੀ ਉਹ ਜੋ ਜੋਗ ਦੀ ਜੁਗਤ ਜਾਣੇ,
ਕੰਨ ਪਾੜ ਨਾ, ਮੁੰਦਰਾਂ ਪਾਏ ਜਿਹੜਾ।
ਸੰਤ ਉਹ ਜੋ ਹੋ ਨਿਰਲੇਪ ਜਾਏ,
ਮਾਲਾ ਫੜ ਨਾਂ ਆਸਣ ਵਛਾਏ ਜਿਹੜਾ।
ਜੰਮੇ ਦੇਸ਼ ਲਈ ਮਰੇ ਵੀ ਦੇਸ਼ ਖਾਤਿਰ,
ਡਿਗਦੀ ਕੌਮ ਨੂੰ ਉਚਾ ਉਠਾਏ ਜਿਹੜਾ।
ਲੇਖਕ ਬਣ ਲੁਕਾਈ ਦੀ ਪੀੜ ਸਮਝੀ,
ਅੱਖੀਂ ਵੇਖ ਲਿਖਿਆ, ਕਰ ਵਿਸ਼ਵਾਸ ਲਿਖਿਆ।
ਨਾਮ ਆਪਣਾ ਸਦਾ ਲਈ ਅਮਰ ਕਰ ਗਏ।
ਜੱਸ-ਜੀਵਨ ਤੇ ਕੂਕਾ ਇਤਿਹਾਸ ਲਿਖਿਆ।

ਸੰਕਟ ਜਦੋਂ ਆ ਦੇਸ਼ ਤੇ ਪੈ ਜਾਵੇ,
ਗੀਤ ਦੇਸ਼ ਪਿਆਰ ਦੇ ਗਾਏ ਕੋਈ ਕੋਈ।
ਮਿਲੇ ਯਾਰ ਵਲੋਂ ਪਿਆਲਾ ਜ਼ਹਿਰ ਵਾਲਾ,
ਅਮ੍ਰਿਤ ਸਮਝ ਕੇ ਬੁਲ੍ਹਾਂ ਨੂੰ ਲਾਏ ਕੋਈ ਕੋਈ।
ਜਦੋਂ ਗੁਰੂ ਕਸੱਵਟੀ ਤੇ ਲਾ ਪਰਖੇ,
ਚਰਨਾਂ ਨਾਲ ਪ੍ਰੀਤੀ ਨਿਭਾਏ ਕੋਈ-ਕੋਈ
ਆਪਣੇ ਆਪ ਸੂਰਾ ਅਖਵਾਉਣ ਵਾਲੇ,
ਜੀਵਨ ਕੌਮ ਦੇ ਲੇਖੇ ਵਿਚ ਲਾਏ ਕੋਈ ਕੋਈ,
"ਜੇ. ਕੇ. ਸੰਧੂ" ਲੈ ਓਟ ਪ੍ਰਤਾਪ ਜੀ ਦੀ,
ਜੀਵਨ ਗੁਰੂ ਪ੍ਰਤਾਪ ਦਾ ਖਾਸ ਲਿਖਿਆ,
ਲਿਖੇ 'ਪੰਜ ਨਿਰਨੇ', ਲਿਖਿਆ 'ਸਾਫ ਪਾਣੀ'
ਜਸ ਜੀਵਨ ਤੇ ਕੂਕਾ ਇਤਿਹਾਸ ਲਿਖਿਆ


Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਈਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

**ਫ਼ਰਸ਼ੀ ਦਰੀਆਂ ਅਤੇ ਗ਼ਲੀਚੇ**

ਨਿਰਮਾਤਾ :

# ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

*Manufactuers :*

# Namdhari Sales

10240/54, Library Road, Azad Market, Delhi-11006





Sri Satguru Jagjit Singh Ji eLibrary NamdhariElibrary@gmail.com

ਜਗਦੀਸ਼ ਸਿੰਘ ਵਰਿਆਮ ਦੇ ਸਨਮਾਨ ਸਮਾਰੋਹ ੧੧-੩-੨੦੦੦'ਤੇ ਵਿਸ਼ੇਸ਼

# ਸਿਦਕ ਅਤੇ ਸਾਦਗੀ ਦਾ ਸਨਮਾਨ

*—ਡਾ. ਲਖਵਿੰਦਰ ਜੌਹਲ*

ਹਰਿਆਣੇ ਦੇ ਕਸਬੇ ਜੀਵਨ ਨਗਰ ਦਾ ਨਾਂ ਸੁਣਦਿਆਂ ਹੀ ਅੱਖਾਂ ਸਾਹਮਣੇ ਦੁੱਧ ਚਿੱਟੀਆਂ ਨਾਮਧਾਰੀ ਦਸਤਾਰਾਂ ਸਜਣ ਲਗ ਜਾਂਦੀਆਂ ਹਨ। ਮਨਾਂ ਵਿੱਚ ਗਊਸ਼ਾਲਾਵਾਂ ਦੀ ਪਵਿਤਰਤਾ ਪਲਮਣ ਲਗਦੀ ਹੈ। ਪੈਰਾਂ ਵਿਚ ਬਾਗਾਂ ਦੀ ਸੈਰ ਵਰਗੀ ਗੁਦਗੁਦੀ ਹੋਣ ਲਗਦੀ ਹੈ ਤੇ ਮਨ ਕਾਹਲਾ ਪੈਣ ਲਗਦੈ ਕੱਕੇ ਰੇਤੇ ਉਤੇ ਲੋਟਣੀਆਂ ਖਾਣ ਲਈ।

ਸਤਿਗੁਰੂ ਪਰਤਾਪ ਸਿੰਘ ਜੀ ਦੀ ਵਰੋਸਾਈ ਹੋਈ ਇਹ ਧਰਤੀ ਸਦਾ-ਬਹਾਰ ਬਨਸਪਤੀ ਦਾ ਇਕ ਅਦੁੱਤੀ ਖਜ਼ਾਨਾ ਹੈ। ਨਾਮਧਾਰੀ ਦਰਬਾਰ ਦੀਆਂ ਰਹਿਮਤਾਂ ਦਾ ਨਿਵਾਜਿਆ ਹੋਇਆ ਇਹ ਨਗਰ ਨਿਰਛਲ ਸਾਹਿਤਧਾਰਾ ਦਾ ਵੀ ਚਸ਼ਮਾ ਹੈ। ਤਰਨ ਸਿੰਘ ਵਹਿਮੀ ਵਰਗੇ ਕਾਵਿ-ਪ੍ਰਵਾਹਾਂ ਦੀ ਇਸ ਧਰਤੀ ਤੋਂ ਖ਼ਬਰ ਆਈ ਹੈ ਕਿ ਉਥੋਂ ਦੀ ਨਾਮਧਾਰੀ ਪੰਜਾਬੀ ਸਾਹਿਤ ਸਭਾ ਮਾਸਿਕ 'ਵਰਿਆਮ' ਦੇ ਸੰਪਾਦਕ ਜਗਦੀਸ਼ ਸਿੰਘ 'ਵਰਿਆਮ' ਦਾ, ਉਨ੍ਹਾਂ ਦੀਆਂ ਸਾਹਿਤ-ਸੰਪਾਦਨਾ ਨੂੰ ਦਿੱਤੀਆਂ ਸੇਵਾਵਾਂ ਕਰਕੇ 'ਵਰਿਆਮ' ਦੀ ਪ੍ਰਕਾਸ਼ਨਾ ਦੀ ਸਿਲਵਰ ਜੁਬਲੀ ਸਾਲ ਦੇ ਉੱਤੇ ਸਨਮਾਨ ਕਰ ਰਹੀ ਹੈ। ਇਹ ਸਨਮਾਨ 'ਵਰਿਆਮ' ਦੀ ਸਿਲਵਰ ਜੁਬਲੀ ਨਾਲ ਸੰਬੰਧਤ ਹੋਣ ਵਾਲੇ ਸਮਾਗਮਾਂ ਦੀ ਲੜੀ ਦੇ ਪਹਿਲੇ ਸਮਾਗਮ ਦੇ ਮੌਕੇ ੧੧ ਮਾਰਚ ਨੂੰ ਗੁਰੂ ਹਰੀ ਸਿੰਘ ਕਾਲਜ ਸ੍ਰੀ ਜੀਵਨ ਨਗਰ ਜ਼ਿਲ੍ਹਾ ਸਿਰਸਾ ਵਿਖੇ ਪ੍ਰਦਾਨ ਕੀਤਾ ਜਾਵੇਗਾ।

ਜਗਦੀਸ਼ ਸਿੰਘ ਦਾ ਇਹ ਸਨਮਾਨ ਸਾਡਾ ਸਾਰਿਆਂ ਦਾ ਮਾਣ ਹੈ ਜਿਹੜੇ ਜਗਦੀਸ਼ ਸਿੰਘ ਨੂੰ ਨੇੜਿਓਂ ਜਾਣਦੇ ਨੇ ਤੇ ਉਸਦੀ ਸ਼ਖਸੀਅਤ ਤੋਂ ਪ੍ਰਭਾਵਤ ਨੇ। ਜਗਦੀਸ਼ ਸਿੰਘ 'ਵਰਿਆਮ' ਨਾਲ਼ ਮੇਰੀ ਦੋਸਤੀ ਦੀ ਉਮਰ ਮੇਰੀ ਸਾਹਿਤਕ ਉਮਰ ਜਿੰਨੀ ਹੈ। ਪੰਜਾਬੀ ਸਾਹਿਤ ਨਾਲ ਜਦੋਂ ਮੇਰੀ ਵਾਕਫੀਅਤ ਬਕਾਇਦਾ ਸ਼ੁਰੂ ਹੋਈ ਤਾਂ ਪਿੰਡ ਤੋਂ ਜਲੰਧਰ ਤੱਕ ਦਾ ਸਫ਼ਰ ਵੀ ਸਾਹਿਤ ਸੁਪਨਿਆਂ ਦੇ ਰੱਥ ਉੱਤੇ ਹੀ ਸ਼ੁਰੂ ਹੋਇਆ ਸੀ। ਸਾਡਾ ਮਰਹੂਮ ਦੋਸਤ ਸਰਵਣ ਰਾਹੀ ਸਾਡੇ ਉਨ੍ਹਾਂ ਰਹਿਬਰਾਂ ਵਿਚੋਂ ਸੀ ਜਿਸਨੇ ਸਾਨੂੰ ਸਾਹਿਤਕਾਰਾਂ ਦੇ ਨੇੜੇ ਲਿਆਉਣ ਦੇ ਕਈ ਸਬੱਬ ਬਣਾਏ। ਸਰਵਣ ਰਾਹੀ ਅਤੇ ਜਗਦੀਸ਼ ਸਿੰਘ ਦੀ ਵਾਕਫ਼ੀਅਤ ਕਿੰਨੀ ਕੁ ਪੁਰਾਣੀ ਸੀ ਇਹ ਤਾਂ ਪਤਾ ਨਹੀਂ। ਪਰ ਜਿਓਂ ਹੀ ਜਗਦੀਸ਼ ਸਿੰਘ ਨੇ 'ਵਰਿਆਮ' ਦੀ ਪ੍ਰਕਾਸ਼ਨਾ ਸ਼ੁਰੂ ਕੀਤੀ ਤਾਂ ਸਰਵਣ ਰਾਹੀ ਉਹਨਾਂ ਸਾਹਿਤਕਾਰਾਂ ਵਿਚੋਂ ਸੀ, ਜਿਹੜੇ ਇਸ ਪਰਚੇ ਨੂੰ ਆਪਣਾ ਪਰਚਾ ਕਹਿੰਦੇ ਸਨ। ਇਸੇ ਅਪਣਤ ਦੇ ਦਿਨਾਂ ਅਤੇ ਮਾਹੌਲ ਵਿਚ ਹੀ ਉਹ ਸਾਨੂੰ ਜਗਦੀਸ਼ ਸਿੰਘ ਕੋਲ ਲੈ ਕੇ ਆਇਆ ਸੀ—ਜੰਡਿਆਲੇ ਤੋਂ ਜਲੰਧਰ—ਸਿਰਫ਼ ਸਾਡੀ ਜਾਣ-ਪਛਾਣ ਕਰਾਉਣ ਲਈ ਅਤੇ ਸਾਡੀਆਂ ਗ਼ਜ਼ਲਾਂ ਛਪਵਾਉਣ ਲਈ।

'ਵਰਿਆਮ' ਦੇ ਹੁਣ ਵਾਲੇ ਦਫ਼ਤਰ ਦੇ, ਹੁਣ ਵਾਲੇ ਹੀ ਕਾਊਂਟਰ ਉਤੇ, ਹੁਣ ਵਾਲੀ ਹੀ ਕੁਰਸੀ ਉੱਤੇ, ਹੁਣ ਵਾਲਾ ਹੀ ਜਗਦੀਸ਼ ਸਿੰਘ, ਹੁਣ ਵਾਲੇ ਹੀ ਹਾਸੇ ਨਾਲ ਸਾਡਾ ਸੁਆਗਤ ਕਰ ਰਿਹਾ ਸੀ ਤੇ ਹੁਣ ਵਰਗੀਆਂ ਹੀ ਨਿਰਛੱਲ ਚੋਭਾਂ ਨਾਲ ਸਾਡੇ ਮਨਾਂ ਦੇ ਗੁਬਾਰਿਆਂ ਵਿਚ ਛੇਕ ਕਰ-ਕਰਕੇ ਹਾਸਿਆਂ ਦੇ ਪਟਾਕੇ ਛੁਡਾ ਰਿਹਾ ਸੀ।

ਉਸ ਦਿਨ ਤੋਂ ਅੱਜ ਤੱਕ ਪੱਚੀ ਸਾਲ ਬੀਤ ਗਏ ਨੇ। ਜੰਡਿਆਲੇ ਤੋਂ ਜਲੰਧਰ ਤੱਕ ਦਾ ਸਫ਼ਰ 'ਨਵਾਂ ਜ਼ਮਾਨਾ' ਅਤੇ 'ਅਜੀਤ' ਰਾਹੀਂ ਹੁੰਦਾ ਹੋਇਆ ਦੂਰਦਰਸ਼ਨ ਦੇ ਮੀਲ ਪੱਥਰਾਂ ਤੱਕ ਭਾਵੇਂ ਬਹੁਤ ਦੂਰ ਨਿਕਲ ਚੁੱਕਾ ਹੈ ਪਰ ਪਹਿਲੇ ਪਿਆਰ ਵਾਲੀ ਜੋ ਅਪਣਤ ਜਗਦੀਸ਼ ਸਿੰਘ ਦੀ ਉਸ ਮਿਲਣੀ ਵਿਚ ਸੀ, ਉਹ ਮਨ ਵਿਚੋਂ ਕਦੇ ਨਹੀਂ ਵਿਸਰੀ। ਉਸਦੀ ਸ਼ਖਸੀਅਤ ਵਿੱਚ ਕੋਈ ਮਿਕਨਾਤੀਸੀ ਖਿੱਚ ਹੈ ਜੋ ਉਸਨੂੰ ਸਾਲਾਂ ਦੀਆਂ ਦੂਰੀਆਂ ਦੇ ਬਾਵਜੂਦ ਸਾਹਾਂ ਦੇ ਨੇੜੇ ਰਹਿਣ ਦਾ ਸਲੀਕਾ ਸਿਖਾਉਂਦੀ ਹੈ। ਉਸਦੇ ਇਸੇ ਸਲੀਕੇ ਨੇ ਉਸਨੂੰ ਸੀਮਤ ਸਾਧਨਾਂ ਨਾਲ ਅਸੀਮਤ ਕਾਰਜ ਕਰਨ ਦਾ ਬਲ ਬਖਸ਼ਿਆ ਹੈ। ਨਾਮਧਾਰੀ ਦਰਬਾਰ ਦਾ ਆਫੀਸ਼ੀਅਲ ਬੁਲਾਰਾ ਨਾ ਹੋਣ ਦੇ ਬਾਵਜੂਦ ਨਾਮਧਾਰੀ ਵਿਚਾਰਧਾਰਾ ਪ੍ਰਫੁੱਲਤ ਕਰਨ, ਸਤਿਗੁਰੂ ਰਾਮ ਸਿੰਘ, ਸਤਿਗੁਰੂ ਪਰਤਾਪ ਸਿੰਘ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਵਿਸ਼ੇਸ਼ ਅੰਕ ਪ੍ਰਕਾਸ਼ਤ ਕਰਨ ਅਤੇ ਸਮੇਂ-ਸਮੇਂ ਨਾਮਧਾਰੀ ਦਰਬਾਰ ਦੀਆਂ ਸਰਗਰਮੀਆਂ ਅਤੇ ਜੋੜ-ਮੇਲਿਆਂ ਬਾਰੇ ਵਿਸ਼ੇਸ਼ ਸਚਿੱਤਰ ਸਮੱਗਰੀ ਛਾਪਣ ਦੇ ਨਾਲ-ਨਾਲ ਪੰਜਾਬੀ ਦੇ ਇਕ ਨਰੋਏ ਸਾਹਿਤਕ ਪਰਚੇ ਵਜੋਂ ਆਪਣੇ ਆਪ ਨੂੰ ਸਥਾਪਤ ਕਰਨ ਦਾ ਜੋ ਕਾਰਜ 'ਵਰਿਆਮ' ਨੇ ਇਨ੍ਹਾਂ ਸਾਲਾਂ ਵਿਚ ਕੀਤਾ ਹੈ ਉਸ ਉਤੇ ਹਰ ਇਕ ਨੂੰ ਰਸ਼ਕ ਹੈ।

ਅਜਿਹੇ ਸੰਤੁਲਨ ਨੂੰ ਬਣਾਈ ਰੱਖਣ ਲਈ ਅਤੇ ਨਿਰੰਤਰਤਾ ਕਾਇਮ ਰੱਖਣ ਲਈ ਜਿਨ੍ਹਾਂ ਪੁਲਸਰਾਤਾਂ ਤੋਂ ਉਸਨੂੰ ਲੰਘਣਾ ਪਿਆ ਹੈ ਉਸਦੇ ਸ਼ਾਖਸੀ ਅਸੀਂ ਸਾਰੇ ਉਸਦੀ ਲਗਨ ਅਤੇ ਸਿਦਕ ਦੇ ਕਾਇਲ ਹਾਂ। ਸਾਧਨਾਂ ਦੀ ਅਣਹੋਂਦ ਵੀ ਸਿਰਫ਼ ਸਿਦਕ ਦੇ ਸਾਹਾਂ ਨਾਲ ਸਫ਼ਲਤਾ ਦੇ ਸਾਗਰ ਸਰ ਕਰ ਸਕਦੀ ਹੈ। ਇਸਦੀ ਪਰਤੱਖ ਮਿਸਾਲ ਹੈ ਜਗਦੀਸ਼ ਸਿੰਘ। ਉਸਨੇ ਨਾ ਆਪਣੀ ਪ੍ਰੈਸ ਨੂੰ ਕੋਈ ਨਵਾਂ ਵਿਸਥਾਰ ਦਿੱਤਾ, ਨਾ ਆਪਣੇ ਦਫ਼ਤਰ ਨੂੰ 'ਸ਼ੀਸ਼ਿਆਂ' ਨਾਲ ਸਜਾਇਆ, ਨਾ ਆਪਣੇ ਘਰ ਨੂੰ ਪੱਥਰਾਂ ਨਾਲ ਲਿਸ਼ਕਾਇਆ, ਨਾ ਆਪਣੀਆਂ ਯਾਤਰਾਵਾਂ ਨੂੰ ਕਾਰਾਂ ਦੇ ਝੂਟੇ ਦਾ ਮੋਹ ਪੈਣ ਦਿੱਤਾ, ਉਸਨੇ ਸਿਰਫ਼ ਤੇ ਸਿਰਫ਼ 'ਵਰਿਆਮ' ਨੂੰ ਸ਼ਬਦਾਂ ਦੇ ਸਰਮਾਏ ਨਾਲ ਮਾਲਾਮਾਲ ਕੀਤਾ। ਉਪਭੋਗਤਾ ਯੁੱਗ ਦੇ ਦਿਨਾਂ ਵਿਚ ਇਹੋ ਜਿਹੇ ਨਿਸ਼ਕਾਮ ਸੇਵਕਾਂ ਨੂੰ ਜੀਵਨ ਨਗਰ ਦੀ ਸਾਹਿਤ ਸਭਾ ਜੇਕਰ ਸਨਮਾਨ ਦੇ ਰਹੀ ਹੈ ਤਾਂ ਇਹ ਜਗਦੀਸ਼ ਸਿੰਘ ਵਰਿਆਮ ਅਤੇ ਮਾਸਿਕ ਵਰਿਆਮ ਦਾ ਸਨਮਾਨ ਹੋਣ ਦੇ ਨਾਲ-ਨਾਲ ਨਿਰਛਲ ਮਨਾਂ ਵਿਚ ਵਸਦੇ ਸਿਦਕ ਅਤੇ ਸਾਦਗੀ ਦਾ ਸਨਮਾਨ ਹੈ ਜੋ ਜਗਦੀਸ਼ ਸਿੰਘ ਦੇ ਰੂਪ ਵਿਚ ਰੂਪਮਾਨ ਹੋ ਰਿਹਾ ਹੈ।


Sri Satguru Jagjit Singh Ji eLibrary NamdhariElibrary@gmail.com

Our Motto : Best Quality of the Day

*High Class Gun Manufacturers*

**Single & Double Barrels**



# 12-Bore GUNS

**Free India Gun Manufacturers**

**Prop. S. KARTAR SINGH (Jammu-Wale)**

6, Industrial Estate, Ashok Nagar,
JAMMU CANTT-3
Ph. : 433810

*Sister Concern :*

**M/S. KARTAR SINGH**
**ARMS & AMMUNITION DEALERS**



Sri Satguru Jagjit Singh Ji eLibrary NamdhariElibrary@gmail.com

# ਜਗਦੀਸ਼ ਸਿੰਘ 'ਵਰਿਆਮ' ਦੀ ਸਾਹਿਤਕ ਪੱਤਰਕਾਰੀ

—ਸੁਵਰਨ ਸਿੰਘ ਵਿਰਕ

**ਇਹ ਪਰਚਾ ਨਾਮਧਾਰੀ ਪੰਜਾਬੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਵਲੋਂ ਆਯੋਜਿਤ ਵਰਿਆਮ ਦੀ ਸਿਲਵਰ ਜੁਬਲੀ ਨੂੰ ਸਮਰਪਿਤ ਸਮਾਗਮ ਸਮੇਂ ਮਿਤੀ ੧੧ ਮਾਰਚ ੨੦੦੦ ਨੂੰ ਗੁਰੂ ਹਰੀ ਸਿੰਘ ਕਾਲਜ ਜੀਵਨ ਨਗਰ ਵਿਚ ਪੜ੍ਹਿਆ ਗਿਆ।**

"ਫੁੱਲਾਂ ਦੀ ਡਾਲ ਹਾਂ ਕਦੇ ਖੰਡੇ ਦੀ ਧਾਰ ਹਾਂ,
ਦੇਖਣ ਨੂੰ ਐਵੇਂ ਕਾਲਿਆਂ ਹਰਫਾਂ ਦੀ ਡਾਰ ਹਾਂ।
ਉਹ ਜੰਗ ਜਿਹੜੀ ਹਰ ਸਮੇਂ ਬੰਦੇ ਦੇ ਮਨ 'ਚ ਹੈ,
ਯਾਰੋ ਮੈਂ ਉਸ ਜੰਗ ਦਾ ਨਾਮਾ-ਨਿਗਾਰ ਹਾਂ।"

—ਸੁਰਜੀਤ ਪਾਤਰ

ਮੈਂ ਉਸਨੂੰ ਉਦੋਂ ਤੋਂ ਜਾਣਦਾ ਹਾਂ ਜਦੋਂ ਉਹ ਨਿਰਾ ਜਗਦੀਸ਼ ਸਿੰਘ ਜਾਂ ਜਗਦੀਸ਼ ਸਿੰਘ 'ਜੰਮੂ' ਹੁੰਦਾ ਸੀ। ਕਿਉਂ ਜੁ ਜਲੰਧਰ ਤੋਂ ਕਾਰੋਬਾਰ ਦੇ ਸਿਲਸਿਲੇ ਵਿਚ ਉਹ ਜੰਮੂ ਪੁੱਜ ਗਿਆ ਸੀ। ਸੰਨ ੧੯੬੫ ਈ. ਵਿਚ ਨਾਮਧਾਰੀ ਵਿਦਿਅਕ ਜਥੇ ਦਾ ਪਹਿਲਾ ਸੰਮੇਲਨ ਸ੍ਰੀ ਭੈਣੀ ਸਾਹਿਬ ਦੀ ਤਪੋ-ਭੂਮੀ ਵਿਖੇ ਹੋਇਆ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਦੇ ਸੰਮੇਲਨ ਤੇ ਪਹੁੰਚਣ ਦੇ ਹੁਕਮ ਦੀ ਉਲੰਘਣਾ ਜਥੇਦਾਰ ਨੱਥਾ ਸਿੰਘ ਫੇਹ ਵਾਲਿਆਂ ਦਾ ਪੁੱਤਰ ਨਾ ਕਰ ਸਕਿਆ ਅਤੇ ਰੁਜ਼ਗਾਰ ਖੁੱਸਣ ਦਾ ਗਿਲਾ ਵੀ ਕਿਸੇ ਨਾਲ ਨਾ ਕੀਤਾ। ਕਿਉਂ ਜੁ ੮-੧੦ ਦਿਨ ਨਵਾਂ ਧੰਦਾ ਜੇ ਬੰਦ ਕਰ ਦੇਈਏ ਤਾਂ ਦੁਬਾਰਾ ਕਦੋਂ ਚੱਲਦਾ ਹੈ? ਜਗਦੀਸ਼ ਸਿੰਘ ਨੂੰ ਆਪਣੀ ਹੋਣੀ ਦਾ ਅਹਿਸਾਸ ਹੋ ਗਿਆ ਸੀ। ਕੁਝ ਪਾਉਣ ਲਈ ਬਹੁਤ ਕੁਝ ਤਿਆਗਣਾ ਪੈਂਦਾ ਹੈ ਅਤੇ ਬੇਕਾਰੀ ਤਾਂ ਉਹ ਸਮੱਸਿਆ ਹੈ ਜੋ ਗੋਸਾਈਂ ਤੁਲਸੀ ਦਾਸ ਦੇ ਸਮੇਂ ਤੋਂ ਹੀ ਕਲਮਾਂ ਵਾਲਿਆਂ ਨੂੰ ਤੰਗ ਕਰਦੀ ਰਹੀ ਹੈ—

*"ਜੀਵਿਕਾ ਵਿਹੀਨ ਲੋਗ ਸੀਧਯ ਮਾਨ ਸੋਚ ਬਸ*
*ਕਹੈਂ ਏਕ ਏਕਨ ਸੋਂ—"ਕਹਾਂ ਜਾਈ ਕਾ ਕਰੀ ?"*

ਪੰਜਾਬੀ ਵਿਚ ਪੱਤਰਕਾਰੀ ਅਤੇ ਉਹ ਵੀ ਸਾਹਿਤਕ ਪੱਤਰਕਾਰੀ ਦੇ ਬਿਖਮ ਮਾਰਗ ਤੇ ਚੱਲਣਾ, ਤਣੀ ਹੋਈ ਰੱਸੀ ਉੱਤੇ ਚੱਲਣ ਜਿਉਂ ਹੈ। ਮਲੇਰਕੋਟਲੇ ਦੇ ਕੂਕਾ ਸ਼ਹੀਦ ਵਰਿਆਮ ਸਿੰਘ ਨੂੰ ਮਧਰੇ ਕੱਦ ਦੇ ਬਹਾਨੇ ਛੱਡਿਆ ਜਾਣਾ ਸੀ। ਕਵੀ ਤਾਰਾ ਸਿੰਘ ਨੇ ਉਸੇ ਬਾਬਤ ਲਿਖਿਆ ਹੈ—

*"ਜਿਨ੍ਹਾਂ ਦੇ ਕੱਦ ਛੋਟੇ ਸੀ,*
*ਉਹਨਾਂ ਚਾਰ ਇੱਟਾਂ ਰੱਖੀਆਂ ਪੈਰਾਂ ਤਲੇ,*
*ਤੇ ਹੋ ਗਏ ਬਾਲਗ।"*

ਉਸ ਸ਼ਹੀਦ ਦੀ ਯਾਦ ਨੂੰ ਸਮਰਪਿਤ ਪਰਚਾ 'ਵਰਿਆਮ' ਢਾਈ ਦਹਾਕੇ ਪਹਿਲੋਂ ਜਲੰਧਰੋਂ ਛਪਣਾ ਸ਼ੁਰੂ ਹੋਇਆ। ਪਹਿਲੇ ਪੰਜਾਂ ਛੇਆਂ ਵਰ੍ਹਿਆਂ ਵਿਚ ਹੀ ਇਸ ਪਰਚੇ ਨੇ ਆਪਣੀ ਪਹਿਚਾਣ ਨਾ ਸਿਰਫ ਦੇਸ਼ ਵਿਚ ਹੀ ਸਗੋਂ ਹੋਰਨਾਂ ਪੰਜਾਬੀ ਸਮਝੇ ਜਾਣ ਵਾਲੇ ਦੇਸ਼ਾਂ ਵਿਚ ਵੀ ਬਣਾ ਲਈ। ਜਗਦੀਸ਼ ਸਿੰਘ ਦੇ ਨਾਂ ਨਾਲ ਪਰਚਾ 'ਵਰਿਆਮ' ਇਸ ਕਦਰ ਜੁੜ ਗਿਆ ਕਿ ਜਗਦੀਸ਼ ਸਿੰਘ ਤੋਂ ਬਿਨਾਂ 'ਵਰਿਆਮ' ਦੀ ਅਤੇ 'ਵਰਿਆਮ' ਤੋਂ ਬਿਨਾਂ ਜਗਦੀਸ਼ ਸਿੰਘ ਦੀ ਹੋਂਦ ਸਵੀਕਾਰੀ ਹੀ ਨਹੀਂ ਜਾ ਸਕਦੀ। ਜਦੋਂ ਉਸਨੂੰ ਪਰਚਾ ਕੱਢਦਿਆਂ ਪੂਰੇ ਸੋਲਾਂ ਵਰ੍ਹੇ ਹੋ ਗਏ ਤਾਂ ਪੱਤਰਕਾਰੀ ਨਾਲ ਆਪਣੇ ਇਸ਼ਕ ਬਾਰੇ ਉਸ ਅਕਬਰ ਅਲਾਹਾਬਾਦੀ ਦੇ ਬਹਾਨੇ ਨਾਲ ਗੱਲ ਕੀਤੀ ਸੀ—

*"ਕੁਝ ਨਤੀਜਾ ਨਾ ਸਹੀ ਇਸ਼ਕ ਕੀ ਉਮੀਦੋਂ ਕਾ,*
*ਦਿਲ ਤੋ ਬੜ੍ਹਤਾ ਹੈ ਤਬੀਅਤ ਤੋ ਬਹਲ ਜਾਤੀ ਹੈ।'*

ਜਿਹੜੀਆਂ ਮੁਸ਼ਕਿਲਾਂ ਏਨੇ ਲੰਮੇ ਸਮੇਂ ਵਿਚ ਉਸ ਨੂੰ ਦਰਪੇਸ਼ ਆਈਆਂ, ਉਹਨਾਂ ਉੱਤੇ ਇਕ ਦਾਰਸ਼ਨਿਕ ਅੰਦਾਜ਼ ਵਿਚ ਟਿਪਣੀ ਕਰਦਿਆਂ ਉਸ ਲਿਖਿਆ :

*"ਜੀਵਨ ਵਿਚ ਵਿਵਸਾਏ ਵਾਸਤੇ ਦੌੜ ਭੱਜ, ਖੋਹ-ਖਿੱਚ, ਸੱਤ ਅਸੱਤ ਦੇ ਭੇੜ, ਮੋਹ-ਮਾਇਆ, ਲਾਲਚ ਦੇ ਤਮਾਸ਼ੇ, ਮਾਨ-ਅਪਮਾਨ ਦੀ ਖੇਡ ਅਤੇ ਹੋਰ ਸ਼ਬਦਾਂ ਤੋਂ ਬਾਹਰੀਆਂ ਕਰਤੂਤਾਂ ਵੇਖਕੇ ਭਰਥਰੀ ਹਰੀ ਦੀ ਗੱਲ ਬੜੀ ਚੰਗੀ ਲੱਗਦੀ ਹੈ—*

*"ਵਿਧਾਤਾ ਨੇ ਆਪਣੇ ਲਿਲਾਟ ਫਲਕ ਤੇ ਜੋ ਥੋੜ੍ਹਾ ਬਹੁਤ ਧਨ ਲਿਖ ਦਿੱਤਾ ਹੈ ਉਹ ਉਸਨੂੰ ਰੇਗਿਸਤਾਨ ਵਿਚ ਵੀ ਮਿਲ ਜਾਂਦਾ ਹੈ ਅਤੇ ਇਸ ਤੋਂ ਵੱਧ ਮੇਰੂ ਪਰਬਤ, ਸੋਨੇ ਦੇ ਪਹਾੜ ਉੱਤੇ ਵੀ ਨਹੀਂ ਮਿਲ ਸਕਦਾ।*

*ਇਸ ਵਾਸਤੇ ਹੇ ਮਨੁੱਖ ਧੀਰਜਸ਼ਾਲੀ ਬਣੋ। ਧਨਵਾਨਾਂ ਦੇ ਅੱਗੇ ਬੇਅਰਥ ਆਪਣੀ ਦੀਨ ਬ੍ਰਿਤੀ ਮਤ ਕਰੋ।*

*ਵੇਖੋ ਘੜਾ ਖੂਹ ਅਤੇ ਸਮੁੰਦਰ ਵਿਚ ਵੀ ਬਰਾਬਰ ਪਾਣੀ ਗ੍ਰਹਿਣ ਕਰਦਾ ਹੈ।"*

ਵਰਿਆਮ, ਨਵੰਬਰ ੧੯੯੧


Sri Satguru Jagjit Singh Ji eLibrary NamdhariElibrary@gmail.com

ਜਗਦੀਸ਼ ਸਿੰਘ 'ਵਰਿਆਮ' ਇਕ ਬਹੁ ਆਯਾਮੀ ਸ਼ਖਸੀਅਤ ਦੇ ਸੁਆਮੀ ਹਨ। ਪਹਿਲੀ ਗੱਲ ਉਹਨਾਂ ਬਾਰੇ ਇਹ ਕਹਾਂਗਾ ਕਿ ਪ੍ਰਿੰਸੀਪਲ ਤੇਜਾ ਸਿੰਘ ਦੇ "ਸਾਊਪੁਣੇ" ਵਾਲੇ ਲੇਖ ਦੀਆਂ ਸਾਰੀਆਂ ਸ਼ਰਤਾਂ ਤੇ ਉਹ ਖਰੇ ਉਤਰਦੇ ਹਨ। ਇਕ ਸਾਊ ਸੱਜਣ ਹਨ। ਬੋਲ-ਚਾਲ ਲੇਖਣੀ ਵਿਚ ਹਲੀਮੀ ਦਾ ਪੱਲਾ ਘੁੱਟ ਕੇ ਫੜੀ ਰੱਖਦੇ ਹਨ। ਨਿਮਰਤਾ ਦੀ ਮੂਰਤ ਦਾ ਨਾਂ ਹੈ ਜਗਦੀਸ਼ ਸਿੰਘ ਵਰਿਆਮ।

ਉਹ ਬਹੁਤ ਵਧੀਆ ਸੰਗਠਨ-ਕਰਤਾ ਵੀ ਹੋ ਨਿਬੜੇ ਹਨ। ਇਕ ਸ਼ਾਨਦਾਰ ਪਰਚੇ ਨੂੰ ਚੌਥਾਈ ਸਦੀ ਚਾਲੂ ਰੱਖਕੇ ਆਪਣੀ ਪ੍ਰਬੰਧ ਕੁਸ਼ਲਤਾ ਦਾ ਲੋਹਾ ਤਾਂ ਉਹਨਾਂ ਮੰਨਵਾ ਹੀ ਲਿਆ ਹੈ। ਨਾਮਧਾਰੀ ਵਿਦਿਅਕ ਜਥਾ, ਕੇਂਦਰੀ ਪੰਜਾਬੀ ਲੇਖਕ ਸਭਾ, ਪੰਜਾਬੀ ਲੇਖਕ ਸਭਾ ਜਲੰਧਰ ਅਤੇ ਨਾਮਧਾਰੀ ਦਰਬਾਰ ਦੇ ਮੀਰੀ ਅਹੁਦਿਆਂ ਤੇ ਉਹ ਬਿਰਾਜਮਾਨ ਰਹੇ ਹਨ ਤੇ ਹੁਣ ਵੀ ਹਨ। ਮੇਰੀ ਜਾਣਕਾਰੀ ਦੇ ਘੇਰੇ ਤੋਂ ਬਾਹਰ ਵੀ ਉਹਨਾਂ ਦੇ ਕਈ ਕਾਰਜ ਖੇਤਰ ਹਨ। ਜਲੰਧਰ ਦੀਆਂ ਪੰਜਾਬੀ ਲੇਖਕਾਂ ਦੀਆਂ ਮੀਟਿੰਗਾਂ ਗੋਸ਼ਟੀਆਂ ਤੋਂ ਲੈ ਕੇ ਏਸ਼ੀਆ, ਯੂਰਪ, ਅਮਰੀਕਾ ਅਤੇ ਅਫਰੀਕਾ ਮਹਾਂਦੀਪਾਂ ਵਿਚ ਸਮੇਂ ਸਮੇਂ ਹੋਣ ਵਾਲੇ ਕੌਮਾਂਤਰੀ ਸੰਮੇਲਨਾਂ ਵਿਚ ਵੀ ਉਹਨਾਂ ਆਪਣਾ ਬਣਦਾ ਯੋਗਦਾਨ ਪਾਇਆ ਹੈ। ਨਾਮਧਾਰੀ ਸਮਾਜ ਨਾਲ ਜੁੜੇ ਹੋਣ ਕਾਰਨ ਹੋਲੇ ਮਹੱਲੇ, ਅੱਸੂ ਦੇ ਮੇਲੇ, ਸੰਗੀਤ ਸੰਮੇਲਨ, ਸ਼ਾਕਾਹਾਰੀ ਸੰਮੇਲਨ, ਪ੍ਰਸਿੱਧ ਨਾਮਧਾਰੀ ਸਾਹਿਤਕ ਅਤੇ ਇਤਿਹਾਸਕ ਵਿਅਕਤੀਆਂ ਦੇ ਸੰਮੇਲਨਾਂ ਵਿਚ ਉਹਨਾਂ ਦਾ ਸ਼ਾਮਲ ਹੋਣਾ ਗਰੰਟੀਸ਼ੁਦਾ ਹੁੰਦਾ ਹੈ। ਫਿਰ ਇਹਨਾਂ ਸਾਰਿਆਂ ਸੰਮੇਲਨਾਂ ਦੀ ਸੰਖੇਪ ਪਰ ਭਾਵਪੂਰਕ ਰਪਟ ਆਪਣੇ ਪਰਚੇ ਲਈ ਉਹ ਖੁਦ ਤਿਆਰ ਕਰਦੇ ਹਨ ਜਿਹਨੂੰ ਪੜ੍ਹਦਿਆਂ ਕਦੇ ਵੀ ਅਕੇਵਾਂ ਮਹਿਸੂਸ ਨਹੀਂ ਹੁੰਦਾ। ਦੇਸ਼ ਵਿਚਲੇ ਅਤੇ ਬਾਹਰਲੇ ਦੌਰਿਆਂ ਦੇ ਯਾਤਰਾ ਬਿਰਤਾਂਤ ਵੀ ਉਹਨਾਂ ਦੀ ਲੇਖਣੀ ਦਾ ਸ਼ਿੰਗਾਰ ਬਣਦੇ ਹਨ।

ਉਹ ਬਹੁਤ ਥੋੜ੍ਹਾ ਅਤੇ ਬਹੁਤ ਠੋਸ ਲਿਖਣ ਦੇ ਅਸੂਲ ਦੇ ਧਾਰਨੀ ਹਨ। ਉਹ ਉਹਨਾਂ ਸੰਪਾਦਕਾਂ ਵਿਚੋਂ ਨਹੀਂ ਜੋ ਸਾਰੇ ਪਰਚੇ ਤੇ ਖੁਦ ਹੀ ਛਾਏ. ਰਹਿੰਦੇ ਹਨ। ਉਹ ਪਰਚੇ ਵਿਚ ਸੰਪਾਦਕੀ ਦੇ ਨਾਂ ਤੇ ਚਲੰਤ ਮਾਮਲਿਆਂ ਬਾਰੇ ਸਟੀਕ ਟਿੱਪਣੀਆਂ ਤਾਂ ਕਰਦੇ ਹਨ ਪਰ ਵਰਿਆਮ ਦੇ ਹਰ ਸਫੇ ਅਤੇ ਹਰ ਰਚਨਾ ਵਿਚ ਉਹਨਾਂ ਦੀ ਚੋਣ ਛਾਪ ਮੌਜੂਦ ਰਹਿੰਦੀ ਹੈ। ਇਹਨਾਂ ਸਮਕਾਲੀ ਘਟਨਾਵਾਂ ਬਾਰੇ ਲਿਖਣ ਨੂੰ ਕਈ ਵੱਡੇ ਲੇਖਕ ਛੋਟਾ ਕੰਮ ਸਮਝਦੇ ਹਨ। ਪ੍ਰਸਿੱਧ ਹਿੰਦੀ ਵਿਅੰਗਕਾਰ ਹਰੀ ਸ਼ੰਕਰ ਪਰਸਾਈ ਇਸ ਤਰ੍ਹਾਂ ਦੀ ਸੋਚ ਦੀ ਖਿੱਲੀ ਉਡਾਉਂਦੇ ਹਨ :

"ਮੈਨੂੰ ਗਿਆਨੀਆਂ ਨੇ ਲਗਾਤਾਰ ਸਲਾਹ ਦਿੱਤੀ ਕਿ ਕੁਝ ਸ਼ਾਸਵਤ ਲਿਖੋ। ਐਸਾ ਲਿਖੋ ਜੋ ਅਮਰ ਹੋ ਜਾਏ। ਇਸ ਤਰ੍ਹਾਂ ਦੀ ਸਲਾਹ ਦੇਣ ਵਾਲੇ ਕਦੋ ਦੇ ਮਰ ਗਏ ਹਨ। ਮੈਂ ਜ਼ਿੰਦਾ ਹਾਂ ਕਿਉਂਕਿ ਜੋ ਮੈਂ ਅੱਜ ਲਿਖਦਾ ਹਾਂ ਕੱਲ੍ਹ ਮਰ ਜਾਂਦਾ ਹੈ। ਲੇਖਕਾਂ ਨੂੰ ਮੇਰੀ ਸਲਾਹ ਹੈ ਕਿ ਅਜਿਹਾ ਸੋਚ ਕੇ ਕਦੀ ਨਾ ਲਿਖੋ ਕਿ ਮੈਂ ਸ਼ਾਸਵਤ ਲਿਖ ਰਿਹਾ ਹਾਂ। ਸ਼ਾਸਵਤ ਲਿਖਣ ਵਾਲੇ ਤਾਂ ਤੁਰੰਤ ਮੌਤ ਦੇ ਮੂੰਹ ਵਿਚ ਚਲੇ ਜਾਂਦੇ ਹਨ। ਆਪਣਾ ਲਿਖਿਆ ਜੋ ਰੋਜ਼ ਮਰਦਾ ਵੇਖਦੇ ਹਨ ਉਹੀ ਅਮਰ ਹੁੰਦੇ ਹਨ। ਜੋ ਆਪਣੇ ਯੁੱਗ ਦੇ ਪ੍ਰਤੀ ਈਮਾਨਦਾਰ ਨਹੀਂ ਉਹ ਅਨੰਤ ਕਾਲ ਦੇ ਪ੍ਰਤੀ ਕੀ ਈਮਾਨਦਾਰ ਹੋਏਗਾ ?"

— ਹਿੰਦੀ "ਪਹਿਲ" ਦਾ ੫੨ ਵਾਂ ਅੰਕ, ਸਫਾ ੧੮੭

ਉਹ "ਪਰਦੂਸ਼ਣ ਦਾ ਦੈਂਤ" ਸੰਪਾਦਕੀ ਲਿਖਕੇ ਗੁਰੂ ਨਾਨਕ ਦੇਵ ਜੀ ਨਾਲ ਜੁੜੀ ਬੇਈਂ ਨਦੀ ਦੀ ਹਾਲਾਤ ਤੇ ਚਿੰਤਾ ਪ੍ਰਗਟ ਕਰਦੇ ਲਿਖਦੇ ਹਨ—"ਪਿਛਲੇਰੇ ਸਾਲਾਂ ਵਿਚ 'ਵਰਿਆਮ' ਦਾ ਇਕ ਵਾਤਾਵਰਨ ਅੰਕ ਅਸੀਂ ਪ੍ਰਕਾਸ਼ਿਤ ਕਰ ਸਕੇ ਸਾਂ ਜਿਸ ਦੇ ਮੁੱਖ ਪੰਨੇ ਤੇ ਸੁਖਵੰਤ ਆਰਟਿਸਟ ਦੇ ਬਣਾਏ ਚਿੱਤਰ ਦੇ ਨਾਲ ਉਸਦਾ ਇਕ ਸ਼ੇਅਰ ਵੀ ਛਪਿਆ ਸੀ ਜੋ ਸਾਰੀ ਗੱਲ ਨੂੰ ਪ੍ਰਤੀਕਾਤਮਕ ਤੌਰ ਤੇ ਉਜਾਗਰ ਕਰਦਾ ਸੀ—

*"ਤਿੜਕੀ ਧਰਤੀ ਚੋਂ ਤੇਜ਼ਾਬੀ ਬੂ ਆਵੇ।*
*ਚੁੰਝ 'ਚ ਲੈ ਕੇ ਚੋਗ ਚਿੜੀ ਕਿਧਰ ਜਾਵੇ।"*

ਆਪਣਾ ਤੋੜਾ ਏਥੇ ਝਾੜਦੇ ਹਨ—

*"ਵਾਤਾਵਰਨ ਦੀ ਸਵੱਛਤਾ ਸਾਡਾ ਸਾਰਿਆਂ ਦਾ ਸਾਂਝਾ ਕਰਤੱਵ, ਧਰਮ, ਫਰਜ਼ ਹੋਣਾ ਚਾਹੀਦਾ ਹੈ। ਸਰਕਾਰ ਨੇ ਇਸ ਮੰਤਵ ਲਈ ਮਹਿਕਮੇ ਬਣਾਏ ਹਨ। ਕਾਨੂੰਨ ਬਣਾਏ ਹਨ, ਪਰ ਲਾਗੂ ਕਰਨ ਵਾਲੇ ਤਾਂ ਇਨਸਾਨ ਹੀ ਹਨ। ਇਹ ਕਾਰਜ ਤਾਂ ਸਾਨੂੰ ਆਪਣੇ ਤੋਂ, ਆਪਣੇ ਘਰ ਤੋਂ ਹੀ ਸ਼ੁਰੂ ਕਰਨਾ ਪਵੇਗਾ। ਇਸ ਸਮੱਸਿਆ ਨੂੰ ਮਨੋ ਗੰਭੀਰਤਾ ਨਾਲ ਕਬੂਲਣਾ ਪਵੇਗਾ। ਇਸ ਕਾਰਜ ਵਿਚ ਅਵੇਸਲਾਪਣ ਘਾਤਕ ਸਿੱਧ ਹੋ ਰਿਹਾ ਹੈ।"*

ਵਰਿਆਮ, ਜੂਨ ੧੯੯੮

ਇਸੇ ਤਰ੍ਹਾਂ ਪੰਜਾਬ ਵਿਚ ਪਹਿਲੀ ਜਮਾਤ ਤੋਂ ਅੰਗ੍ਰੇਜ਼ੀ


Sri Satguru Jagjit Singh Ji eLibrary NamdhariElibrary@gmail.com

ਦੀ ਪੜ੍ਹਾਈ ਲਾਗੂ ਕਰਨ ਦੇ ਅਣਵਿਗਿਆਨਕ ਫੈਸਲੇ ਦੀ ਚੀਰ ਫਾੜ ਕਰਦਿਆਂ ਆਪਣੀ ਗੱਲ ਇਸ ਤਰ੍ਹਾਂ ਦੇ ਅੰਦਾਜ਼ ਨਾਲ ਸਮਾਪਤ ਕਰਦੇ ਹਨ—

*"ਸਾਡੀ ਅਰਦਾਸ ਹੈ, ਹੇ ਸੱਚਿਆ ਪਾਤਸ਼ਾਹ ਬਾਬਾ ਨਾਨਕ! ਆਪਣੇ ਸਿੱਖਾਂ ਤੇ ਕ੍ਰਿਪਾ ਕਰ .... ਅਤੇ ਮਲੇਛ ਭਾਖਾ ਦੀ ਤਾਅਬੇਦਾਰੀ ਤੋਂ ਰੱਖਿਆ ਕਰ।"* ਵਰਿਆਮ ਉਹੀ

ਇਸ ਤਰ੍ਹਾਂ ਦੀ ਗੱਲ ਆਪਣੀ ਬੋਲੀ ਬਾਰੇ ਉਹੋ ਲੇਖਕ ਕਰ ਸਕਦਾ ਹੈ, ਜੋ ਇਸ ਨਾਲ ਪੂਰੀ ਤਰ੍ਹਾਂ ਜੁੜਿਆ ਹੋਵੇ। ਇਸਦੇ ਵਿਕਾਸ ਅਤੇ ਪ੍ਰਚਾਰ ਪ੍ਰਸਾਰ ਲਈ ਸਰਕਾਰੀ ਅਦਾਰਿਆਂ ਦੀ ਖਾਮੋਸ਼ੀ ਤੁੜਵਾਉਣ ਲਈ ਜਿਸਨੇ ਜਲਸੇ-ਜਲੂਸ, ਮੁਜ਼ਾਹਰੇ-ਮੀਟਿੰਗਾਂ, ਧਰਨਿਆਂ ਅਤੇ ਸਤਿਆਗ੍ਰਹਿਆਂ ਵਿਚ ਹਿੱਸਾ ਲਿਆ ਹੋਵੇ ਅਤੇ ਆਪਣੇ ਦੇਸ਼ ਵਿਚ ਹੀ ਵਿਦੇਸ਼ੀ ਭਾਸ਼ਾ ਦੇ ਦਾਬੇ ਤੋਂ ਆਪਣੀ ਭਾਸ਼ਾ ਨੂੰ ਮੁਕਤ ਕਰਵਾਉਣ ਲਈ ਧੂਹ-ਘੜੀਸ ਬਰਦਾਸ਼ਤ ਕੀਤੀ ਹੋਵੇ।

ਦੁਰਘਟਨਾਵਾਂ ਜ਼ਿੰਦਗੀ ਦਾ ਇਕ ਜ਼ਰੂਰੀ ਭਾਗ ਬਣਦੀਆਂ ਜਾ ਰਹੀਆਂ ਹਨ। ਕਦੇ ਡੱਬਵਾਲੀ ਅਗਨੀ ਕਾਂਡ, ਕਦੇ ਕਿਸੇ ਦਰਿਆ ਵਿਚ ਕਿਸ਼ਤੀ ਉਲਟ ਜਾਣੀ, ਦਿੱਲੀ ਵਿਚ ਜਮਨਾ ਦਰਿਆ ਵਿਚ ਡਿੱਗ ਕੇ ਬੱਚੇ ਮਰੇ ਤਾਂ 'ਵਰਿਆਮ' ਆਪਣੇ ਸੰਪਾਦਕੀ "ਬੱਚਿਆਂ ਨਾਲ ਦੁਰਘਟਨਾ" ਵਿਚ ਕੁਝ ਬਹੁਤ ਜ਼ਰੂਰੀ ਨੁਕਤੇ ਉਭਾਰਦਾ ਹੈ—

*"ਅਸਾਂ ਕੁਝ ਸਮਾਂ ਪਹਿਲਾਂ ਇਸ ਪਾਸੇ ਧਿਆਨ ਦੁਆਇਆ ਸੀ ਕਿ ਤੁਸੀਂ ਸਵੇਰੇ ਸਵੇਰੇ ਰਿਕਸ਼ਿਆਂ, ਬੱਘੀਆਂ ਨਾਲ ਲਟਕਦੇ ਬੱਚੇ ਜ਼ਹਿਰੀਲੇ ਧੂੰਏ ਵਿਚ ਜਾਂਦੇ ਆਮ ਵੇਖੇ ਹੋਣਗੇ। ਇਨ੍ਹਾਂ ਥਰੀ-ਵੀਲ੍ਹਰਾਂ ਵਿਚ ਅਕਸਰ ਮਿੱਟੀ ਦਾ ਤੇਲ ਪਾਇਆ ਜਾਂਦਾ ਹੈ। ਫਲਸਰੂਪ ਭਿਆਨਕ ਸ਼ੋਰ ਅਤੇ ਜ਼ਹਿਰੀਲਾ ਧੂੰਆਂ ਇਹਨਾਂ ਬੱਚਿਆਂ ਨੂੰ ਗ੍ਰਸ ਲੈਂਦਾ ਹੈ।... ਇਹ ਹੌਲੀ ਹੌਲੀ ਮੌਤ ਦੇ ਮੂੰਹ ਵੱਲ ਜਾ ਰਹੇ ਹੁੰਦੇ ਹਨ। ਇਕ ਇਕ ਰਿਕਸ਼ੇ ਵਿਚ ਵੀਹ ਵੀਹ ਨਿਆਣੇ। ਇਕ ਇਕ ਬੱਸ ਵਿਚ ਸਵਾ ਸੌ ਬੱਚਾ। .... ਨਿਰੀਆਂ ਟਾਈਆਂ ਲੁਆ ਕੇ, ਸੈਂਕੜੇ ਰੁਪੈ ਦੀਆਂ ਫੀਸਾਂ ਦੇ ਕੇ ਅਤੇ ਅੰਗਰੇਜ਼ ਬਣਾਉਣ ਦਾ ਭਰਮ ਪੈਦਾ ਕਰਕੇ ਤਾਂ ਬੱਚਿਆਂ ਦਾ ਭਵਿੱਖ ਨਹੀਂ ਸੌਰ ਜਾਣਾ। ਹੈ ਕੋਈ ਇਹਨਾਂ ਦਾ ਸੱਚਾ ਹਮਦਰਦ, ਕੋਈ ਸਰਕਾਰ, ਕੋਈ ਲੀਡਰ, ਕੋਈ ਸਮਾਜ ਸੇਵਕ ਜੋ ਇਹਨਾਂ ਫੁੱਲਾਂ ਨੂੰ ਇਸ ਟਰੈਜਡੀ ਤੋਂ ਨਿਜਾਤ ਦੁਆਏ।"* ਵਰਿਆਮ, ਦਸੰਬਰ ੧੯੯੧

ਵਰਿਆਮ ਦੇ ਵਿਸ਼ੇਸ਼ ਅੰਕਾਂ ਨੇ ਪੰਜਾਬੀ ਪੱਤਰਕਾਰਿਤਾ ਵਿਚ ਆਪਣੀ ਵਿਸ਼ੇਸ਼ ਥਾਂ ਬਣਾ ਲਈ ਹੈ। ਸੂਬਾ ਸਾਹਿਬ ਸਿੰਘ ਅੰਕ ਦੇ ਸਰਵਰਕ ਤੇ ਛਪੇ ਚਿੱਤਰ ਤੇ ਉੱਕਰਿਆ ਸ਼ੇਅਰ ਕਿਸੇ ਵਿਆਖਿਆ ਦਾ ਮੁਥਾਜ ਨਹੀਂ:

*"ਪਿਆਰ ਸਾਡੇ ਦੀ ਪਰਖ ਇਸ ਵਤਨ ਦੀ ਮਿਟੀ ਕਰੇ,*
*ਦੇਸ਼ ਦੀ ਸੁਆਧੀਨਤਾ ਪਲਦੀ ਲਹੂ ਦੇ ਆਸਰੇ।*
*ਮਿਟ ਗਏ ਜੋ ਵਤਨ ਦੀ ਇੱਜ਼ਤ ਲਈ,*
*ਯਾਦ ਉਹਨਾਂ ਦੀ ਸਦਾ ਸੱਜਰੀ ਰਹੇ ਮਘਦੀ ਰਹੇ।"*

"ਸੂਬਾ ਸਾਹਿਬ ਸਿੰਘ ਅੰਕ" ਭੇਜਣ ਦੀਆਂ ਚਿੱਠੀਆਂ ਅਬਦੁਲ ਗਫ਼ੂਰ ਕੁਰੈਸ਼ੀ ਵਰਗੇ ਪਾਕਿਸਤਾਨੀ ਲੇਖਕਾਂ ਵਲੋਂ ਵੀ ਆਈਆਂ। ਪੰਜਾਬੀ ਗਲਪ ਦੇ ਮੁੱਢਲੇ ਹਸਤਾਖਰ ਨਾਨਕ ਸਿੰਘ ਤੇ ਜੋ ਅੰਕ ਕੱਢਿਆ ਗਿਆ ਤਾਂ ਪੰਜਾਬੀ ਕਹਾਣੀ ਦੇ ਵਰਤਮਾਨ, ਵਰਿਆਮ ਸਿੰਘ ਸੰਧੂ ਬਾਰੇ ਵਰਿਆਮ ਦਾ ਵਿਸ਼ੇਸ਼ ਅੰਕ ਕਾਫੀ ਚਰਚਿਤ ਹੋਇਆ। ਪੰਜਾਬੀ ਟ੍ਰਿਬਿਊਨ ਵਿਚ ਸ਼ਾਮ ਸਿੰਘ ਲਿਖਦੇ ਹਨ—

*ਪਰਚੇ 'ਵਰਿਆਮ' ਦੇ ਸੰਪਾਦਕ ਜਗਦੀਸ਼ ਸਿੰਘ "ਸੱਜਣ ਸੇਈ ਨਾਲ ਮੈਂ ...." ਵਿਚ ਆਪਣੇ ਵੱਲੋਂ ਲਿਖਦਿਆਂ ਲਿਖਿਆ ਕਿ ਅਠਾਰਾਂ ਸਾਲ ਪਹਿਲਾਂ ਵਰਿਆਮ ਰਸਾਲੇ ਦਾ ਜਨਮ ਹੋਇਆ। ਐਮਰਜੈਂਸੀ ਵਿਚ ਹਰ ਲਿਖਤ ਸੈਂਸਰ ਤੋਂ ਪਾਸ ਕਰਾਉਣੀ ਪੈਂਦੀ ਸੀ। ਇਕ ਦਿਨ ਇਕ ਦੋਸਤ ਸੈਂਸਰ ਅਧਿਕਾਰੀ ਨੇ ਪਤੇ ਦੀ ਗੱਲ ਸਮਝਾਈ—"ਤੁਸੀਂ ਭਲੇ ਆਦਮੀ ਹੋ ਤੱਤ ਦੀ ਗੱਲ ਮੈਂ ਤੁਹਾਨੂੰ ਦੱਸ ਦਿਆਂ। ਵਰਿਆਮ ਸੰਧੂ ਤੇ ਇਕ ਦੋ ਹੋਰ ਬੰਦਿਆਂ ਨੂੰ ਨਾ ਛਾਪੋ। ਅਸੀਂ ਇਹ ਹੀ ਕੱਟਾਂਗੇ। ਉਸ ਵੇਲੇ ਵਰਿਆਮ ਸੰਧੂ ਨੂੰ ਅਸੀਂ ਜਾਣਦੇ ਤੱਕ ਵੀ ਨਹੀਂ ਸਾਂ। "*

*ਕਮਾਲ ਇਹ ਹੈ ਕਿ ਇਸੇ ਮਾਸਿਕ ਪੱਤਰ 'ਵਰਿਆਮ' ਦਾ ਉਨ੍ਹੀਵੇਂ ਸਾਲ ਦਾ ਪਹਿਲਾ ਅੰਕ ਵਰਿਆਮ ਸਿੰਘ ਸੰਧੂ ਅੰਕ ਛਾਪਿਆ ਗਿਆ।*

-ਪੰਜਾਬੀ ਟ੍ਰਿਬਿਊਨ ੨੬-੧੧-੧੯੯੩

ਸੰਤ ਤਰਨ ਸਿੰਘ ਵਹਿਮੀ ਹੋਰਾਂ ਦੀ ਨਾਮਧਾਰੀ ਸਾਹਿਤ, ਇਤਿਹਾਸ, ਸਮਾਜ ਅਤੇ ਸੱਭਿਆਚਾਰ ਬਾਰੇ ਦੇਣ ਵਡਮੁੱਲੀ ਹੈ। ਉਹਨਾਂ ਦੇ ਜਿਉਂਦਿਆਂ "ਜੱਸ ਜੀਵਨ" ਦੀਆਂ ਦੋ ਜਿਲਦਾਂ ਹੀ ਛਪੀਆਂ ਸਨ ਅਤੇ ਜਿਸ ਤਰ੍ਹਾਂ ਦਾ ਹੁੰਗਾਰਾ ਲੇਖਕ ਉਡੀਕਦਾ ਸੀ ਉਹ ਵੀ ਆਲੇ-ਦੁਆਲੇ ਵੱਲੋਂ ਨਾ ਮਿਲਿਆ। ਉਹਨਾਂ ਦੀ ਦੂਸਰੀ ਬਰਸੀ ਦੇ ਸਮਾਗਮ ਬਾਰੇ ਜੋ ਪਿੰਡ ਬੁੱਢੀ ਮਾੜੀ ਜ਼ਿਲ੍ਹਾ ਸਿਰਸਾ ਵਿਚ ਪਰਿਵਾਰ ਵੱਲੋਂ ਕੀਤਾ


Sri Satguru Jagjit Singh Ji eLibrary NamdhariElibrary@gmail.com

ਗਿਆ ਸੀ, ਵਰਿਆਮ ਨੇ "ਵਹਿਮੀ ਸਮਾਗਮ" ਦੇ ਨਾਂ ਹੇਠ ਆਪਣੀ ਸੰਪਾਦਕੀ ਲਿਖੀ—

*"ਕਿਸੇ ਲੇਖਕ ਦੀ ਯਾਦ ਵਿਚ ਸਲਾਨਾ ਸਮਾਗਮ ਕਰਨਾ ਬੜੀ ਹੀ ਚੰਗੀ ਪਿਰਤ ਹੈ। ਵਹਿਮੀ ਜੀ ਖੁਸ਼ ਕਿਸਮਤ ਸਨ ਕਿ ਉਹਨਾਂ ਦੇ ਪਰਿਵਾਰ ਨੂੰ ਉਹਨਾਂ ਦੀ ਲਖਤਾ ਹੈ। ਪਰਿਵਾਰ ਵਾਲੇ ਸਮਰੱਥ ਵੀ ਹਨ ਜਿਸ ਕਰਕੇ ਵੱਡਾ ਖਰਚ ਕਰਕੇ ਅਜਿਹਾ ਸਲਾਨਾ ਪ੍ਰੋਗਰਾਮ ਉਹਨਾਂ ਰੱਖਿਆ ਹੈ।*

*ਪਰ ਇਸ ਸਬੰਧ ਵਿਚ ਅਸੀਂ ਸੁਝਾਅ ਦਿਆਂਗੇ ਕਿ ਜੇ ਉਹ ਹਰ ਸਾਲ ਖਰਚ ਕਰਨ ਨੂੰ ਤਿਆਰ ਹਨ ਤਾਂ ਇਸ ਮੇਲੇ ਨੂੰ ਹੋਰ ਵੀ ਸਾਰਥਕ ਬਣਾਇਆ ਜਾ ਸਕਦਾ ਹੈ। ਵਹਿਮੀ ਜੀ ਦੀ ਘਾਲਣਾ ਦੇ ਨਾਲ ਨਾਲ ਹੋਰ ਵੀ ਲੇਖਕਾਂ ਨੂੰ ਯਾਦ ਕੀਤਾ ਜਾ ਸਕਦਾ ਹੈ। ਸਲਾਨਾ ਪੁਰਸਕਾਰ ਵੀ ਰੱਖਿਆ ਜਾ ਸਕਦਾ ਹੈ, ਅਤੇ ਗੋਸ਼ਟੀ ਵੀ ਹੋ ਸਕਦੀ ਹੈ ਅਤੇ ਕਾਫੀ ਕੁਝ ਪ੍ਰਕਾਸ਼ਿਤ ਵੀ ਕੀਤਾ ਜਾ ਸਕਦਾ ਹੈ। .... ਭਾਵੇਂ ਵਹਿਮੀ ਜੀ ਦਾ ਸਮਾਜਿਕ ਦਰਜਾ ਕਿੰਨਾ ਵੀ ਉੱਚਾ ਹੋਵੇ ਪਰ ਉਹਨਾਂ ਦੀ ਸਥਾਪਤੀ ਇਕ ਕਵੀ ਜਾਂ ਲੇਖਕ ਵਜੋਂ ਹੀ ਸੀ। ਇਸ ਵਾਸਤੇ ਉਹਨਾਂ ਨੂੰ ਵੱਡੀ ਸ਼ਰਧਾਂਜਲੀ ਸਾਹਿਤਕ ਪੱਧਰ ਤੇ ਹੀ ਹੋਵੇਗੀ।"* **ਵਰਿਆਮ, ਸਤੰਬਰ ੧੯੮੦**

ਅਸੀਂ ਵੇਖਦੇ ਹਾਂ ਕਿ ਜਗਦੀਸ਼ ਸਿੰਘ ਹੋਰਾਂ ਦੇ ਉਪਰੋਕਤ ਸੁਝਾਵਾਂ ਨੂੰ ਭਵਿਖ ਵਿੱਚ ਮੂਰਤੀਮਾਨ ਕਰਦਿਆਂ ਤਕਰੀਬਨ ੧੮ ਸਲਾਨਾ ਸਾਹਿਤਕ ਸਮਾਗਮ ਪਰਿਵਾਰ ਨੇ ਕਰਵਾਏ ਜਿਹਨਾਂ ਵਿਚ ਪੰਜਾਬੀ ਸਾਹਿਤ ਜਗਤ ਦੀਆਂ ਨਾਮਵਰ ਸ਼ਖਸੀਅਤਾਂ ਅਤੇ ਉੱਚ ਪੰਥਕ ਹਸਤੀਆਂ ਸ਼ਾਮਲ ਹੁੰਦੀਆਂ ਰਹੀਆਂ। ਵਹਿਮੀ ਜੀ ਦੀ ਮੁਕੰਮਲ ਰਚਨਾ ਨੇ ਛਾਪੇ ਦਾ ਜਾਮਾ ਪਹਿਨਿਆ ਅਤੇ ਹੁਣ ਪਿਛਲੇ ਦੋ ਤਿੰਨ ਸਾਲਾਂ ਤੋਂ ਇਹ ਸਮਾਗਮ ਨਾਮਧਾਰੀ ਦਰਬਾਰ ਵੱਲੋਂ ਹੀ ਆਯੋਜਿਤ ਹੋਣ ਲੱਗ ਪਿਆ ਹੈ। ਵਰਿਆਮ ਦੀਆਂ ਵੇਲੇ ਸਿਰ ਕੀਤੀਆਂ ਸਟੀਕ ਟਿੱਪਣੀਆਂ ਨੇ, ਭਾਵੀ ਸਮਾਗਮਾਂ ਦੀ ਰੂਪ ਰੇਖਾ ਵੀ ਉਲੀਕ ਦਿੱਤੀ ਅਤੇ ਪੰਥਕ ਜਜ਼ਬੇ ਵਿਚ ਗੜੂੰਦ ਇਕ ਰਚਨਾਕਾਰ ਨੂੰ ਵਿਸਿਮਰਿਤੀ ਦੇ ਗਰਭ ਵਿਚ ਜਾਣ ਤੋਂ ਵੀ ਬਚਾ ਲਿਆ।

ਜਗਦੀਸ਼ ਸਿੰਘ ਵਰਿਆਮ ਜਿਸ ਵਿਰਸੇ ਨੂੰ ਅੱਗੇ ਤੋਰਦਾ ਹੈ, ਸ੍ਰੀ ਵਹਿਮੀ ਜੀ ਦੇ ਪਹਿਲਕੇ ਨਾਮਧਾਰੀ ਲੇਖਕਾਂ, ਸੰਪਾਦਕਾਂ ਸੰਤ ਨਿਧਾਨ ਸਿੰਘ ਆਲਿਮ, ਸੰਤ ਇੰਦਰ ਸਿੰਘ ਚੱਕਰਵਰਤੀ ਉਸ ਦੇ ਪਹਿਲੇ ਪੜਾਅ ਹਨ। ਸੰਤ ਮੰਗਲ ਸਿੰਘ ਲਾਇਲਪੁਰੀ, ਅਮਰ ਭਾਰਤੀ, ਪ੍ਰੀਤਮ ਸਿੰਘ ਪੰਛੀ, ਪ੍ਰੀਤਮ ਸਿੰਘ ਕਵੀ, ਆਤਮਾ ਸਿੰਘ ਸਨਖਤਰਾ, ਰਜਿੰਦਰ ਸਿੰਘ ਗੁਰੂਸਰ ਉਸ ਵਿਰਸੇ ਦਾ ਦੂਜਾ ਦੌਰ ਹਨ। "ਵਰਿਆਮ" ਹੋਰਾਂ ਦੇ ਸਮਕਾਲੀਆਂ ਵਿਚ ਸ. ਸ. ਮਨਧੀਰ, ਸਰਬ ਸ਼ਕਤੀਮਾਨ, ਸੁਵਰਨ ਸਿੰਘ ਸਨੇਹੀ, ਦਲੀਪ ਸਿੰਘ ਨਾਮਧਾਰੀ, ਸੁਖਬੀਰ ਸਿੰਘ ਗੁਲਾਟੀ, ਨਰਿੰਦਰ ਸਿੰਘ ਆਦਿ ਸ਼ਾਮਲ ਹਨ।

ਜਗਦੀਸ਼ ਸਿੰਘ ਵਰਿਆਮ ਦੇ ਰਚਨਾ ਸੰਸਾਰ ਦਾ ਇਕ ਦਵੰਦ ਇਹ ਹੈ ਕਿ ਉਹ ਗੂਹੜ ਧਾਰਮਿਕ ਰੁਚੀਆਂ ਵਾਲਾ ਅਤੇ ਆਪਣੇ ਪੰਥ ਦੀਆਂ ਵੱਡੀਆਂ ਜ਼ਿੰਮੇਵਾਰੀਆਂ ਸੰਭਾਲਣ ਵਾਲਾ ਵਿਅਕਤੀ ਹੈ—ਪਰ ਜੀਵਨ ਪ੍ਰਤੀ ਉਸਦੀ ਪਹੁੰਚ ਉਸਨੂੰ ਜੀਵਿਤ ਸੰਸਾਰ ਜਾਂ ਯਥਾਰਥ ਬੋਧ ਦਾ ਪੱਲਾ ਘੁੱਟ ਕੇ ਫੜੀ ਰੱਖਣ ਲਈ ਪ੍ਰੇਰਦੀ ਹੈ। ਆਪਣੇ ਧਾਰਮਿਕ ਅਕੀਦਿਆਂ ਅਤੇ ਵਿਗਿਆਨਕ ਵਿਸ਼ਵ ਦ੍ਰਿਸ਼ਟੀ ਦੇ ਵਿਚਾਲੇ ਉਸ ਨੇ ਕਮਾਲ ਦਾ ਸਾਮੰਜਸ ਸਿਰਜਿਆ ਹੈ। ਉਹ ਕਿਸੇ ਇਕ ਪੱਖ ਵੱਲ ਵੀ ਉਲਾਰ ਨਹੀਂ ਹੁੰਦਾ ਸਗੋਂ ਆਪਣੇ ਬਿਰਤਾਂਤ ਨੂੰ ਮਾਨਵੀ ਸਰੋਕਾਰਾਂ ਦੀ ਪੁੱਠ ਲਾਈ ਰੱਖਦਾ ਹੈ। ਉਸ ਦੇ ਪਰਚੇ ਦੀ ਲੋਕਪ੍ਰਿਯਤਾ ਅਤੇ ਸਾਰਥਿਕਤਾ ਦਾ ਰਾਜ਼ ਵੀ ਇਹੀ ਹੈ। ਜੇ ਉਹ ਆਪਣੇ ਮਹਾਨ ਨਾਮਧਾਰੀ ਪੰਥ ਦੇ ਪਰਚਾਰਕਾਂ। ਜਥੇਦਾਰਾਂ ਬਾਰੇ ਲਿਖੇਗਾ ਤਾਂ ਉਸਦਾ ਆਪਣਾ ਹੀ ਇਕ ਵਿਲੱਖਣ ਰੰਗ ਅਤੇ ਅੰਦਾਜ਼ ਹੋਏਗਾ। ਉਸ ਦੇ ਛੋਟੇ ਛੋਟੇ ਵਾਕ ਨਾਮਧਾਰੀ ਮਸਤਾਨਿਆਂ ਦੀ ਮਸਤੀ ਵਿਚ ਓਤਪੋਤ ਹੋਏ ਹੋਣਗੇ। ਉਸਦੇ ਵਰਣਨ ਵਿਚੋਂ ਸੰਗੀਤ ਲਹਿਰੀਆਂ ਉੱਠਦੀਆਂ ਅਨੁਭਵ ਹੋਣਗੀਆਂ। ਉਸਦੇ ਕਥਨ ਵਿਚੋਂ ਢੋਲਕ ਛੈਣਿਆਂ ਦੀਆਂ ਗੂੰਜਾਰਾਂ ਪੈਂਦੀਆਂ ਸੁਣਾਈ ਦੇਣਗੀਆਂ। ਇਹੋ ਜਹੀ ਉਸਦੀ ਇਕ ਰਚਨਾ ਹੈ, "ਤੇ ਢੋਲਕ ਵੱਜਦੀ ਰਹੀ" ਜਿਸ ਵਿਚ ਜਥੇਦਾਰ ਗਿਆਨ ਸਿੰਘ ਵੀਰੋਕੇ ਵਾਲਿਆਂ ਬਾਬਤ ਇਉਂ ਵਰਣਨ ਕਰਦੇ ਹਨ—

*"ਜਥੇਦਾਰ ਗਿਆਨ ਸਿੰਘ ਦਾ ਗੁਰਬਾਣੀ ਗਾਇਨ ਵਿਚ ਗੁਰਬਾਣੀ ਦੇ ਪ੍ਰਮਾਨ ਦੇਣ ਵਿਚ ਜਵਾਬ ਨਹੀਂ। ਇਹਨਾਂ ਦਾ ਦੀਵਾਨ ਫਲਸਫਾ ਪ੍ਰਧਾਨ ਹੁੰਦਾ ਹੈ। ਗੁਰਬਾਣੀ ਦੀਆਂ ਬਰੀਕੀਆਂ ਬਹੁਤ ਸਾਦੇ ਸ਼ਬਦਾਂ ਵਿਚ ਜਦੋਂ ਦੱਸਦੇ ਹਨ ਤਾਂ ਬਦੋਬਦੀ ਸਰੋਤਾ ਸਿਰ ਹਿਲਾਉਂਦਾ ਹੈ। ਆਵਾਜ਼ ਦੀ ਸੀਮਾ ਸਭ ਸਪਤਕਾਂ ਪਾਰ ਕਰਦੀ ਹੈ। ਗਾਇਨ ਵਿਚ ਸੁਰਾਂ ਦਾ ਉਤਰਾ ਚੜ੍ਹਾਅ ਆਰਾਮ ਨਾਲ ਕਰਦੇ ਹਨ। ... ਹੱਲੇ ਦੀਆਂ ਧਾਰਨਾਵਾਂ ਦੀ ਘਨਘੋਰ ਵੀ ਅਸਮਾਨ ਛੂੰਹਦੀ ਹੈ। ਸੰਗਤਾਂ ਦੇ ਹਰਮਨ ਪਿਆਰੇ ਜਥੇਦਾਰ ਹਨ। ਆਸਾ ਦੀ ਵਾਰ ਵੀ ਲਾ ਲੈਂਦੇ ਹਨ। ਜੇ ਦੋ ਜਣੇ ਕੀਰਤਨ ਕਰਨ ਤਦ ਵੀ ਠੀਕ ਤੇ ਜੇ ਦੋ ਸੌ ਬੰਦੇ ਨਾਲ ਹੋਣ ਤਦ ਵੀ। ਸਬਰ ਸੰਤੋਖ ਵਾਲੇ ਸੰਤ*


Sri Satguru Jagjit Singh Ji eLibrary NamdhariElibrary@gmail.com

ਹਨ। ਨਾਮਧਾਰੀ ਮੇਲਿਆਂ ਵਿਚ ਹੋਲਿਆਂ ਮਹੱਲਿਆਂ ਵਿਚ ਸੰਗਤਾਂ ਬਹੁਤ ਚਾਅ ਨਾਲ ਇਹਨਾਂ ਨੂੰ ਸੁਣਦੀਆਂ ਹਨ।"

ਬਸੰਤ ਅੰਕ ਸਤਿਜੁੱਗ ੨੦੫੧ ਬਿਕ੍ਰਮੀ

ਆਜ਼ਾਦੀ ਮਿਲਣ ਤੋਂ ਬਾਅਦ ਪੰਜਾਬ ਦੋ ਹਿੱਸਿਆਂ ਵਿੱਚ ਵੰਡਿਆ ਗਿਆ। ਪੂਰਬੀ ਪੰਜਾਬ ਭਾਰਤ ਵਿਚ ਅਤੇ ਪੱਛਮੀ ਪੰਜਾਬ ਪਾਕਿਸਤਾਨ ਵਿਚ ਚਲਾ ਗਿਆ। ਵੰਡ ਦੀ ਕਤਲੋ-ਗਾਰਤ, ਸਾੜ-ਫੂਕ ਬਾਅਦ ਲੋਕੀਂ ਵਲੂੰਧਰੇ ਜਜ਼ਬਿਆਂ ਨਾਲ ਪਿਓ ਦਾਦਿਆਂ ਦੀ ਭੋਇੰ ਤੋਂ ਜੋ ਹੇਰਵਾ ਲੈ ਕੇ ਵਿੱਛੜੇ ਅੱਧੀ ਸਦੀ ਮਗਰੋਂ ਵੀ ਉਹ ਮਿਟਦਾ ਨਹੀਂ ਸਗੋਂ ਵਧਦਾ ਜਾਂਦਾ ਹੈ। ਦੋਹਾਂ ਪੰਜਾਬਾਂ ਵਿਚਾਲੇ ਇਕ ਸਾਹਿਤਕ ਅਤੇ ਸੱਭਿਆਚਾਰਕ ਪੁਲ ਉਸਾਰਨ ਦਾ ਕੰਮ ਕਰ ਰਿਹਾ ਹੈ, ਲਾਹੌਰ ਤੋਂ ਸ਼ਾਹਮੁਖੀ ਵਿਚ ਪੰਜਾਬੀ ਭਾਸ਼ਾ ਵਿਚ ਛਪਣ ਵਾਲੇ ਪਰਚੇ 'ਰਵੇਲ' ਦਾ ਨੌਜੁਆਨ ਸੰਪਾਦਕ ਇਲਿਆਸ ਘੁੰਮਣ। ਉਹ ਇਧਰ ਆਵੇ ਤਾਂ ਵਰਿਆਮ ਚੁੱਪ ਕਿਵੇਂ ਰਹੇ। "ਇਲਿਆਸ ਦੀ ਹਿੰਦ ਫੇਰੀ" ਸੀਰਸ਼ਕ ਸੰਪਾਦਕੀ ਵਿੱਚ ਲਿਖਦੇ ਹਨ—

*"ਇੰਜ ਲੱਗ ਰਿਹਾ ਸੀ ਕਿ ਏਧਰਲਾ ਪੰਜਾਬ ਉਧਰਲੇ ਪੰਜਾਬ ਦੇ ਗਲ ਲੱਗ ਕੇ ਪੰਜਾਹ ਸਾਲ ਪੁਰਾਣੇ ਦੁੱਖ ਨੂੰ ਰੋ ਰਿਹਾ ਸੀ। ਅਫ਼ਸੋਸ ਕਰ ਰਿਹਾ ਸੀ ਅਤੇ ਇਲਿਆਸ ਘੁੰਮਣ, ੩੬ ਸਾਲਾਂ ਦਾ ਜੁਆਨ ਇੰਨਜੀਨੀਅਰ ਮਾਧਿਅਮ, ਜ਼ਰੀਆ ਬਣਿਆ ਇਸ ਰੁਦਨ ਦਾ, ਇਸ ਅਫ਼ਸੋਸ ਦਾ। ਉਂਜ ਤਾਂ ਜੋ ਸੰਤਾਲੀ ਵਿਚ ਹੋਇਆ ਉਹਦਾ ਅਫਸੋਸ ਤਾਂ ਪੰਜਾਬੀਆਂ ਨੂੰ ਸਦੀਆਂ ਤੱਕ ਕਰਨਾ ਪਵੇਗਾ, ਪਰ ਇਸ ਘੱਲੂਘਾਰੇ ਤੋਂ ਪੰਜਾਹ ਸਾਲ ਬਾਅਦ ਵੀ ਜੇ ਇਸ ਪਾਸੇ ਨੂੰ ਮੋੜ ਪਿਆ ਹੈ ਤਾਂ ਚੰਗੀ ਕਿਸਮਤ ਹੈ।* ਵਰਿਆਮ ਮਈ, ੧੯੯੭

ਪੰਜਾਬ ਦੀ ਵੰਡ ਤੋਂ ਬਾਅਦ ਇਧਰਲੇ ਪੰਜਾਬ ਦੇ ਇਕ ਰੰਗ ਦੇ ਫਿਰਕੂਆਂ ਨੇ ਭਾਸ਼ਾ ਨੂੰ ਧਰਮ ਨਾਲ ਜੋੜ ਕੇ ਆਪਣੀ ਮਾਂ ਬੋਲੀ ਨੂੰ ਕੰਡ ਵਿਖਾ ਦਿੱਤੀ ਅਤੇ ਦੂਜੇ ਰੰਗ ਦੇ ਫਿਰਕੂਆਂ ਨੇ ਧਰਮ ਨੂੰ ਆਪਣੀ ਸੌੜੀ ਸਿਆਸਤ ਨਾਲ ਜੋੜ ਕੇ ਫਿਰਕੂ ਵੰਡ ਨੂੰ ਗਹਿਰਾ ਕਰ ਦਿੱਤਾ ਸੀ। ਇਸ ਦਾ ਨਤੀਜਾ ਪੰਜਾਬ ਦੇ ਦੁੱਖਾਂਤ ਦੇ ਤੌਰ ਤੇ ਵਾਪਰਿਆ। ਇਸ ਦੁਖਾਂਤ ਤੋਂ ਕਈ ਵਰ੍ਹੇ ਪਹਿਲਾਂ ਪੰਥਕ ਬੇੜੇ ਦੇ ਕੁਚੱਜੇ ਮੁਹਾਣਿਆਂ ਨੂੰ 'ਵਰਿਆਮ' ਆਪਣੀ ਸੰਪਾਦਕੀ 'ਪੰਜਾਬ ਸਥਿਤੀ ਤੇ ਇਕ ਝਾਤ' ਵਿਚ ਖਰੀਆਂ ਖਰੀਆਂ ਆਖ ਸੁਣਾਉਂਦੇ ਹਨ—

*ਹੁਣ ਵੀ ਸੰਤ ਭਿੰਡਰਾਂ ਵਾਲਿਆਂ ਦੀ ਗ੍ਰਿਫਤਾਰੀ ਦੇ ਮਾਮਲੇ ਵਿਚ ਸਭ ਨੂੰ ਪਤਾ ਹੈ ਕਿ ਅਕਾਲੀ ਲੀਡਰਸ਼ਿਪ ਦੀ ਦੁਬਿਧਾ ਦਾ ਕੀ ਹਾਲ ਹੈ। ਮਨ ਹੋਰ ਮੁਖ ਹੋਰ ਹੁੰਦਾ ਹੈ। ਫੇਰ ਉਹ ਗੱਲ ਨੂੰ 'ਵਲਣ' ਵਾਸਤੇ ਕੁਝ ਹੋਰ ਹੁੰਦਾ ਹੈ। ਇਸ ਤਰ੍ਹਾਂ ਇਹਨਾਂ ਦੇ ਪੈਰੋਂ ਜ਼ਮੀਨ ਨਿਕਲਦੀ ਜਾ ਰਹੀ ਹੈ। ਆਪਸ ਵਿਚ ਪਾਟੋ-ਧਾੜ ਹੈ। ਸਿੱਖ ਸੰਗਤਾਂ ਇਕੱਲੇ ਇਕੱਲੇ ਲੀਡਰ ਦੇ ਕਿਰਦਾਰ ਤੇ ਬਹਿਸ ਕਰਦੀਆਂ ਤੇ ਚੰਗੀ ਪੁਣ-ਛਾਣ ਕਰਦੀਆਂ ਹਨ ਅਤੇ ਲੀਡਰ ਨਿਤ ਨਵਾਂ ਨਾਅਰਾ ਕਦੀ ਪੰਥ ਨੂੰ ਖਤਰਾ, ਕਦੀ ਪੰਥ ਨਾਲ ਵਿਤਕਰੇ ਦਾ ਲਾ ਕੇ, ਪੰਥ ਨੂੰ ਹਾਸੋ-ਹੀਣਾ ਬਣਾਉਂਦੇ ਹਨ। ਇਹ ਪ੍ਰਚਾਰ ਤਾਂ ਧਰਮ ਤੇ ਰਾਜਨੀਤੀ ਇਕ ਦਾ ਕਰਦੇ ਹਨ। ਪਰ ਅਮਲ ਵਿਚ ਧਰਮ ਤੋਂ ਕੋਹਾਂ ਦੂਰ ਰਾਜਨੀਤੀ ਦੀ ਦਲਦਲ ਵਿਚ ਬੁਰੀ ਤਰ੍ਹਾਂ ਫਸੇ ਹਨ। ਅਤੇ ਇਸ ਖੇਤਰ ਵਿਚ ਝੂਠ ਅਤੇ ਮੱਕਾਰੀ ਦੀ ਸਿਆਸਤ ਵਿਚ ਇਨ੍ਹਾਂ ਤੋਂ ਵੱਡੇ ਆਗੂ ਬੈਠੇ ਹਨ ਜਿਨ੍ਹਾਂ ਤੋਂ ਮਾਤ ਖਾਣ ਬਾਅਦ ਫੇਰ ਇਹ ਧਰਮ ਦਾ ਵਾਸਤਾ ਪਾਉਂਦੇ ਹਨ। ਬੱਸ ਏਸੇ ਚੱਕਰ ਵਿਚ ਹੀ ਨਿਘਾਰ ਤੋਂ ਨਿਘਾਰ ਵੱਲ ਜਾ ਰਹੇ ਹਨ।*

*ਜੇ ਇਹ ਸਚਮੁੱਚ ਧਰਮ ਪਰਾਇਣ ਬਣ ਜਾਣ, ਸੱਚ ਦਾ ਪੱਲਾ ਫੜਣ ਤਾਂ ਰਾਜ ਮਿਲਖ ਸਿਕਦਾਰੀਆਂ ਇਹਨਾਂ ਦੇ ਪਿਛੇ ਲੱਗੀਆਂ ਫਿਰਨਗੀਆਂ ਜਿਵੇਂ ਧਰੂ ਪਿਛੇ ਲੱਗੀਆਂ ਸਨ।"*

ਵਰਿਆਮ, ਸਤੰਬਰ ੧੯੮੧

ਸਾਡਾ ਇਹ ਲੇਖਕ ਸੰਸਾਰ ਅਮਨ, ਆਪਸੀ ਭਾਈਚਾਰੇ ਅਤੇ ਸਹਿਹੋਂਦ ਦੀਆਂ ਸ਼ਕਤੀਆਂ ਨਾਲ ਕਰਿਗੜੀ ਪਾ ਕੇ ਤੁਰਦਾ ਹੈ। ਉਸ ਦੀਆਂ ਅੱਖਾਂ ਵਿਚ ਇਕ ਭਵਿੱਖ ਨਕਸ਼ਾ ਲਟਕਦਾ ਹੈ। ਗੁਰੂ ਨਾਨਕ ਦੇ ਹਲੇਮੀ ਰਾਜ ਦਾ, ਗੁਰੂ ਰਾਮ ਸਿੰਘ ਦੇ ਭੁੱਖ ਨੰਗ ਅਤੇ ਲੋੜਾਂ ਥੁੜਾਂ ਤੋਂ ਰਹਿਤ ਸਮਾਜ ਦਾ ਜਿਹਨੂੰ ਅੱਜ ਦੀ ਵਿਗਿਆਨਕ ਭਾਸ਼ਾ ਵਿੱਚ ਸਮਾਜਵਾਦ ਦਾ ਨਾਂ ਵੀ ਦਿੱਤਾ ਜਾ ਸਕਦਾ ਹੈ। ਦੁਨੀਆਂ ਦੇ ਪਹਿਲੇ ਸਮਾਜਵਾਦੀ ਦੇਸ਼ ਦੇ ਟੁੱਟਣ ਤੇ "ਇਤਿ ਸੋਵੀਅਤ ਯੂਨੀਅਨ" ਦੀ ਸੰਪਾਦਕੀ ਸਭ ਕਾਸੇ ਤੇ ਘੋਖਵੀਂ ਨਿਗਾਹ ਮਾਰਦੀ ਹੈ—

*"ਅਰਬਾਂ ਲੋਕਾਂ ਦੇ ਆਦਰਸ਼ਾਂ ਤੇ ਸੁਪਨਿਆਂ ਦਾ ਦੇਸ਼ ਜੇ ਅੱਜ ਦੁਨੀਆਂ ਦੇ ਨਕਸ਼ੇ ਤੋਂ ਅਲੋਪ ਹੋ ਗਿਆ ਹੈ ਤਾਂ ਇਹ ਇਕ ਜ਼ਬਰਦਸਤ ਭੁਚਾਲ ਵਾਲੀ ਗੱਲ ਹੈ। ਸਾਰੀ ਦੁਨੀਆ ਦਾ ਸੰਤੁਲਨ ਹਿਲ ਗਿਆ ਹੈ। ਜਿਵੇਂ ਧਰਤੀ ਹੇਠੋਂ ਬੌਲਦ ਨਿਕਲ ਗਿਆ ਹੋਵੇ। ..... ਪੱਛਮੀ ਦੇਸ਼ਾਂ ਨੇ ਗੋਰਬਾਚੇਵ ਸਾਹਿਬ ਨੂੰ ਅਮਨ ਸ਼ਾਂਤੀ ਦਾ ਨੋਬਲ ਇਨਾਮ ਤਾਂ ਦੇ ਦਿੱਤਾ ਪਰ ਸੋਵੀਅਤ ਯੂਨੀਅਨ ਨੂੰ ਆਰਥਿਕ ਸਹਾਇਤਾ ਨਾ ਦਿੱਤੀ.... ਇੰਜ ਗੋਰਬਾਚੇਵ ਦੀ ਗੱਡੀ ਦਾ ਐਕਸੀਡੈਂਟ ਹੋ ਗਿਆ।"*

ਕੋਈ ਵੀ ਰਾਜ ਪ੍ਰਬੰਧ ਜਾਂ ਸਿਸਟਮ ਕੇਵਲ ਵਿਚਾਰਧਾਰਾ


Sri Satguru Jagjit Singh Ji eLibrary NamdhariElibrary@gmail.com

ਦੇ ਆਸਰੇ ਪ੍ਰਵਾਨ ਨਹੀਂ ਚੜ੍ਹ ਸਕਦਾ ਜਿੰਨਾਂ ਚਿਰ ਉਸ ਵਿਚਾਰਧਾਰਾ ਦੇ ਪਿੱਛੇ ਭਰਪੂਰ ਅਮਲ ਨਾ ਹੋਵੇ। ਰਾਜ ਬਦਲਣ ਨਾਲ ਵਿਚਾਰਧਾਰਾ ਮਰਦੀ ਨਹੀਂ ਹੁੰਦੀ। ਸਮਾਜਵਾਦੀ ਰੂਸ ਬਨਣ ਨਾਲ ਪਹਿਲੀ ਵਿਚਾਰਧਾਰਾ ਖ਼ਤਮ ਨਹੀਂ ਸੀ ਹੋਈ ਅਤੇ ਹੁਣ ਸਮਾਜਵਾਦੀ ਸੋਵੀਅਤ ਯੂਨੀਅਨ ਖ਼ਤਮ ਹੋਣ ਨਾਲ ਸਮਾਜਵਾਦੀ ਨਹੀਂ ਖਤਮ ਹੋ ਜਾਣੇ। ਇਹ ਘੋਲ ਜਾਰੀ ਰਹਿੰਦਾ ਹੈ। ਚੰਗੇ ਅਮਲ ਤੇ ਤਜਰਬਿਆਂ ਨਾਲ ਅੱਗੇ ਤੋਂ ਨਵਾਂ ਪ੍ਰਬੰਧ ਸਿਰਜਨ ਵਿੱਚ ਮਨੁੱਖ ਲੱਗਾ ਰਹਿੰਦਾ ਹੈ।

ਵਰਿਆਮ, ਦਸੰਬਰ ੧੯੯੧

ਆਪਣੇ ਸੰਪਰਕ ਵਿਚ ਆਈਆਂ ਧਾਰਮਿਕ ਹਸਤੀਆਂ, ਲੇਖਕਾਂ, ਕਵੀਆਂ, ਰਾਜ-ਨੇਤਾਵਾਂ, ਜਥੇਦਾਰਾਂ, ਪ੍ਰਚਾਰਕਾਂ, ਸੰਪਾਦਕਾਂ, ਪੱਤਰਕਾਰਾਂ ਆਦਿ ਬਾਰੇ ਵੀ ਵਰਿਆਮ ਨੇ ਬੜਾ ਪੁਰ-ਖਲੂਸ ਲਿਖਿਆ ਹੈ। ਪੰਜਾਬੀ ਪੱਤਰਕਾਰੀ ਦੇ ਬਾਬਾ ਬੋਹੜ ਗੁਰਬਖਸ਼ ਸਿੰਘ ਬੰਨੋਆਣਾ ਬਾਰੇ ਲਿਖਦੇ ਹਨ—

"ਪਰ ਜਦੋਂ ਕਵੀ ਜੀ (ਪ੍ਰੀਤਮ ਸਿੰਘ) ਨੇ ਬਾਬਾ ਬੰਨੋਆਣਾ ਨਾਲ ਮੁਲਾਕਾਤ ਕਰਾਈ ਤਾਂ ਨਾ ਉਹ ਅਕਾਲੀ ਲੱਗਦਾ ਸੀ ਨਾ ਕੋਈ ਕਾਮਰੇਡ, ਨਾ ਬਾਬਾ ਅਤੇ ਨਾ ਹੀ ਸੀਨੀਅਰ ਪੱਤਰਕਾਰ। ਇਕ ਸਿੰਗਲ ਪਸਲੀ ਦਾ ਆਦਮੀ ਕਿਤਾਬਾਂ ਰਸਾਲਿਆਂ ਨੂੰ ਜੱਫੀ ਪਾਈ ਪ੍ਰੈਸ ਦਫ਼ਤਰ ਦੇ ਦਰ ਤੇ ਥੱਕਾ ਟੁੱਟਾ ਜਿਹਾ ਬੰਦਾ ਹੀ ਲੱਗਾ।

"ਕਈ ਆਦਮੀ ਹੁੰਦੇ ਹਨ ਜਿਨ੍ਹਾਂ ਦਾ ਪਹਿਲੀ ਵਾਰ ਮਿਲਣ ਤੇ ਪ੍ਰਭਾਵ ਬਹੁਤ ਜਲਾਲੀ ਹੁੰਦਾ ਹੈ ਅਤੇ ਵਕਤ ਦੇ ਨਾਲ ਉਹ ਪ੍ਰਭਾਵ ਹੌਲੀ ਹੌਲੀ ਜ਼ੀਰੋ ਹੋ ਜਾਂਦਾ ਹੈ। ਕਈਆਂ ਦਾ ਪ੍ਰਭਾਵ ਮਨਫੀ ਤੋਂ ਸ਼ੁਰੂ ਹੋ ਕੇ ਅਕੀਦਤ ਦੀ ਹੱਦ ਤੱਕ ਪੁੱਜ ਜਾਂਦਾ ਹੈ। ਬਾਬਾ ਬੰਨੋਆਣਾ ਦੂਸਰੀ ਕਿਸਮ ਦੇ ਬੰਦਿਆਂ ਵਿਚੋਂ ਹੈ"—

ਵਰਿਆਮ, ਨਵੰਬਰ, ੧੯੯੨

ਜਦੋਂ ਅਜੇ ਵਰਿਆਮ ਨੂੰ ਛਪਦਿਆਂ ਦੋ ਕੁ ਵਰ੍ਹੇ ਹੀ ਹੋਏ ਸਨ। ਭਵਿੱਖ ਦ੍ਰਿਸ਼ਟੀ ਦੇ ਸੁਆਮੀ ਪ੍ਰੀਤਮ ਸਿੰਘ ਕਵੀ ਨੇ ਲੱਖਣ ਲਾ ਲਿਆ ਸੀ--ਸਮੁੱਚੇ ਤੌਰ ਤੇ ਜਗਦੀਸ਼ ਸਿੰਘ ਉਪਜਾਊ ਦਿਮਾਗ ਦਾ ਮਾਲਕ ਹੈ। ਇਕ ਲੀਡਰ ਦੀ ਯੋਗਤਾ ਰੱਖਦਾ ਹੈ।

ਵਰਿਆਮ, ਅਕਤੂਬਰ ੧੯੯੧

ਪ੍ਰੀਤਮ ਸਿੰਘ ਕਵੀ ਹੋਰਾਂ ਦੀ ਇਕ ਨਵੀਂ ਸਾਹਿਤ ਵਿਧਾ ਰੋਜ਼ਨਾਮਚਾ ਵਿੱਚ ਲਿਖੀ ਰਚਨਾ "ਬੀਤੇ ਦੀਆਂ ਪੈੜਾਂ" ਪਹਿਲਾਂ ਪਹਿਲ ਵਰਿਆਮ ਦੇ ਪੰਨਿਆਂ ਤੇ ਹੀ ਛਪਣੀ ਸ਼ੁਰੂ ਹੋਈ ਸੀ। ਇਸੇ ਤਰ੍ਹਾਂ ਜਸਵੰਤ ਸਿੰਘ ਵਿਰਦੀ ਹੋਰਾਂ ਦੇ ਭਾਰਤ ਦੀਆਂ ਨਦੀਆਂ ਬਾਰੇ ਬੜੇ ਗਿਆਨ ਭਰਪੂਰ ਅਤੇ ਉੱਚ-ਪਾਏ ਦੇ ਸਾਹਿਤਕ ਲੇਖ ਵੀ ਵਰਿਆਮ ਨੇ ਛਾਪੇ। ਵਰਿਆਮ ਸਿੰਘ ਸੰਧੂ ਦੇ ਵਿਦੇਸ਼ੀ ਸਫਰਨਾਮੇ ਵੀ ਸਭ ਤੋਂ ਪਹਿਲਾਂ ਛਾਪਣ ਦਾ ਸ਼ਰਫ ਵਰਿਆਮ ਨੂੰ ਹਾਸਲ ਹੋਇਆ। ਪ੍ਰੋ. ਮੋਹਨ ਸਿੰਘ, ਗੁਰਬਖਸ਼ ਸਿੰਘ ਪ੍ਰੀਤ-ਲੜੀ, ਸੰਤ ਤਰਨ ਸਿੰਘ ਵਹਿਮੀ, ਸ. ਸ. ਮੀਸ਼ਾ, ਯਾਤਰਾ ਸੰਸਮਰਣਾਂ ਨੂੰ ਸਮੇਟਦੇ ਅਫਰੀਕਾ ਅੰਕ, ਯੂ. ਕੇ. ਅੰਕ, ਵਿਦਿਅਕ ਸੰਮੇਲਨਾਂ ਬਾਰੇ ਅੰਕ, ਸੰਗੀਤ ਸੰਮੇਲਨ ਅੰਕ, ਬਸੰਤ ਅੰਕ ਆਦਿ ਪ੍ਰਭਾਵਸ਼ਾਲੀ ਅੰਕਾਂ ਤੋਂ ਇਲਾਵਾ ਸਤਿਗੁਰੂ ਜਗਜੀਤ ਸਿੰਘ ਅੰਕ ਵੀ ਕਾਫੀ ਚਰਚਿਤ ਹੋਏ।

ਹਰ ਵਿਅਕਤੀ ਦੀ ਪ੍ਰਤਿਭਾ ਨੂੰ ਨਿਖਾਰਨ ਵਿਚ ਜਿੱਥੇ ਉਸਦੇ ਚੌਗਿਰਦੇ ਦਾ ਯੋਗਦਾਨ ਹੁੰਦਾ ਹੈ ਉਥੇ ਉਸ ਦੇ ਪੂਰਵਜਾਂ ਦੀ ਕਿਰਤ ਕਮਾਈ ਵੀ ਉਸਦੀ ਸ਼ਖਸੀਅਤ ਦੀ ਉਸਾਰੀ ਵਿਚ ਸਹਾਈ ਹੁੰਦੀ ਹੈ। ਸਿਆਲਕੋਟ ਜ਼ਿਲੇ ਦੀ ਨਾਰੋਵਾਲ ਤਹਿਸੀਲ ਦੇ ਪਿੰਡ ਢੇਹ ਦੇ ਸੰਤ ਨੱਥਾ ਸਿੰਘ ਜੀ ਜੱਥੇਦਾਰ ਅਤੇ ਮਾਤਾ ਸੁਵਰਨ ਕੌਰ ਦੇ ਪਰਿਵਾਰ ਵਿਚ ਜਗਦੀਸ਼ ਸਿੰਘ ਹੋਰੀਂ ਪੈਦਾ ਹੋਏ। ਸਿਆਲਕੋਟ ਜ਼ਿਲੇ ਵਿਚ ਸਮੁੱਚੇ ਪੰਜਾਬ ਵਿਚੋਂ ਕੂਕਿਆਂ ਦੇ ਪਿੰਡਾਂ ਦੀ ਗਿਣਤੀ ਸਭ ਤੋਂ ਵੱਧ ਸੀ। ਇਹ ਕੂਕੇ ਮਸਤਾਨਿਆਂ ਦਾ ਜ਼ਿਲਾ ਸੀ ਜਿਹਨਾਂ ਵਿਚ ਝੰਡਾ ਸਿੰਘ ਮਿਲਖਾ ਸਿੰਘ ਆਦਿ ਨੇ ਬੜੀ ਪ੍ਰਸਿੱਧੀ ਪਾਈ। ਜੱਥੇਦਾਰ ਨੱਥਾ ਸਿੰਘ ਹੋਰ੍ਹਾਂ ਦੀ ਪਛਾਣ ਇਕ ਸੱਚੇ-ਸੁੱਚੇ ਕਿਰਤੀ ਸਿਖ ਅਤੇ ਨਾਮ ਬਾਣੀ ਦੇ ਰਸੀਏ ਗੁਰਬਾਣੀ ਦੇ ਰਸਭਿੰਨੇ ਕੀਰਤਨੀਏ ਦੇ ਤੌਰ ਤੇ ਬਣ ਚੁੱਕੀ ਸੀ। ਉਹ ਸਿੱਧੀਆਂ ਸਾਦੀਆਂ ਧਾਰਨਾਵਾਂ ਵਿਚ ਸ਼ਬਦ ਪੜ੍ਹਦੇ ਸਨ। ਢੋਲਕੀ ਵਜਾਉਂਦੇ ਸਨ ਅਤੇ ਉਸ ਲੋਕ ਗੀਤ ਨੂੰ ਸਾਰਥਕ ਕਰਦੇ ਸਨ -

"ਉਹ ਘਰ ਕੂਕਿਆਂ ਦਾ
ਜਿਥੇ ਛੈਣੇ ਢੋਲਕੀ ਖੜਕੇ।"

ਪਿੰਡ ਢੇਹ ਦੀ ਭੰਗੜਾ ਟੀਮ ਅਤੇ ਹੱਲੇ ਦੇ ਦੀਵਾਨ ਲਾਉਣ ਵਾਲੀ ਨਾਮਧਾਰੀ ਸਿੰਘਾਂ ਦੀ ਟੀਮ ਆਲੇ ਦੁਆਲੇ ਪ੍ਰਸਿੱਧ ਸੀ। ਵੈਸੇ ਇਹ ਟੂ ਇਨ ਵਨ ਸੀ। ਭੰਗੜਾ ਟੀਮ ਵਾਲੇ ਜਦੋਂ ਚਾਦਰੇ ਖੋਹਲਕੇ ਮੋਢਿਆਂ ਤੇ ਧਰ ਲੈਂਦੇ ਤਾਂ ਹੇਠੋਂ ਕਛਿਹਰੇ ਨਿਕਲ ਆਉਂਦੇ ਅਤੇ ਫਿਰ ਉਹ ਢੋਲਕ ਛੈਣਿਆਂ ਦੇ ਦੁਆਲੇ ਹੋ ਜਾਂਦੇ। ਭੰਗੜੇ ਦੇ ਢੋਲ ਦੇ ਤਾਲ ਅਤੇ ਕੂਕਿਆਂ ਦੀ ਢੋਲਕੀ ਦੀਆਂ ਗੜਗੂੰਜਾਂ ਨੇ ਬਾਲ ਜਗਦੀਸ਼ ਨੂੰ ਇਸ ਤਰ੍ਹਾਂ ਦੀ ਸੁਰ ਸੂਝ ਦਾ ਸੁਆਮੀ ਬਣਾ ਦਿੱਤਾ ਕਿ ਉਹ ਬਹੁਤ ਵੱਡੇ ਵੱਡੇ ਸੰਗੀਤ ਸੰਮੇਲਨਾਂ ਵਿਚ ਘੰਟਿਆਂ ਬੱਧੀ ਬੈਠਕੇ ਇਹਨਾਂ


Sri Satguru Jagjit Singh Ji eLibrary NamdhariElibrary@gmail.com

ਨੂੰ ਮਾਣ ਸਕਦਾ ਹੈ ਅਤੇ ਅਧਿਕਾਰ ਪੂਰਵਕ ਇਹਨਾਂ ਦੀ ਰਪਟ ਵੀ ਲਿਖ ਸਕਦਾ ਹੈ।

ਵਰਿਆਮ ਦੀ ਨਿਰਮਾਣਤਾ, ਸਾਦਗੀ, ਹਲੀਮੀ, ਨੇਕਨੀਅਤੀ, ਈਮਾਨਦਾਰੀ, ਨਿਸ਼ਕਪਟ ਸੁਭਾਉ ਅਤੇ ਹੋਰ ਮਨੁੱਖੀ ਗੁਣਾਂ ਦੀ ਪੈੜ ਜਥੇਦਾਰ ਨੱਥਾ ਸਿੰਘ ਜੀ ਦੇ ਚਰਿਤਰ ਵੱਲ ਹੀ ਜਾਂਦੀ ਹੈ। "ਪਿਤਾ ਸ੍ਰੀ ਨੂੰ ਯਾਦ ਕਰਦਿਆਂ" ਉਹ ਲਿਖਦੇ ਹਨ-

*ਉਹ ਲੱਕੜ ਦੀ ਫਰੜ (ਟੇਢ) ਪਛਾਣ ਲੈਂਦੇ ਸਨ। ਨਾ ਉਹ ਫਰੜੀ ਲੱਕੜ ਪਸੰਦ ਕਰਦੇ ਸਨ, ਨਾ ਉਹ ਫਰੜਾ ਵਿਅਕਤੀ ਅਤੇ ਨਾ ਹੀ ਫਰੜਾ ਨਿਜ਼ਾਮ। ਉਹਨਾਂ ਨੂੰ 'ਹਰਾਮ ਦੀ ਕਮਾਈ' ਤੋਂ ਸਖਤ ਨਫ਼ਰਤ ਸੀ। ਉੱਚਾ ਸੁੱਚਾ ਉਹਨਾਂ ਦਾ ਆਪਣਾ ਚਰਿੱਤਰ ਸੀ ਅਤੇ ਅਜਿਹੇ ਹੀ ਬੰਦੇ ਉਹਨਾਂ ਨੂੰ ਪਸੰਦ ਸਨ। ਉੱਚੇ ਚਰਿੱਤਰ ਦੀ ਪਛਾਣ ਤਾਂ ਬਹੁਤ ਸਾਰੇ ਲੋਕ ਕਰਦੇ ਹਨ ਪਰ ਇਹਨੂੰ ਆਪਣੇ ਜੀਵਨ ਵਿਚ ਅਮਲੀ ਰੂਪ ਦੇਣ ਤੋਂ ਘੌਲ ਕਰ ਜਾਂਦੇ ਹਨ। "*

**ਵਰਿਆਮ-ਮਾਰਚ ੧੯੯੮**

ਇਸ ਤਰ੍ਹਾਂ ਦੇ ਪਿਤਾ ਸ੍ਰੀ ਤੋਂ ਪ੍ਰਭਾਵਿਤ ਪੁੱਤਰ ਸਪੁੱਤਰ ਹੋ ਜਾਂਦੇ ਹਨ। ਸ਼ਾਇਦ ਸੰਤਾਂ ਦੀ ਇਹ ਸਿਖਿਆ ਹੇਠਲੇ ਸ਼ੇਅਰ ਵਿਚ ਜਗਦੀਸ਼ ਸਿੰਘ ਹੋਰਾਂ 'ਤੇ ਪੂਰੀ ਉਤਰੀ ਹੈ:

'ਦੋਗਲੇ ਸ਼ਬਦਾਂ ਦੀਆਂ ਖੁਸ਼ਖਤ ਲਿਖਤਾਂ ਨਾਂ ਦੇਖ,
ਹੱਕ ਦੀ ਆਵਾਜ਼ ਸੁਣ, ਸੱਚ ਦਾ ਪਰਚਮ ਲਹਿਰਾ।

-ਫਤਹਿ ਜੀਤ

ਆਪਣੇ ਜੀਵਨ ਦੇ ਛੇ ਦਹਾਕਿਆਂ ਅਤੇ ਸਾਹਿਤਕ ਸਫਰ ਦੇ ਢਾਈ ਦਹਾਕਿਆਂ ਵਿਚ ਇਹ "ਵਰਿਆਮ ਇਕੇਲਾ" ਬਣ ਕੇ ਪ੍ਰਗਟਿਆ ਹੈ। ਇਸ ਵਰਗਾ ਕੋਈ ਬਣਕੇ ਤੇ ਵੇਖੇ। ਵਿਅਕਤੀਗਤ, ਪਰਿਵਾਰਿਕ, ਭਾਈਚਾਰਕ, ਪੰਥਕ, ਸਾਹਿਤਕ, ਸੱਭਿਆਚਾਰਕ ਸੂਬਾਈ ਅਤੇ ਕੌਮੀ ਕਿੰਨੀਆਂ ਸਾਰੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਣਾ। ਇਉਂ ਲੱਗਦਾ ਹੈ ਜਿਵੇਂ ਕਈ ਜਨਮਾਂ ਦੀ ਸੇਵਾ ਇਹ ਸੱਜਣ ਇਕ ਜਨਮ ਵਿਚ ਨਿਭਾ ਰਹੇ ਹਨ ਤੇ ਜਾਂ ਫਿਰ-

*"ਛੋਟੀ ਸੀ ਨਿਜ ਜ਼ਿੰਦਗੀ ਮੇਂ ਜੀ ਲੀ ਹੈਂ ਜ਼ਿੰਦਗੀਆਂ ਅਨਗਿਨ,*
*ਜ਼ਿੰਦਗੀ ਹਰ ਏਕ ਜਵਲਿਤ ਚੰਦਨ ਕਾ ਈਂਧਨ ਹੈ।*

—ਮੁਕਤੀਬੋਧ

੯-੩-੨੦੦੦

## ਪ੍ਰੋ. ਗੁਰਦਿਆਲ ਸਿੰਘ ਨੂੰ ਗਿਆਨਪੀਠ ਐਵਾਰਡ

ਪੰਜਾਬੀ ਦੇ ਉਘੇ ਨਾਵਲਕਾਰ ਪਦਮ ਸ੍ਰੀ ਪ੍ਰੋ. ਗੁਰਦਿਆਲ ਸਿੰਘ ਹੋਰਾਂ ਨੂੰ ਦੇਸ਼ ਦਾ ਉਚ ਸਾਹਿਤਕ ਸਨਮਾਨ, ਗਿਆਨਪੀਠ ਐਵਾਰਡ ਅਮ੍ਰਿਤਾ ਪ੍ਰੀਤਮ ਨੂੰ ਮਿਲਣ ਤੋਂ ਅਠਾਰਾਂ ਸਾਲਾਂ ਬਾਦ ਕਿਸੇ ਪੰਜਾਬੀ ਲੇਖਕ ਦੀ ਝੋਲੀ ਪਿਆ ਹੈ ਇਹ ਸਾਰੇ ਪੰਜਾਬੀ ਜਗਤ ਵਾਸਤੇ ਮਾਣ ਅਤੇ ਖੁਸ਼ੀ ਦੀ ਗਲ ਹੈ। ਇਸ ਤੋਂ ਪਹਿਲਾਂ ਪ੍ਰੋ. ਗੁਰਦਿਆਲ ਸਿੰਘ ਭਾਰਤੀ ਸਾਹਿਤ ਅਕੈਡਮੀ ਦੇ ਪੁਸਕਾਰ ਸਮੇਤ ਕਈ ਸਿਖਰਲੇ ਸਨਮਾਨਾਂ ਨਾਲ ਨਿਵਾਜੇ ਜਾ ਚੁੱਕੇ ਹਨ। ਉਹਨਾਂ ਦੁਆਰਾ ਲਿਖੀਆਂ ਮੌਲਿਕ ਪੁਸਤਕਾਂ, ਉਹਨਾਂ ਦੇ ਅਨੁਵਾਦ, ਉਹਨਾਂ ਵਲੋਂ ਅਨੁਵਾਦਤ ਪੁਸਤਕਾਂ ਦਾ ਜੋੜ ਜਾਂ ਕਰੀਏ ਤਾਂ ਇਹ ਨੱਬੇ ਦੇ ਅੰਕ ਦੇ ਕੋਲ ਪੁੱਜ ਜਾਂਦਾ ਹੈ। ਉਹਨਾਂ ਦੇ ਪਾਠਕਾਂ ਦੀ ਗਿਣਤੀ ਕਈ ਲਖਾਂ ਤਕ ਹੈ। ਪ੍ਰੋ. ਗੁਰਦਿਆਲ ਸਿੰਘ ਜੀ ਨੂੰ ਗਿਆਨਪੀਠ ਐਵਾਰਡ ਮਿਲਣ ਤੇ ਅਸੀਂ ਉਹਨਾਂ ਨੂੰ ਤੇ ਸਮੁਚੇ ਪੰਜਾਬੀ ਜਗਤ ਨੂੰ ਵਧਾਈ ਦਿੰਦੇ ਹਾਂ।

***ਜਗਦੀਸ਼ ਸਿੰਘ***

## ਕਵੀਸ਼ਰ ਜੀਊਣ ਸਿੰਘ ਜੀ

ਪ੍ਰਸਿੱਧ ਨਾਮਧਾਰੀ ਵਿਦਵਾਨ ਕਵੀਸ਼ਰ ਅਤੇ ਪਰਚਾਰਕ ਸੰਤ ਜੀਊਣ ਸਿੰਘ ਜੀ ਮਿਤੀ ੧੫ ਮਾਰਚ ੨੦੦੦ ਨੂੰ ਅਮ੍ਰਿਤ ਵੇਲੇ ਸ੍ਰੀ ਭੈਣੀ ਸਾਹਿਬ ਵਿਖੇ ਆਪਣੀ ਸੰਸਾਰ ਯਾਤਰਾ ਸੰਪੂਰਨ ਕਰ ਗਏ ਹਨ। ਕਵੀਸ਼ਰੀ ਦੇ ਛੰਦ ਘੜਣ ਦੇ ਮਾਹਰ ਅਤੇ ਆਪਣੇ ਵਖਿਆਨਾਂ ਰਾਹੀਂ ਘੰਟਿਆਂ ਬੱਧੀ ਸ੍ਰੋਤਿਆਂ ਨੂੰ ਕੀਲ ਰੱਖਣ ਦੀ ਸਮਰੱਥਾ ਰੱਖਣ ਵਾਲੇ ਸੰਤ ਜੀਊਣ ਸਿੰਘ ਇਕ ਜ਼ਿੰਦਾ ਦਿਲ ਤੇ ਹਸਮੁੱਖ ਮਹਾਂ ਪੁਰਖ ਸਨ। ਉਹਨਾਂ ਦੀ ਅੰਤਮ ਯਾਤਰਾ ਸੰਗਤਾਂ ਦੇ ਸ਼ਬਦ ਕੀਰਤਨ ਨਾਲ ਹੋਈ ਅਤੇ ਸ੍ਰੀ ਭੈਣੀ ਸਾਹਿਬ ਦੇ ਸ਼ਮਸ਼ਾਨ ਘਾਟ ਤੇ ਸਸਕਾਰ ਸਮੇਂ ਸਤਿਗੁਰੂ ਜਗਜੀਤ ਸਿੰਘ ਜੀ ਆਪ ਪਧਾਰੇ। ਅਸੀਂ ਨਾਮਧਾਰੀ ਪੰਥ ਅਤੇ ਪਰਿਵਾਰ ਨੂੰ ਪਏ ਘਾਟੇ ਨੂੰ ਸ਼ਿਦਤ ਨਾਲ ਮਹਿਸੂਸ ਕਰਦੇ ਹੋਏ ਸੰਤ ਜੀਊਣ ਸਿੰਘ ਜੀ ਨੂੰ ਸ਼ਰਧਾਂਜਲੀ ਭੇਟ ਕਰਦੇ ਹਾਂ।

***ਜਗਦੀਸ਼ ਸਿੰਘ***



Sri Satguru Jagjit Singh Ji eLibrary NamdhariElibrary@gmail.com

Gram : 'SNIPER'    Hello : 431367

*Reputed Manufacturers of :*

**Superior Quality**

**SINGLE BARREL**

**&**

**DOUBLE BARREL**

**B. L. — 12 BORE**

**GUNS**

**MODERN GUN WORKS**

**OPP. INDUSTRIAL ESTATE,**
**JAMMU CANTT.**



Sri Satguru Jagjit Singh Ji eLibrary    NamdhariElibrary@gmail.com

# ਦੁਸ਼ਮਣ

-ਪ੍ਰੋ. ਰਣਜੀਤ ਸਿੰਘ

ਟੈਰੀਟੋਰੀਅਲ ਆਰਮੀ ਨੂੰ ਜਦੋਂ ਆਫ਼ੀਸਰਜ਼ ਟ੍ਰੇਨਿੰਗ ਸਕੂਲ, ਭੁਵਨੇਸ਼ਵਰ ਸਿਖਲਾਈ ਵਾਸਤੇ ਪਹੁੰਚਣ ਦਾ ਹੁਕਮ ਮਿਲਿਆ, ਮੈਂ ਤਾਂ ਖੁਸ਼ ਹੋਣਾ ਹੀ ਸੀ, ਸਾਡੇ ਸਾਰੇ ਘਰ ਨੂੰ ਵੀ ਸੁਖ ਦਾ ਸਾਹ ਆਇਆ। ਮੇਰੀਆਂ ਲਗਾਤਾਰ ਨਾਕਾਮਯਾਬੀਆਂ ਕਾਰਨ ਸਾਡੇ ਘਰ ਦਾ ਮਾਹੌਲ ਉਦਾਸ ਅਤੇ ਪਰੇਸ਼ਾਨ ਸੀ। ਇਮਤਿਹਾਨ ਤਾਂ ਮੈਂ ਸਾਰੇ ਪਾਸ ਕਰੀ ਜਾਂਦਾ ਸਾਂ, ਪਰ ਨੰਬਰ ਏਨੇ ਨਾ ਆਉਂਦੇ ਕਿ ਕਿਧਰੇ ਮੈਰਿਟ ਵਿਚ ਆ ਜਾਂਦਾ। ਦੋ ਵਾਰ ਨੈਸ਼ਨਲ ਡੀਫ਼ੈਂਸ ਅਕਾਡਮੀ ਖੜਗਵਾਸਲਾ ਲਈ ਬੈਠਿਆ। ਦੋਵੇਂ ਵਾਰ ਲਿਖਤੀ ਇਮਤਿਹਾਨ ਪਾਸ ਕਰ ਲਏ ਪਰ ਇੰਟਰਵਿਊ ਵਿਚ ਕਾਮਯਾਬੀ ਨਾ ਮਿਲੀ। ਇੰਡੀਆ ਮਿਲਟਰੀ ਅਕਾਡਮੀ ਦੇਹਰਾਦੂਨ ਵਿਚ ਵੀ ਮੈਂ ਕਿਸੇ ਤਰ੍ਹਾਂ ਨਾ ਪਹੁੰਚ ਸਕਿਆ। ਮੈਡੀਕਲ ਅਤੇ ਇੰਜੀਨੀਅਰਿੰਗ ਕਾਲਜ ਵੀ ਮੇਰੀ ਪਹੁੰਚ ਤੋਂ ਬਹੁਤ ਦੂਰ ਰਹੇ।

ਜਿਹੜਾ ਮਿਲੇ, ਆਖੇ, "ਕੋਈ ਲਾਈਨ ਫੜ ....... ਕੋਈ ਲਾਈਨ ਫੜ"। ਮੈਂ ਹਾਰ ਕੇ ਆਖਣ ਲਗ ਪਿਆ, "ਜੇ ਹੋਰ ਕੋਈ ਲਾਈਨ ਨਾ ਮਿਲੀ ਤਾਂ ਕੀ ਮੈਂ ਗੱਡੀ ਦੀ ਲਾਈਨ ਫੜ ਲਵਾਂ ? ਤੇ ਜੇ ਆਖੋ ਤਾਂ ਬਿਜਲੀ ਦੀ ਲਾਈਨ ਫੜ ਲੈਂਦਾ ਹਾਂ।"

ਨਾ ਹਾਸਾ ਨਿਕਲਦਾ, ਨਾ ਰੋਣਾ ਆਉਂਦਾ!

ਹੱਕ ਦੀ ਗੱਲ ਇਹ ਸੀ ਕਿ ਮੇਰਾ ਬਜਪਨ ਤੋਂ ਹੀ ਰੁਝਾਨ ਸਾਹਿਤਕ ਸੀ। ਕਵਿਤਾ, ਕਹਾਣੀ ਅਤੇ ਨਾਵਲ ਪੜ੍ਹਨ ਵਾਲੇ ਨੇ ਕਿੰਨਾ ਕੁ ਸਾਇੰਸ ਅਤੇ ਹਿਸਾਬ ਲਈ ਵਕਤ ਕੱਢ ਲੈਣਾ ਸੀ! ਕਵਿਤਾ ਕਹਾਣੀ ਲਿਖਣ ਵਾਲੇ ਨੇ ਖੇਡਾਂ ਵਿਚ ਕਿੰਨੀਆਂ ਕੁ ਮੱਲਾਂ ਮਾਰ ਲੈਣੀਆਂ ਸਨ! ਹੁਣ ਛੋਟੇ ਭਰਾ ਨੂੰ ਫ਼ੌਜ ਵਿਚ ਅਫ਼ਸਰ ਬਣਿਆਂ ਨੂੰ ਵੀ ਕਈ ਸਾਲ ਬੀਤ ਗਏ ਸਨ। ਮੇਰੇ ਕਿਸੇ ਥਾਂ-ਸਿਰ ਨਾ ਲਗਣ ਕਰ ਕੇ ਉਸ ਦਾ ਵਿਆਹ ਵੀ ਰੁਕਿਆ ਸੀ।

ਟੈਰੀਟੋਰੀਅਲ ਆਰਮੀ ਦੀ ਨੌਕਰੀ ਦੀ ਮਿਆਦ ਤਾਂ ਸਿਰਫ਼ ਪੰਜ ਸਾਲ ਹੀ ਹੁੰਦੀ ਹੈ। ਪਰ ਚੰਗੀ ਕਾਰਗੁਜ਼ਾਰੀ ਦਿਖਾਉਣ ਉੱਤੇ ਮਿਆਦ ਵਧ ਵੀ ਜਾਂਦੀ ਹੈ ਅਤੇ ਕਈ ਵਾਰੀ ਨੌਕਰੀ ਪੱਕੀ ਵੀ ਹੋ ਜਾਂਦੀ ਹੈ।

ਚਲੋ, ਪੰਜ-ਸੱਤ ਸਾਲਾਂ ਵਾਸਤੇ ਤਾਂ ਭੁੱਖ ਅਤੇ ਪਰੇਸ਼ਾਨੀ ਦੇ ਬਘਿਆੜ ਬੂਹਿਓਂ ਦੂਰ ਜਾ ਖਲੋਤੇ ਸਨ।

ਦੋ ਸਾਲ ਭੁਵਨੇਸ਼ਵਰ ਵਿਚ ਟਰੇਨਿੰਗ ਬਾਅਦ ਮੈਨੂੰ ਰਜਮੈਂਟ ਵਿਚ ਅਫ਼ਸਰ ਬਣਾ ਕੇ ਨਾਗਾਲੈਂਡ ਭੇਜ ਦਿੱਤਾ ਗਿਆ। ਉੱਥੇ ਮੈਂ ਤਕਰੀਬਨ ਦੋ ਸਾਲ ਹੀ ਰਿਹਾ ਹੋਵਾਂਗਾ ਤੇ ਸਾਡੀ ਰਜਮੈਂਟ ਦਿੱਲੀ ਆ ਗਈ। ਦਿੱਲੀ ਕੁਝ ਸਮਾਂ ਹੀ ਲੰਘਿਆ ਸੀ ਕਿ ਪੂਰਬੀ ਪਾਕਿਸਤਾਨ, ਜੋ ਹੁਣ ਬੰਗਲਾ ਦੇਸ਼ ਕਹਾਉਂਦਾ ਹੈ, ਵਿਚ ਗੜਬੜ ਸ਼ੁਰੂ ਹੋ ਗਈ। ਪਾਕਿਸਤਾਨ ਵਿਚ ਹੋਈਆਂ ਆਮ ਚੋਣਾਂ ਵਿਚ ਕੌਮੀ ਅਸੈਂਬਲੀ ਲਈ ਮੁਜੀਬੁਰ ਰਹਿਮਾਨ ਦੀ ਅਵਾਮੀ ਪਾਰਟੀ ਬਹੁਮੱਤ ਲੈਣ ਵਿਚ ਕਾਮਯਾਬ ਤਾਂ ਹੋ ਗਈ ਪਰ ਨਾ ਸਦਰ ਯਾਹੀਆ ਖਾਨ ਅਤੇ ਨਾ ਹੀ ਆਪ ਵਜ਼ੀਰੇ ਆਜ਼ਮ ਬਣਨ ਦੇ ਖਾਹਿਸ਼ਮੰਦ ਭੁੱਟੋ ਸਾਹਿਬ ਨੇ ਉਹਨਾਂ ਨੂੰ ਪਾਕਿਸਤਾਨ ਦਾ ਪ੍ਰਧਾਨ ਮੰਤਰੀ ਬਣਨ ਦਿੱਤਾ। ਪੂਰਬੀ ਪਾਕਿਸਤਾਨ ਵਿਚ ਹਾਲ਼ਾਤ ਬਹੁਤ ਖਰਾਬ ਹੋ ਗਏ। ਮੁਜੀਬ ਸਾਹਿਬ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਫ਼ੇਰ ਤਸ਼ੱਦਦ ਤੇ ਦਮਨ ਦਾ ਦੌਰ ਸ਼ੁਰੂ ਹੋ ਗਿਆ।

ਲੱਖਾਂ ਦੀ ਗਿਣਤੀ ਵਿਚ ਲੋਕ ਪੂਰਬੀ ਪਾਕਿਸਤਾਨ ਛੱਡ ਕੇ ਹਿੰਦੁਸਤਾਨ ਆ ਗਏ। ਮੁਕਤੀ ਬਾਹਣੀ ਵਜੂਦ ਵਿਚ ਆ ਗਈ ਤੇ ਏਸ ਤਰ੍ਹਾਂ ੧੯੭੧ ਵਾਲੀ ਹਿੰਦ-ਪਾਕ ਦੀ ਜੰਗ ਸ਼ੁਰੂ ਹੋ ਗਈ। ਸਾਫ਼ ਜ਼ਾਹਿਰ ਸੀ ਕਿ ਲੜਾਈ ਪੂਰਬੀ ਅਖਾੜੇ ਤੱਕ ਸੀਮਤ ਨਹੀਂ ਰਹਿਣੀ। ਸੋ ਸਾਡੀ ਰਜਮੈਂਟ ਨੂੰ ਜੰਮੂ ਕਸ਼ਮੀਰ ਵਿਚ ਕਾਰਗਲ ਦੇ ਇਲਾਕੇ ਵਿਚ ਭੇਜ ਦਿੱਤਾ ਗਿਆ।

ਕਾਰਗਲ ਸੈਕਟਰ ਵਿਚ ਹੀ ਮੇਰੀ ਉਸ ਨਾਲ ਪਹਿਲੀ ਮੁਲਾਕਾਤ ਹੋਈ। ਉਹ ਜੋ ਮੇਰਾ ਦੁਸ਼ਮਣ ਸੀ ਉਸ ਨੇ ਮੇਰੀ ਜ਼ਮੀਨ ਨਹੀਂ ਸੀ ਸਾਂਭੀ। ਮੇਰੀ ਘਰ ਦੀ ਕਿਸੇ ਔਰਤ ਉੱਤੇ ਬੁਰੀ ਨਜ਼ਰ ਵੀ ਨਹੀਂ ਸੀ ਪਾਈ। ਨਾ ਹੀ ਮੇਰਾ ਉਸ ਨਾਲ ਪਹਿਲਾਂ ਕਿਤੇ ਵਾਹ ਪਿਆ ਸੀ ਪਰ ਉਹ ਮੇਰਾ ਦੁਸ਼ਮਣ ਸੀ। ਇਹ ਜੰਗ ਸੀ...... ਸਾਡੇ ਦੋ ਦੇਸ਼ਾਂ ਵਿਚਕਾਰ ਜੰਗ। ਤੇ ਜੰਗ ਦਾ ਤੇ ਇਕੋ ਹੀ ਅਸੂਲ ਹੁੰਦਾ ਹੈ— ਜੇ ਪਹਿਲੇ ਹੱਲੇ ਮੈਂ ਉਸ ਨੂੰ ਨਾ ਮਾਰਿਆ ਤਾਂ ਮੌਕਾ ਮਿਲਣ ਉੱਤੇ ਉਹ ਮੈਨੂੰ ਮਾਰ ਦੇਵੇਗਾ। ਇਹੀ ਸਾਡੀ ਸਿਖਲਾਈ ਸੀ। ਅੱਖਾਂ ਵਿਚ ਖੂਨ, ਰਾਈਫ਼ਲ ਉੱਤੇ ਸੰਗੀਨ ਅਤੇ ਹੋਠਾਂ ਉੱਤੇ ਚਾ.....ਰ....ਜ! ਜਾਂ ਉਹ ਨਹੀਂ ਜਾਂ ਮੈਂ ਨਹੀਂ।

ਪਰ ਏਸ ਤਰ੍ਹਾਂ ਨਾ ਹੋਇਆ।

ਕਹਿਣ ਨੂੰ ਤਾਂ ਏਹ ਇਲਾਕਾ ਧਰਤੀ ਦੇ ਸਵਰਗ ਕਸ਼ਮੀਰ ਦਾ ਹੀ ਇੱਕ ਹਿੱਸਾ ਹੈ। ਸਰਦੀਆਂ ਵਿਚ ਬਹੁਤ ਸਰਦੀ ਪੈਂਦੀ



Sri Satguru Jagjit Singh Ji eLibrary NamdhariElibrary@gmail.com

ਹੋਣੀ ਏ, ਇਹ ਵੀ ਸਭ ਜਾਣਦੇ ਹਨ। ਪਰ ਵੇਖਣ ਅਤੇ ਸੁਨਣ ਵਿਚ ਬਹੁਤ ਫ਼ਰਕ ਹੁੰਦਾ ਹੈ। ਤੇ ਸਮਝਣ ਤੱਕ ਪਹੁੰਚਦਿਆਂ ਅਸਲੀਅਤ ਅਤੇ ਕਿਆਸ ਵਿਚ ਫ਼ਾਸਲਾਂ ਹੋਰ ਵੀ ਵਧ ਜਾਂਦਾ ਹੈ।

ਠੰਢਾ, ਸਫ਼ੈਦ, ਰੇਤਲਾ ਨਰਕ ਹੈ ਇਹ। ਮੁਲਤਾਨ ਹੋਏਗਾ ਗਰਮ ਨਰਕ। ਪਰ ਇਹ ਠੰਢਾ ਨਰਕ ਹੈ। ਪਹਾੜੀਆਂ ਉੱਤੇ ਬਰਫ਼, ਮੈਦਾਨਾਂ ਵਿਚ ਬਰਫ਼ ਤੇ ਬਰਫ਼ ਦੇ ਦਰਿਆ। ਗਲੇਸ਼ੀਅਰ ਕਹਿੰਦੇ ਨੇ ਇਹਨਾਂ ਬਰਫ ਦੇ ਦਰਿਆਵਾਂ ਨੂੰ। ਦੋ-ਦੋ ਗਰਮ ਜੁਰਾਬਾਂ, ਉੱਪਰ ਬੂਟ। ਫ਼ੇਰ ਵੀ ਉਂਗਲਾਂ, ਅੰਗੂਠੇ ਭੁਰ-ਭੁਰ ਜਾਂਦੇ ਹਨ। ਕਈ ਕਈ ਵਾਰੀ ਤਾਂ ਕਿਸੇ ਕਿਸੇ ਦੀਆਂ ਉਂਗਲਾਂ ਕੱਟਣੀਆਂ ਵੀ ਜ਼ਰੂਰੀ ਹੋ ਜਾਂਦੀਆਂ। ਗਰਮ ਬਨੈਣ, ਗਰਮ ਕਮੀਜ਼, ਜਰਸੀ ਅਤੇ ਓਵਰਕੋਟ ਵਿਚ ਵੀ ਹੱਡੀਆਂ ਠਰ-ਠਰ ਜਾਂਦੀਆਂ। ਪੱਗੜੀਆਂ ਹੇਠ ਗਰਮ ਛੋਟੀ ਪੱਗ ਬੰਨ੍ਹਣੀ ਪੈਂਦੀ ਸੀ। ਸਰਦੀ ਦਾ ਅੰਦਾਜ਼ਾ ਏਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਮੂੰਹੋਂ ਨਿਕਲਦਾ ਸਾਹ ਧੁੰਦ ਬਣ ਜਾਂਦਾ ਅਤੇ ਧੁੰਦ ਨਿੱਕੇ-ਨਿੱਕੇ ਬਰਫ਼ ਦੇ ਮੋਤੀ ਬਣ ਕੇ ਦਾੜ੍ਹੀ, ਮੁੱਛਾਂ ਉੱਤੇ ਜੰਮ ਜਾਂਦੀ। ਏਸ ਉੱਤੇ ਤੁੱਰਾ ਇਹ ਕਿ ਘੰਟਿਆਂ ਬੱਧੀ ਕਿਸੇ ਬੰਕਰ ਜਾਂ ਖੰਦਕ ਵਿਚ ਦੁਬਕ ਕੇ ਜਾਂ ਸ਼ਹਿ ਲਾ ਕੇ ਬੈਠੇ ਰਹਿਣਾ ਪੈਂਦਾ ਸੀ। ਕਈ ਵਾਰ ਤਾਂ ਜਿੰਦਗੀ ਨਾਲੋਂ ਮੌਤ ਅਤੇ ਨੌਕਰੀ ਨਾਲੋਂ ਬੇਰੁਜ਼ਗਾਰੀ ਚੰਗੀ ਲੱਗਣ ਲੱਗ ਪੈਂਦੀ ਸੀ। ਉੱਥੇ ਤਾਂ ਇਕ ਤੀਲਾ ਵੀ ਬਰਫ਼ ਦੇ ਚਿੱਟੇ ਪਰਦੇ ਉੱਤੇ ਦਾਗ਼ ਨਹੀਂ ਪਾਉਂਦਾ। ਨਾ ਕੋਈ ਪੰਛੀ ਕੂਕਦਾ ਸੀ ਨਾ ਕੋਈ ਜਾਨਵਰ ਅਟਕਦਾ ਸੀ। ਬੰਕਰ ਵਿਚੋਂ ਬਾਹਰ ਨਿਕਲ ਕੇ ਠਰੇ ਜੁੜੇ ਅੰਗਾਂ ਨੂੰ ਗਰਮ ਕਰਨ ਲਈ, ਖੋਲ੍ਹਣ ਲਈ, ਕਸਰਤ ਕਰਨ ਲਈ ਮਨ ਤਰਸਦਾ। ਪਰ ਇਹ ਤਾਂ ਦੁਸ਼ਮਣ ਦੀ ਗੋਲੀ ਨੂੰ ਆਪ ਸੱਦਾ ਦੇਣ ਵਾਲੀ ਗੱਲ ਸੀ।

ਸਾਡੇ ਪਾਸੇ ਲੜਾਈ ਬਹੁਤੀ ਨਹੀਂ ਸੀ ਹੋਈ। ਫ਼ੌਜਾਂ ਅੱਗੇ ਨਾ ਵਧੀਆਂ ਨਾ ਪਿੱਛੇ ਹਟੀਆਂ ਪਰ ਮੋਰਚਾਬੰਦੀ ਬਹੁਤ ਸਖਤ ਸੀ। ਹਦਾਇਤ ਸੀ ਕਿ ਸਾਡੇ ਸਾਹਮਣੇ ਹੁੰਦੀ ਕਿਸੇ ਤਰ੍ਹਾਂ ਦੀ ਹਿਲਜੁਲ ਨੂੰ ਦਰਗੁਜ਼ਰ ਨਾ ਕੀਤਾ ਜਾਏ ਫ਼ੌਰਨ ਐਕਸ਼ਨ ਲੈਣ ਦਾ ਹੁਕਮ ਸੀ।

ਇੱਕ ਦਿਨ ਸਵੇਰੇ ਹੀ ਮੈਂ ਆਪਣੇ ਰਿਹਾਇਸ਼ੀ ਬੰਕਰ ਵਿਚੋਂ ਬਾਹਰ ਨਿਕਲ ਕੇ ਖੰਦਕਾਂ ਦੇ ਵਿਚ ਕਿਤੇ ਝੁਕ ਕੇ ਤੁਰਦਾ, ਕਿਤੇ ਹੱਥਾਂ ਪੈਰਾਂ ਉੱਤੇ ਰਿੜ੍ਹਦਾ, ਕਈ ਪਿਕਟਾਂ ਦਾ ਮੁਆਇਨਾ ਕਰਨ ਪਿੱਛੋਂ ਪਹਾੜੀ ਕੱਟ ਕੇ ਬਣਾਈ ਇੱਕ ਪਿਕਟ ਉੱਤੇ ਪਹੁੰਚਿਆ। ਇੱਕ ਫ਼ੌਜੀ ਸਿਪਾਹੀ ਸਾਹਮਣੇ ਸਫ਼ੈਦ ਮੈਦਾਨ ਵੱਲ ਨੀਝ ਲਾ ਕੇ ਦੇਖ ਰਿਹਾ ਸੀ। ਮੈਂ ਉਸ ਕੋਲ ਜਾ ਕੇ ਖੜ੍ਹਾ ਹੋ ਗਿਆ। ਸਾਹਮਣੇ ਕੋਈ ਡੇਢ ਦੋ ਸੌ ਗਜ਼ ਦੇ ਫ਼ਾਸਲੇ ਉੱਤੇ ਇੱਕ ਪਾਕਿਸਤਾਨੀ ਪਿਕਟ ਸੀ। ਉਧਰ ਵੀ ਕੋਈ ਹਿਲਜੁਲ ਨਹੀਂ ਸੀ। ਸਾਡੇ ਵਾਂਗ ਹੀ ਉਹ ਵੀ ਸ਼ਹਿ ਮਾਰ ਕੇ ਸਾਡੇ ਵੱਲ ਦੇਖਦੇ ਹੋਣੇ ਨੇ।

ਆਹਿਸਤਾ-ਆਹਿਸਤਾ ਸਰਦੀ ਪੈਰਾਂ ਵੱਲੋਂ ਉਤਾਂਹ ਨੂੰ ਚੜ੍ਹ ਰਹੀ ਸੀ। ਰਾਈਫ਼ਲ ਦੀ ਨਾਲ ਗਰਮ ਦਸਤਾਨਿਆਂ ਵਿਚੋਂ ਵੀ ਹੱਥਾਂ ਨੂੰ ਠਾਰ ਰਹੀ ਸੀ।

ਸਿਪਾਹੀ ਨੇ ਮੇਰੇ ਵੱਲ ਘੁੰਮ ਕੇ ਆਖਿਆ, "ਸਾਹਿਬ ਔਹ ਦੇਖੋ!"

ਸਾਹਮਣੇ ਇੱਕ ਕਾਲੀ ਟੋਪੀ ਖੰਦਕ ਵਿਚੋਂ ਨਿਕਲ ਕੇ ਬਾਹਰ ਆ ਗਈ ਸੀ। ਫ਼ੇਰ ਮੋਢੇ ਉੱਭਰੇ ਤੇ ਫ਼ੇਰ ਬਾਕੀ ਦਾ ਜਿਸਮ। ਸਿਪਾਹੀ ਨੇ ਰਾਈਫ਼ਲ ਮੋਢੇ ਉੱਤੇ ਲਾ ਲਈ ਤੇ ਨਿਸ਼ਾਨਾ ਸਿੰਨ੍ਹ ਲਿਆ। ਮੈਂ ਉਸ ਨੂੰ ਇਸ਼ਾਰੇ ਨਾਲ ਗੋਲੀ ਚਲਾਉਣ ਤੋਂ ਰੋਕਿਆ। ਦੂਰਬੀਨ ਵਿਚੋਂ ਮੈਂ ਉਸ ਆਦਮੀ ਦੀ ਹਰ ਹਰਕਤ ਦੇਖ ਰਿਹਾ ਸਾਂ! ਦੂਰਬੀਨ ਨਾਲ ਉਹ ਸਾਫ਼ ਨਜ਼ਰ ਆ ਰਿਹਾ ਸੀ। ਦਰਮਿਆਨਾ ਕੱਦ-ਬੁੱਤ। ਹਲਕਾ ਸਰੀਰ। ਮੋਢਿਆਂ ਦੀ ਫਲਾਵੀਂ ਬਣਤਰ। ਉਸ ਦੇ ਗਲੇ ਵਿਚ ਕੰਡੀਆਂ ਵਾਲੇ ਸੱਪ ਵਰਗਾ ਉੱਨ ਦਾ ਮਫ਼ਲਰ ਸੀ। ਚਿੱਟੀ ਜ਼ਮੀਨ ਉੱਤੇ ਕਾਲੀਆਂ ਭੂਰੀਆਂ ਡੱਬੀਆਂ।

ਉਸ ਨੇ ਆਹਮਣੇ-ਸਾਹਮਣੇ ਵੇਖਿਆ। ਉਵਾਸੀ ਲਈ। ਸਰੀਰ ਦੀ ਆਕੜ ਭੰਨੀ। ਫ਼ੇਰ ਸਾਡੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਅਸੀਂ ਵੇਖਿਆ, ਉਸ ਉੱਛਲ-ਉੱਛਲਕੇ, ਕੁੱਦ-ਕੁੱਦ ਕੇ ਕਸਰਤ ਕਰਨੀ ਸ਼ੁਰੂ ਕਰ ਦਿੱਤੀ।

ਜੀ ਹਾਂ, ਉਹ ਆਪਣੇ ਜਿਸਮ ਨੂੰ, ਕੜੱਵਲ ਪਈਆਂ ਲੱਤਾਂ-ਬਾਹਾਂ ਨੂੰ, ਮੁੰਜਮਿਦ ਖ਼ੂਨ ਨੂੰ, ਸਰਦੀ ਵਿਚ ਸੁੰਗੜੀਆਂ ਉਂਗਲਾਂ ਨੂੰ ਗਰਮ ਕਰ ਰਿਹਾ ਸੀ, ਖੋਲ੍ਹ ਰਿਹਾ ਸੀ, ਰਵਾਂ ਕਰ ਰਿਹਾ ਸੀ।

ਸਾਡੇ ਦੋਹਾਂ ਦੇਸ਼ਾਂ ਵਿਚ ਜੰਗ ਚਲ ਰਹੀ ਸੀ। ਹੁਕਮ ਸਖਤ ਸਨ। ਤਰਸ ਜਾਂ ਲਿਹਾਜ਼ ਦੀ ਕੋਈ ਗੁੰਜਾਇਸ਼ ਨਹੀਂ ਸੀ। ਤੇ ਉਹ ਸੀ ਡੇਢ-ਦੋ ਸੌ ਗਜ਼ ਦੀ ਵਿੱਥ ਉੱਤੇ ਖਲੋਤਾ ਕਸਰਤ ਕਰ ਰਿਹਾ ਸੀ। ਬਹੁਤ ਆਸਾਨ ਨਿਸ਼ਾਨਾ।

ਬੇਵਕੂਫ਼......... ਦਿਵਾਨਾ ਜਾਂ ਕੋਈ ਸਦੀਵੀਂ ਮਨੁੱਖਤਾ ਵਿਚ ਵਿਸ਼ਵਾਸ ਰੱਖਣ ਵਾਲਾ!

ਮੇਰੇ ਸਿਪਾਹੀ ਨੇ ਮੇਰੇ ਵੱਲ ਦੇਖਿਆ। ਉਹ ਮੇਰੇ ਹੁਕਮ ਦੀ ਉਡੀਕ ਕਰ ਰਿਹਾ ਸੀ। ਮੇਰਾ ਇਸ਼ਾਰਾ ਹੁੰਦਿਆਂ ਹੀ ਰਾਈਫ਼ਲ ਦੇ ਘੋੜੇ ਉਤੇ ਥੋੜਾ ਜਿਹਾ ਦਬਾਅ ਪੈਣਾ ਸੀ। ਜ਼ਰਾ ਜਿੰਨਾ ਜੋਰ। ਤੇ ਫ਼ੇਰ ਜ਼ੋਰਦਾਰ ਧਮਾਕਾ ਤੇ ਉਸ ਦੀ ਕਸਰਤ ਵਿਚੇ


Sri Satguru Jagjit Singh Ji eLibrary NamdhariElibrary@gmail.com

ਹੀ ਰਹਿ ਜਾਣੀ ਸੀ। ਜਿੰਨ੍ਹਾਂ ਅੰਗਾਂ ਨੂੰ ਉਹ ਗਰਮ ਕਰ ਰਿਹਾ ਸੀ, ਜਿਸ ਖ਼ੂਨ ਨੂੰ ਉਹ ਤੋਰਨ ਦੀ ਕੋਸ਼ਿਸ਼ ਕਰ ਰਿਹਾ ਸੀ, ਤੇ ਜਿੰਨ੍ਹਾਂ ਹੱਥਾਂ, ਪੈਰਾਂ ਅਤੇ ਉਂਗਲਾਂ ਨੂੰ ਉਹ ਰਵਾਂ ਕਰ ਰਿਹਾ ਸੀ, ਉਹਨਾਂ ਨੇ ਹਮੇਸ਼ਾਂ ਵਾਸਤੇ ਠੰਢੀਆਂ ਪੈ ਜਾਣਾ ਸੀ। ਬਰਫ਼ ਉੱਤੇ ਲਹੂ ਦਾ, ਸਿਆਹੀ-ਚੂਸ ਉੱਤੇ ਸਿਆਹੀ ਦੀ ਤਰ੍ਹਾਂ ਇੱਕ ਲਾਲ ਧੱਬਾ ਬਣਨਾ ਸੀ ਤੇ ......ਬਸ .......ਇੱਕ ਮਨੁੱਖ ਨੇ ਸਦਾ ਲਈ ਤੁਰ ਜਾਣਾ ਸੀ।

ਮੇਰਾ ਸਿਪਾਹੀ ਮੇਰੇ ਹੁਕਮ ਦੀ ਇੰਤਜ਼ਾਰ ਕਰਦਾ ਰਹਿ ਗਿਆ ਅਤੇ ਉਹ ਆਦਮੀ ਆਪਣੀ ਕਸਰਤ ਪੂਰੀ ਕਰ ਕੇ ਵਾਪਸ ਆਪਣੀ ਖੰਦਕ ਵਿਚ ਉੱਤਰ ਗਿਆ।

ਉਹ ਕੌਣ ਸੀ ? ਕੋਈ ਅਫ਼ਸਰ ਸੀ ? ਕੋਈ ਸਿਪਾਹੀ ? ਨਾ ਮੈਂ ਜਾਣਿਆ, ਨਾ ਜਾਨਣ ਦੀ ਕੋਸ਼ਿਸ਼ ਕੀਤੀ ਅਤੇ ਨਾ ਹੀ ਜਾਣ ਸਕਿਆ।

ਇਸ ਘਟਨਾ ਨੂੰ ਕਈ ਸਾਲ ਗੁਜ਼ਰ ਗਏ। ਇਸ ਦੌਰਾਨ ਮੈਂ ਆਪਣੀ ਫ਼ੌਜੀ ਨੌਕਰੀ ਦੀ ਮਿਆਦ ਪੂਰੀ ਕਰ ਲਈ। ਐਮ. ਏ. ਕਰ ਲੈਣ ਬਾਦ ਦਿੱਲੀ ਦੇ ਇੱਕ ਕਾਲਜ ਵਿਚ ਪ੍ਰੋਫ਼ੈਸਰ ਲੱਗ ਗਿਆ। ਮੇਰੀਆਂ ਸਾਹਿਤਕ ਰੁਚੀਆਂ ਨੂੰ ਪਰਵਾਨ ਚੜ੍ਹਨ ਦਾ ਮੌਕਾ ਮਿਲ ਗਿਆ। ਕਵਿਤਾ- ਕਹਾਣੀਆਂ ਪੜ੍ਹਨਾ, ਲਿਖਣਾ, ਪੜ੍ਹਾਉਣਾ - ਇਹੀ ਮੇਰਾ ਕਿੱਤਾ ਬਣ ਗਿਆ। ਕਿਧਰੇ ਕਾਨਫ਼ਰੰਸ, ਕਿਧਰੇ ਸੈਮੀਨਾਰ, ਕਿਧਰੇ ਅਦਬੀ ਬੈਠਕ ਤੇ ਕਿਧਰੇ ਸਾਹਿਤਕ ਗੋਸ਼ਟੀ।

ਪੰਜਾਬੀ ਭਾਸ਼ਾ ਦੀਆਂ ਬਹੁਤ ਸਾਰੀਆਂ ਜਥੇਬੰਦੀਆਂ ਨੇ ਮਿਲ ਕੇ ਦਿੱਲੀ ਵਿਚ ਵਿਸ਼ਵ ਪੰਜਾਬੀ ਕਾਨਫ਼ਰੰਸ ਕਰਨ ਦੀ ਯੋਜਨਾ ਬਣਾਈ। ਇਸ ਕਾਨਫ਼ਰੰਸ ਵਿਚ ਸ਼ਾਮਿਲ ਹੋਣ ਵਾਸਤੇ ਇੰਗਲੈਂਡ ਤੋਂ, ਕੈਨੇਡਾ ਤੋਂ ਪ੍ਰਵਾਸੀ ਪੰਜਾਬੀ ਲੇਖਕ ਆਏ। ਪਾਕਿਸਤਾਨ ਤੋਂ ਵੀ ਪੰਜਾਬੀ ਲੇਖਕ ਆਏ।

ਲੇਖ ਪੜ੍ਹੇ ਜਾ ਰਹੇ ਸਨ। ਕਵਿਤਾਵਾਂ ਸੁਣਾਈਆਂ ਜਾ ਰਹੀਆਂ ਸਨ। ਨਾਟਕ ਖੇਡੇ ਜਾ ਰਹੇ ਸਨ। ਪਰ ਮੇਰੀਆਂ ਅੱਖਾਂ ਤਾਂ ਜਿਵੇਂ ਕੀਲੀਆਂ ਪਈਆਂ ਸਨ। ਪਾਕਿਸਤਾਨ ਤੋਂ ਆਏ ਇੱਕ ਅਦੀਬ ਉੱਤੋਂ ਮੇਰੀਆਂ ਨਜ਼ਰਾਂ ਉੱਠਦੀਆਂ ਹੀ ਨਹੀਂ ਸਨ।

ਉਹੀ ਕੱਦ ਬੁੱਤ, ਉਹੀ ਮੋਢਿਆਂ ਦੀ ਢਲਾਣ, ਉਹੀ ਓਵਰਕੋਟ ਅਤੇ ਉਹੀ ਗਰਦਨ ਦੁਆਲੇ ਵੱਲ ਕੇ ਛਾਤੀ ਤੇ ਪਿੱਠ ਉੱਤੇ ਪਲਮਦਾ ਕੌਡੀਆਂ ਵਾਲੇ ਸੱਪ ਵਰਗਾ ਮਫ਼ਲਰ।

ਸੈਸ਼ਨ ਖਤਮ ਹੋਣ 'ਤੇ ਮੈਂ ਉਸ ਕੋਲ ਗਿਆ। ਚੌੜਾ ਮੱਥਾ, ਚਮਕਦੀਆਂ ਅੱਖਾਂ, ਤਿੱਖਾ ਨੱਕ, ਜ਼ਹੀਨ ਕਿਤਾਬੀ ਚਿਹਰਾ, ਕੱਪਕਪਾਉਂਦੇ ਹੋਂਠ - ਉਹ ਪਾਕਿਸਤਾਨ ਦਾ ਮਸ਼ਹੂਰ ਪੰਜਾਬੀ ਸ਼ਾਇਰ ਮੁਸ਼ਤਾਕ ਬੱਟ ਸੀ।

ਮੈਂ ਉਸ ਨਾਲ ਹੱਥ ਮਿਲਾਉਂਦਿਆਂ ਕਿਹਾ, "ਬੱਟ ਸਾਹਿਬ ਤੁਹਾਡੇ ਨਾਲ ਇੱਕ ਜ਼ਰੂਰੀ ਗੱਲ ਕਰਨੀ ਹੈ।"

"ਜ਼ਰੂਰ, ਜ਼ਰੂਰ" ਉਸ ਨੇ ਮੁਸਕਰਾਉਂਦਿਆਂ ਕਿਹਾ।

ਅਸੀਂ ਦੋਵੇਂ ਇੱਕ ਪਾਸੇ ਜਿਹੇ ਹੋ ਗਏ।

"ਤੁਸੀਂ ਕਦੇ ਫ਼ੌਜ ਵਿਚ ਰਹੇ ਹੋ ?"

"ਜੀ ਹਾਂ.........ਪਰ ਫ਼ੇਰ.........।"

"ਉੱਨੀ ਸੌ ਇਕੱਤਰ ਦੀ ਲੜਾਈ ਸਮੇਂ ਕਾਰਗਲ ਸੈਕਟਰ ਵਿਚ ?

"ਜੀ ਹਾਂ", ਉਹ ਹੈਰਾਨ ਹੋ ਰਿਹਾ ਸੀ।

"ਤੁਸੀਂ ਸਾਈਚਿਨ ਗਲੇਸ਼ੀਅਰ ਦੇ ਉਸ ਪਾਰ ਸੀ ?"

"ਕਮਾਲ ਹੈ ............ਕਮਾਲ!"

"ਫ਼ਿਰ ਤੁਸੀਂ ਆਪਣੀ ਖੰਦਕ ਵਿਚੋਂ ਬਾਹਰ ਨਿਕਲ ਕੇ ਕਸਰਤ ਕਰਨ ਲੱਗ ਪਏ ਸੀ ?"

"ਠੀਕ, ਬਿਲਕੁੱਲ ਠੀਕ! ਪਰ ਤੁਸੀਂ ........?"

ਉਸ ਦੀ ਹੈਰਾਨੀ ਪਰੇਸ਼ਾਨੀ ਵਿਚ ਬਦਲਦੀ ਜਾ ਰਹੀ ਸੀ।

"ਤੁਹਾਡੇ ਗਲੇ ਵਿਚ ਇਹ ਕੌਡੀਆਂ ਵਾਲੇ ਸੱਪ ਵਰਗਾ ਮਫ਼ਲਰ ਸੀ ?"

"ਤੁਸੀਂ ਠੀਕ ਕਹਿ ਰਹੇ ਹੋ। ਪਰ ਇਹ ਸਭ ਕੁੱਛ ਤੁਸੀਂ ਕਿਸ ਤਰ੍ਹਾਂ ਜਾਣਦੇ ਹੋ ?" ਉਹ ਮੇਰੇ ਸਾਹਮਣੇ ਇੱਕ ਸਵਾਲੀਆ ਚਿੰਨ੍ਹ ਬਣਿਆ ਖੜ੍ਹਾ ਸੀ।

"ਬੱਟ ਸਾਹਿਬ, ਮੈਂ ਉਸ ਵਕਤ ਤੁਹਾਡੇ ਸਾਹਮਣੇ ਸਾਂ। ਕੋਈ ਡੇਢ ਸੌ ਗਜ਼ ਦੇ ਫ਼ਾਸਲੇ ਉੱਤੇ। ਮੇਰਾ ਸਿਪਾਹੀ ਸ਼ਿਸਤ ਬੰਨ੍ਹ ਕੇ ਮੇਰੇ ਇਸ਼ਾਰੇ ਦੀ ਉਡੀਕ ਕਰ ਰਿਹਾ ਸੀ। ਲੇਕਿਨ ਮੇਰੇ ਕੋਲੋਂ ਗੋਲੀ ਚਲਾਉਣ ਦਾ ਹੁਕਮ ਨਾ ਦਿੱਤਾ ਗਿਆ। ਉਸ ਸਰਦੀ ਵਿਚ ਸਿਰਫ਼ ਇੱਕ ਪਲ ਪਹਿਲਾਂ ਮੈਂ ਵੀ ਬੰਕਰ ਵਿਚੋਂ ਨਿਕਲ ਕੇ ਆਪਣੇ ਜੰਮੇ ਹੋਏ ਖ਼ੂਨ ਨੂੰ ਅਤੇ ਠਰੇ ਹੋਏ ਅੰਗਾਂ ਨੂੰ ਨਿੱਘਿਆਂ ਕਰਨ ਦੀ ਸੋਚ ਰਿਹਾ ਸਾਂ।"

"ਉਸ ਦੀਆਂ ਅੱਖਾਂ ਵਿਚ ਨਮੀ ਆ ਗਈ। ਉਹਨੇ ਮੇਰੇ ਦੋਵੇਂ ਹੱਥ ਫ਼ੜ ਲਏ, ਮੱਥੇ ਨਾਲ ਲਾਏ। ਹੋਠਾਂ ਨਾਲ ਛੁਹਾਏ ਅਤੇ ਕਿਹਾ, "ਪੰਜਾਬੀ ਦੇ ਇਸ ਨਿਮਾਣੇ ਜਿਹੇ ਸ਼ਾਇਰ ਨੂੰ ਅੱਲਾ ਨੇ ਕੁਝ ਵਧੇਰੇ ਉਮਰ ਬਖ਼ਸ਼ੀ ਹੋਈ ਸੀ!"

ਮੈਂ ਉਸਦੇ ਹੱਥਾਂ ਨੂੰ ਅੱਖਾਂ ਨਾਲ ਲਾਇਆ। ਸੀਨੇ ਨਾਲ ਘੁੱਟਿਆ।

ਇਹ ਮੇਰੇ ਆਪਣੇ ਦੁਸ਼ਮਣ ਨਾਲ ਦੂਜੀ ਮੁਲਾਕਾਤ ਸੀ।

☆


Sri Satguru Jagjit Singh Ji eLibrary NamdhariElibrary@gmail.com

# ਪੰਜਾਹ ਵਰ੍ਹੇ ਮਗਰੋਂ ਮਿਲਿਆ ਮਾਲ

*ਅਕਮਲ ਸ਼ਹਿਜ਼ਾਦ ਘੁੰਮਣ (ਪਾਕਿਸਤਾਨ)*

ਉਹ ਰਾਤ ਨੂੰ ਕੁਝ ਚਿਰਕਾ ਪਿੰਡ 'ਤਰੱਗੇ' ਵਿਚ ਵੜਿਆ ਤੇ ਉਹਨੇ ਕਿਸੇ ਕੋਲੋਂ ਗ਼ਨੀ ਬੋਤੇ ਦਾ ਪੁੱਛਿਆ। ਪਤਾ ਲੱਗਾ ਉਹ ਤੇ ਮਰ ਗਿਆ ਏ। ਫੇਰ ਉਹ ਪੁੱਛ-ਪੁੱਛਾ ਕੇ ਸ਼ਫੀ ਗਾਡੀ ਦੇ ਘਰ ਜਾ ਅੱਪੜਿਆ। ਉਹਨੇ ਬੂਹਾ ਖੜਕਾਇਆ ਤੇ ਅੰਦਰੋਂ ਇੱਕ ਵਡੇਰੀ ਜਿਹੀ ਭਾਰੀ 'ਵਾਜ਼ ਆਈ।

'ਕੇਹੜਾ ਜੀ ਏ ? ਅੰਦਰ ਈ ਲੰਘ ਆਓ ! ਬੂਹਾ ਖੁੱਲ੍ਹਾ ਈ ਏ।'

ਅੰਦਰ ਵੜਿਆ ਤੇ ਉਹਨੇ ਵੇਖਿਆ ਵਿਹੜੇ ਵਿੱਚ ਮੰਜੀ 'ਤੇ ਬੈਠਾ ਇੱਕ ਬਾਬਾ ਹੁੱਕਾ ਛਕਦਾ ਪਿਆ ਏ। ਦੂਰ ਪਰ੍ਹਾਂ ਰੌਤਰੇ 'ਤੇ ਚੁੱਲ੍ਹੇ ਕੋਲ ਇੱਕ ਮਾਈ ਤੇ ਦੁਆਲੇ ਦੋ-ਤਿੰਨ ਸੁਆਣੀਆਂ ਤੇ ਦੋ ਜਣੇ ਰੋਟੀ ਪਏ ਖਾਂਦੇ ਨੇ। ਉਹਨੇ ਸਲਾਮ ਕੀਤਾ ਤੇ ਬੁੱਢੇ ਨਾਲ ਹੱਥ ਮਿਲਾ ਕੇ ਉਹਦੀ ਪਵਾਂਧੀ ਬਹਿ ਗਿਆ। ਬਾਬੇ ਸ਼ਫ਼ੀ ਪੁੱਛਿਆ, 'ਪੁੱਤਰਾ ਮੈਂ ਤੈਨੂੰ ਸਿੰਵਾਣਿਆ ਨਹੀਂ।'

'ਚਾਚਾ ! ਮੈਂ ਹਿੰਦੋਸਤਾਨੋਂ ਆਇਆ ਵਾਂ, ਵਧਾਵਾ ਸਿੰਘ ਦਾ ਪੁੱਤਰ ਹਰਨਾਮ ਸਿੰਘ........।'

ਪਹਿਲਾਂ ਤਾਂ ਇਕ ਵਾਰ ਬਾਬੇ ਦੇ ਤੌਰ ਈ ਭੌਂ ਗਏ। ਫੇਰ ਉਹਨੀਂ ਪੈਰੀਂ ਉੱਠ ਖਲੋਤਾ, 'ਓਏ ! ਚਾਚੇ ਨੂੰ ਖਾਣਿਆ ! ਤੂੰ ਆਉਂਦਿਆਂ ਸਾਰ ਦੱਸਿਆ ਕਿਉਂ ਨਹੀਂ ? ਉਤਾਂਹ ਉੱਠ, ਉਏ ! ਮੇਰੇ ਕਲੇਜੇ ਠੰਢ ਪਾ, ਮੇਰੇ ਭਰਾ ਦਿਆ ਪੁੱਤਰਾ, ਮੇਰਿਆ ਭਤ੍ਰੀਜਿਆ।' ਦੋਹਾਂ ਜੱਫ਼ੀ ਪਾ ਲਈ। 'ਨੀ ਸ਼ਰੀਫ਼ਾਂ ! ਵੇਖ ਮੇਰਾ ਪੁੱਤਰ ਹਿੰਦੋਸਤਾਨੋਂ, ਭਰਾ ਵਧਾਵੇ ਤੇ ਭੈਣ ਪਿਆਰੋ ਦਾ ਪੁੱਤਰ ਈ,' ਬਾਬੇ ਤਾਂ ਡੰਡ ਈ ਪਾ ਦਿੱਤੀ ਸੀ।

ਮਾਈ ਦੌੜਦੀ ਆਈ ਤੇ ਉਹਦਾ ਲੀੜਾ ਉੱਡ ਕੇ ਪਿਛਾਂਹ ਨੂੰ ਲਮਕ ਗਿਆ। ਉਹਨੇ ਹਰਨਾਮ ਨੂੰ ਪਿਆਰ ਦਿੱਤਾ, ਮੱਥਾ ਚੁੰਮਿਆਂ। 'ਵੇ ਪੁੱਤਰਾ ! ਕਿਵੇ ਰਾਹ ਭੁੱਲ ਗਿਆ ਏਂ !' ਪਿਆਰੋ ਵੀ ਹੁਣ, 'ਏਧਰ ਆਓ ਵੇ, ਤੁਹਾਡਾ ਭਰਾ ਆਇਆ ਜੇ !' ਆਪਣੇ ਪੁੱਤਰਾਂ ਨੂੰ ਬਲਾਉਂਦੀ ਮਾਈ ਤਾਂ ਬਾਬੇ ਤੋਂ ਵੀ ਵੱਧ ਜਜ਼ਬਾਤੀ ਹੋਈ ਜਾਪਦੀ ਸੀ। ਸ਼ਰੀਫ਼ਾਂ ਦੇ ਦੋਵੇਂ ਮੁੰਡਿਆਂ ਆ ਕੇ ਹਰਨਾਮ ਨਾਲ ਘੁਟ-ਘੁਟ ਜੱਫ਼ੀਆਂ ਪਾਈਆਂ। ਦੋਹਾਂ ਹਰਨਾਮ ਕੋਲੋਂ ਸੁੱਖ-ਸਾਂਦ ਪੁੱਛੀ ਤੇ ਸ਼ਰੀਫ਼ਾਂ ਢਾਰੇ 'ਚੋਂ ਮੰਜੀਆਂ ਲਿਆ ਵਿਹੜੇ ਵਿੱਚ ਡਾਹਣ ਲੱਗੀ।

'ਉੱਠ ਸ਼ਰੀਫ਼ਾਂ ! ਹਰਨਾਮੇ ਲਈ ਨੁਆਰੀ ਮੰਜੀ ਲਿਆ,' ਬਾਬਾ ਬੋਲਿਆ।

ਨੁਆਰੀ ਮੰਜੀ ਡਾਹ ਕਰ ਸ਼ਰੀਫਾਂ ਨੇ ਡੋਰੀਏ ਵਾਲਾ ਖੇਸ ਪਾਇਆ। ਸਰਹਾਂਦੀ ਰੇਸ਼ਮੀ ਗਦੈਲਾ ਪੇਟੀ 'ਚੋਂ ਕੱਢ ਕੇ ਧਰਿਆ।

'ਬੇਬੇ, ਤੁਸੀਂ ਐਵੇਂ ਖੇਚਲ ਕਰਦੇ ਓ। ਮੈਂ ਏਥੇ ਚਾਚੇ ਕੋਲ ਜੁ ਬੈਠਾ', ਹਰਨਾਮ ਕੂਇਆ।

'ਵੀਰਾ ਖੇਚਲ ਕਾਹਦੀ ਏ, ਤੇਰੇ ਤੋਂ ਸਕਾ ਸਾਡਾ ਕਿਹੜਾ ਪਰਾਹੁਣਾ ਏਂ ?' ਬਾਬੇ ਦੇ ਦੋਵੇਂ ਮੁੰਡੇ ਬੜੇ ਚਾਅ ਨ਼ਾਲ ਬੋਲੇ। ਹਰਨਾਮ ਮੰਜੀ 'ਤੇ ਬੈਠਾਂ ਤੇ ਸ਼ਰੀਫਾਂ ਆਖਿਆ, 'ਚੰਨਾ ! ਪੈਰ ਉੱਤੇ ਧਰ ਕੇ ਬਹੁ, ਤੂੰ ਥੱਕਿਆ-ਟੁੱਟਿਆ ਆਇਆ ਏਂ।'

ਬਾਬੇ ਸ਼ਫੀ ਇੱਕ ਖੰਘੂਰਾ ਮਾਰ ਕੇ ਪੁੱਛਿਆ, 'ਹੁਣ ਦੱਸ ਖਾਂ ਮੇਰੇ ਭਰਾ ਤੇ ਭਾਬੀ ਦਾ ਕੀ ਹਾਲ ਏ ?'

'ਖੈਰੀਂ ਮੇਹਰੀਂ ਨੇ, ਬੱਸ ਹੁਣ ਉਮਰ ਦੇ ਕਰਕੇ ਕੁਝ ਲਿੱਸੇ ਹੋ ਗਏ ਨੇ। ਬਾਪੂ ਦੀ ਆਪਣੀ ਮਰਜ਼ੀ ਸੀ ਆਵਣ ਦੀ, ਪਰ ਮਾੜੀ ਨਜ਼ਰ ਪਾਰੋਂ ਨਹੀਂ ਆਇਆ।'

ਬਾਬੇ ਪੁੱਛਿਆ, 'ਹੋਰ ਦੱਸ ਸੁੱਖਾ ਸਿੰਘ, ਕਰਮਾਂ, ਕੇਸਰ ਸਿੰਘ, ਕੇਹਰ ਅਮਲੀ ਆਪਣੇ ਛਵ੍ਹਾਟੇ ਵਾਲੇ ਖਾਲਸੇ ਰਾਜ਼ੀ-ਬਾਜ਼ੀ ਤੇ ਨੇ ਨਾ।'

'ਆਹੋ ਚਾਚਾ, ਵੱਡੇ ਜੀਅ ਤੇ ਐਵੇਂ ਚਾਂਵੇਂ-ਟਾਂਵੇਂ ਰਹਿ ਗਏ ਨੇ। ਪਰ ਅਗਲੇ ਸਾਰੇ ਠੀਕ ਨੇ। ਵਾਹਿਗੁਰੂ ਦੀ ਬੜੀ ਕਿਰਪਾ ਏ। ਤੁਸੀਂ ਆਪਣੀ ਸੁਣਾਓ,' ਹਰਨਾਮ ਨੇ ਗੱਲ ਟੋਰੀ।

'ਜਿਹੜਾ ਵੇਲਾ ਲੰਘਦਾ ਏ ਸ਼ੁਕਰ ਏ ਮੌਲਾ ਦਾ। ਪੰਜਾਹ ਸਾਲ ਲੰਘ ਗਏ ਨੇ ਤਹਾਨੂੰ ਗਿਆਂ।' ਬਾਬਾ ਕਿਸੇ ਸੋਚੀਂ ਪੈ ਗਿਆ। ਫਿਰ ਬੋਲਿਆ, 'ਉਦੋਂ ਕਿਸੇ ਦਾ ਵੀ ਪਿੰਡ ਛੱਡਣ ਨੂੰ ਦਿਲ ਨਹੀਂ ਸੀ ਕਰਦਾ। ਬੱਸ, ਇਕ ਡਰ ਜਿਹਾ ਤੇਰੇ ਵਡਿਕਿਆ ਅੰਦਰ ਵੜਦਾ ਜਾ ਰਿਹਾ ਸੀ। ਅਸਾਂ ਏਹ ਡਰ ਜਿਹਾ ਉਹਨਾਂ ਦੇ ਅੰਦਰੋਂ ਕੱਢਣ ਦਾ ਬਥੇਰਾ ਚਾਰਾ ਕੀਤਾ ਪਰ ਉਹ ਈ ਸੱਚੇ ਸਨ। ਹਰ ਪਾਸੇ ਅੰਨ੍ਹੀ-ਬੋਲੀ ਹਨ੍ਹੇਰੀ ਜੋ ਝੁੱਲੀ ਹੋਈ ਸੀ। ਏਸੇ ਲਈ ਉਹਨਾਂ ਗੁਪਤ ਮਤਾ ਪਕਾਇਆ ਤੇ ਇਕ ਦੜ ਵੱਟੀ ਰਾਤ ਨੂੰ ਸਾਰੇ ਸਰਦਾਰ ਮੋਢਿਆਂ ਤੇ ਨਿਰੀਆਂ ਆਪਣੀ ਜਾਨਾਂ ਈ ਚੁੱਕੀ ..... ਚੁਪੀਤੇ ਏਥੋਂ ਨਿਕਲ ਗਏ।'

'ਪੁੱਤਰ ਹਰਨਾਮਿਆ ! ਪਿੰਡ ਦੇ ਮੁਸਲਮਾਨਾਂ ਨੂੰ ਤੇ ਸਵੇਰੇ ਉੱਠ ਕੇ ਪਤਾ ਲੱਗਾ ਕਿ ਰਾਤੀਂ ਸਰਦਾਰ ਤਰੱਗਾ ਛੱਡ ਗਏ ਨੇ। ਪਰ ਬੁਹਤਿਆਂ ਨੂੰ ਫਿਰ ਵੀ ਯਕੀਨ ਨਹੀਂ ਸੀ। ਸਾਰਾ ਮਾਲ-ਡੰਗਰ, ਖੂਹ-ਬੰਨਾ, ਕੁੱਲੀ-ਜੁੱਲੀ, ਬੂਹਾ-ਛੰਨਾ ਓਸਰਾਂ ਦਾ ਓਸਰਾਂ ਈ ਸੀ, ਜਿਵੇਂ ਪਹਿਲਾਂ ਸੀ। ਸਾਰੇ ਆਖਦੇ ਸਨ, 'ਉਹਨਾਂ ਨੂੰ ਇੰਝ ਈ ਖਾਲੀ ਹੱਥੀਂ ਤੇ ਨਹੀਂ ਸੀ ਜਾਣਾ ਚਾਹੀਦਾ। ਉਹ ਆਪਣਾ ਸਭ ਕੁਝ ਲੈ ਕੇ ਤੇ ਮਿਲ ਮਿਲਾ ਕੇ ਜਾਂਦੇ।...... ਆਖਰ ਇੱਕੋ ਈ ਰੱਤ ਏ ਸਾਡੀ, ਇਕੋ ਈ ਗੋਤ....... ਇੱਕੋ ਈ ਪਿਉ ਦਾਦਾ ........ ਵੱਖਰਾ ਤੇ ਸਿਰਫ ਧਰਮ ਈ ਸੀ, ....... ਫੇਰ ਧਰਮ ਵੀ ਰੱਤ ਦੀ ਸਾਂਝ ਤੇ ਨਹੀਂ ਮੁਕਾਂਦਾ।'

ਬਾਬਾ ਸ਼ਫੀ ਕਿੰਨੇ ਚਿਰ ਤੀਕ ਚੁੱਪ ਰਹਿਆ ਤੇ ਫੇਰ ਆਖਣ ਲੱਗਾ, 'ਹਰਨਾਮ ਸਿਆਂ ! ਸਾਡੀ ਤੇ ਹੁਣ ਆਸ ਉਮੀਦ ਮੁੱਕ ਗਈ ਸੀ, ਪਈ ਕਦੀ ਹਯਾਤੀ ਵਿੱਚ ਤੁਹਾਡੇ 'ਚੋਂ ਕੋਈ ਮਿਲੇਗਾ ਵੀ, ਕਿ ਅੱਜ ਤੂੰ ਆ ਗਿਆ।

ਬਾਬੇ ਕੋਲੋਂ ਏਦੂੰ ਅੱਗੇ ਕੋਈ ਗੱਲ਼ ਨਾ ਹੋ ਸਕੀ। ਤੇ ਉਹ ਆਪਣੀ ਪੱਗ ਦੇ ਪੱਲੇ ਨਾਲ ਆਪਣੀਆਂ ਅੱਖਾਂ ਪੂੰਝਣ ਲੱਗ ਪਿਆ। ਹਰਨਾਮ ਸਿੰਘ ਵੀ ਉਦਾਸ ਜਿਹਾ ਹੋ ਗਿਆ।

ਏਨੇ ਚਿਰ ਨੂੰ ਬੇਬੇ ਸ਼ਰੀਫਾਂ ਨੇ ਹਰਨਾਮ ਅੱਗੇ ਰੋਟੀ ਲਿਆ ਰੱਖੀ। ਅੰਨ-ਪਾਣੀ ਖਾਧਾ ਤੇ ਫੇਰ ਇੱਕ ਵਾਰ ਸਾਰੇ ਗੱਲਾਂ ਨੂੰ ਜੁੱਟ ਪਏ। ਏਧਰ ਆਉਣ ਦਾ ਕਾਰਨ ਹਰਨਾਮ ਨੇ ਏਹ ਦੱਸਿਆ 'ਜ਼ਮੀਨ ਦਾ ਕੋਈ ਰੌਲਾ ਸੀ, ਪੰਜਾਹਵਾਂ ਸਾਲ ਏ ਕੇਸ ਚਲਦਿਆਂ, ਪੁਰਾਣੇ ਕਾਗਤਾਂ ਦੀ। ਮੈਂ ਸੋਚਿਆ ਚਲੋ ਪਿਉ ਦਾਦੇ ਦੀ ਜੂਹ ਵੇਖ ਆਉਨੇ ਆਂ ਨਾਲੇ ਕਾਗਤ ਬਣਵਾ ਲਿਆਂਗਾ। ਸ਼ਫੀ ਪੁੱਛਿਆ, 'ਸਾਨੂੰ ਤੇ ਤੁਹਾਡਾ ਕੋਈ ਥਹੁ ਪਤਾ ਈ ਨਹੀਂ। ਤੁਸਾਂ ਕਦੀ ਖ਼ਤ ਪੱਤਰ ਈ ਨਾ ਲਿਖਿਆ ਤੇ ਨਾ ਕੋਈ ਪਿਛਾਂਹ ਪਰਤਿਆ। ਅੱਜ ਤੂੰ ਆਇਆ ਏਂ।'



Sri Satguru Jagjit Singh Ji eLibrary NamdhariElibrary@gmail.com

ਏਧਰ ਆਵਣ ਕੌਣ ਦੇਂਦਾ ਏ ਚਾਚਾ! ਜਿਵੇਂ ਮੈਨੂੰ ਵੀਜ਼ਾ ਮਿਲਿਐ ਉਹ ਮੈਂ ਈ ਜਾਣਦਾਂ। ਹੋਰ, ਦਿਲ ਤੇ ਸਾਰਿਆਂ ਦਾ ਈ ਬੇ-ਬਹਾ ਕਰਦਾ ਏ, ਕਿ ਆਪਣੇ ਪਿੰਡ ਦੇ ਦਰਸ਼ਨ ਕਰੀਏ' ਹਰਨਾਮ ਬੋਲਿਆ।

ਸਵੇਰੇ ਬਾਬੇ ਸ਼ਫੀ ਦੇ ਘਰ ਸ਼ਾਹ ਵੇਲੇ ਲੋਕਾਂ ਦੀ ਤਰਾਹ ਟੁੱਟੀ ਸੀ। ਬੁੱਢੜੇ, ਮਾਈਆਂ, ਬਾਲ ਇੰਞਾਣੇ ਸਿਆਣੇ ਸਾਰੇ ਲੋਕ ਹਰਨਾਮ ਨੂੰ ਮਿਲਣ ਤੇ ਵੇਖਣ ਆਏ ਸਨ। ਪੂਰੇ ਪਿੰਡ ਵਿੱਚ ਦੁਹਾਈ ਪਈ ਹੋਈ ਸੀ ਕਿ ਸਾਡੇ ਪਿੰਡ ਸਿੱਖਾਂ ਦਾ ਜਾਤਕ ਆਇਆ ਏ। ਹਰਨਾਮ ਨੇ ਲੋਕਾਂ ਦਾ ਮੋਹ ਵੇਖਿਆ ਤੇ ਦਿਲ ਵਿਚ ਸੋਚਿਆ—ਰਹਿਣਾ ਤੇ ਅੱਠ ਦਸ ਦਿਹਾੜੇ ਸੀ ਪਰ ਹੁਣ ਵੀਜ਼ਾ ਮੁਕਾ ਕੇ ਈ ਜਾਵਾਂ ਪਿਛਲੇ ਭਾਵੇਂ ਪਏ ਰੋਣ।

ਹਰਨਾਮ ਦੀ ਸਾਰੇ ਪਿੰਡ ਵਾਰੋ-ਵਾਰੀ ਰੋਟੀ ਪਕਾਈ। ਸਾਰਿਆਂ ਉਹਨੂੰ ਆਪਣੇ-ਆਪਣੇ ਖੂਹ ਤੇ ਡੇਰੇ ਵਿਖਾਏ। ਪਾਰ ਵਾਲੀ ਰੋਹੀ ਰੋਸ਼ਨੀ ਆਲਾ ਡੇਰਾ, ਸਿੱਖਾਂ ਵਾਲਾ ਖੂਹ, ਸਿਆਣਾ ਖੂਹ, ਬਿੱਲਿਆਂ ਵਾਲਾ ਖੂਹ, ਡੁਵਾਟਾ ਖੂਹ, ਨਵਾਂ ਖੂਹ। ਉਹਨੇ ਵੀ ਖੁੱਲ੍ਹ ਕੇ ਗੱਲਾਂ ਕੀਤੀਆਂ, ਦੁੱਖ-ਸੁੱਖ ਫੋਲ।

ਆਪਣੇ ਵਡੇਰਿਆਂ ਵੱਲੋਂ ਉਹਨਾਂ ਦੇ ਪੁਰਾਣੇ ਬੇਲੀਆਂ ਦੀ ਖੈਰ-ਸੁੱਖ ਪੁੱਛੀ ਤੇ ਸੁਨੇਹੇ ਅਪੜਾਏ।

ਪਿੰਡ ਦੇ ਜੁਆਨ ਮੁੰਡੇ ਹਰਨਾਮ ਸਿੰਘ ਨੂੰ ਚੰਬੜੇ ਰਹਿੰਦੇ। ਉਹਨਾਂ ਨੂੰ ਤੇ ਕੁਝ ਚੋਖੇ ਈ ਚਾਅ-ਮਲ ਚੜ੍ਹੇ ਹੋਏ ਸਨ। ਇਕ ਦਿਨ ਬਾਬੇ ਸ਼ਫੀ ਦੇ ਪੁੱਤਰ ਨਾਲ ਆਏ ਦੋ ਗੱਭਰੂ ਹਰਨਾਮ ਨੂੰ ਮਿਲੇ। ਪਹਿਲੋਂ ਤੇ ਉਹ ਝੱਕਦੇ ਈ ਰਹੇ ਪਰ ਫੇਰ ਉਹਨਾਂ ਆਪਣੇ ਮਨ ਦੀ ਗੱਲ ਖੋਲ੍ਹ ਸੁਣਾਈ। ਆਖਣ ਲੱਗੇ, 'ਵੀਰਾ ! ਗੁੱਸਾ ਨਾ ਕਰੀਂ, ਸਾਥੋਂ ਇਕ ਮੰਦਾ ਕੰਮ ਹੋ ਗਿਆ ਸੀ।' ਫੇਰ ਉਹਨਾਂ ਦੱਸਿਆ, 'ਪਈ ਜਿੰਨਾਂ ਦਿਨਾਂ ਵਿੱਚ ਉਧਰ ਬਾਬਰੀ ਮਸੀਤ ਢਾਹੀ ਗਈ ਸੀ, ਉਦੋਂ ਏਧਰ ਪਿੰਡਾਂ ਦੀ ਮੁੰਡੀਰ ਲੱਭ-ਲੱਭ ਕੇ ਮੰਦਰ ਢਾਹ ਰਹੀ ਸੀ। ਸਾਡੇ ਅੰਦਰ ਵੀ ਭਾਂਬੜ ਬਲਦੇ ਸਨ। ਪਰ ਸਾਨੂੰ ਨੇੜਿਓਂ ਕਿਤੇ ਕੋਈ ਅੰਦਰ ਈ ਨਾ ਲੱਭਾ। ਇਕ ਡੰਗ ਜਦ ਵੱਡੇ ਵਡੇਰੇ ਖੂਹਾਂ ਵੱਲ ਗਏ ਹੋਏ ਸਨ। ਅਸਾਂ ਪਿੰਡ ਦੇ ਮੁੰਡਿਆਂ ਨੂੰ ਨਾਲ ਰਲਾਇਆ ਤੇ ਕਹੀਆਂ, ਗੈਂਤੀਆਂ ਕੱਸ ਕੇ ਏਥੇ ਦੇ ਉੱਜੜੇ ਪਏ ਗੁਰਦੁਆਰੇ 'ਤੇ ਜਾ ਕੇ ਚੜ੍ਹਾਈ ਕੀਤੀ ਪਰ ਏਹ ਸੂਹ ਮਿਲਣ ਉੱਤੇ ਸਾਡੇ ਚਾਚੇ-ਤਾਏ ਤੁਰਤ ਪਿੰਡ ਆ ਪਹੁੰਚੇ ਤੇ ਲੱਗ ਪਏ ਵੱਡੇ-ਵੱਡੇ ਫੱਕੜ ਤੋਲਣ—ਅਖੇ ਏਹ ਤਾਂ ਸਾਡੇ ਸਰਦਾਰ ਭਰਾਵਾਂ ਦੀ ਬਡੀ ਕੱਲਮ-ਕੱਲੀ ਨਿਸ਼ਾਨੀ ਏ। ਖਾਨਿਓਂ ਡਿੱਗਿਓ ! ਤੁਸੀਂ ਏਹਨੂੰ ਈ ਮੁਕਾ ਦੇਣ ਲੱਗੇ ਓ।'

'ਮੁੜ ਉਹਨਾਂ ਓਦੋਂ ਈ ਸਾਡੀ ਜਾਨ ਛੱਡੀ ਜਦੋਂ ਅਸੀਂ ਗੁਰਦੁਆਰੇ ਤੋਂ ਪੁੱਟੀ ਇੱਕ ਇੱਕ ਇੱਟ ਅਸਲ ਥਾਂ ਤੇ ਨਾ ਲਾ ਦਿੱਤੀ।' ਪੱਛੀ ਹੋਈ ਗਭਰੂਆਂ ਨੀਵੀਆਂ ਅੱਖਾਂ ਨਾਲ ਗੱਲ ਮੁਕਾਈ। ਏਹ ਕਥਾ ਸੁਣ ਕੇ ਹਰਨਾਮ ਸਿੰਘ ਦਾ ਮੂੰਹ ਤਾਂ ਖੁੱਲ੍ਹੇ ਦਾ ਖੁੱਲ੍ਹਾ ਈ ਰਹਿ ਗਿਆ।

ਜਿਹੜਾ ਮਹੀਨਾ ਖੰਡ ਉਹ ਪਿੰਡ ਤਰੱਗੇ ਵਿੱਚ ਰਿਹਾ ਸੀ ਉਥੇ ਇੰਞ ਸੀ ਜਿਵੇਂ ਮੇਲਾ ਲੱਗਾ ਹੋਣਦਾ ਏ। ਸਵੇਰੇ ਸ਼ਾਮੀ, ਦਿਨੇ-ਰਾਤੀਂ ਘਰਾਂ ਵਿਚ ਖੂਹਾਂ 'ਤੇ ਨਿਰੀਆਂ ਉਹਦੀਆਂ ਗੱਲਾਂ ਸਨ—'ਬੜਾ ਬੀਬਾ ਮੁੰਡਾ ਏ ਵਈ, ਚੰਗਾ ਤਕੜਾ ਜਣਾ ਏ। ਏਹਦਾ ਪਿਉ ਵੀ ਬੜੀ ਲੱਕੜ ਚੁੱਕਦਾ ਸੀ ਤੇ ਏਹ ਵੀ। ਏਹਦੀ ਤੇ ਬੋਲੀ ਵਿੱਚ ਈ ਉਕਾ ਫਰਕ ਨਹੀਂ। ਸਾਡੀ ਵਾਂਗ ਈ ਬੋਲਦਾ ਏ.....

'..... ਦਾਹੜੀ ਕੇਸ ਵੀ ਲੰਮੇ ਨਹੀਂ ਸੁ ਵਧਾਏ। ਬਗੈਰ ਪੱਗ ਦੇ ਤਾਂ ਅਸਲੋਂ ਮੁਸਲਮਾਨ ਮੁੰਡਿਆਂ ਜਹਿਆ ਈ ਜਾਪਦਾ ਏ।' ਹਰਨਾਮ ਜਿੰਨੇ ਦਿਨ ਰਹਿਆ ਨਿਰੀ ਇਕ ਗੱਲ ਹੀ ਸੋਚਦਾ ਰਹਿਆ, 'ਸਭ ਕੁਝ ਏਥੇ ਉੱਞ ਦਾ ਈ ਏ ਜਿਵੇਂ ਦਾ ਓਥੇ ਏ! ਉਖੜੀਆਂ ਸੜਕਾਂ, ਟੁੱਟੇ-ਭੱਜੇ ਰਾਹ, ਖੂਹ ਡੇਰੇ, ਕੁੜਾਂ-ਕੋਠੇ, ਮੱਝਾਂ-ਗਾਵਾਂ, ਪਹਿਰਾਵਾ, ਪੈਲੀਆਂ, ਰਸਮਾਂ ਗੀਤਾਂ, ਸ਼ਕਲਾਂ, ਚਿਹਰੇ-ਮੋਹਰੇ, ਬੋਲੀ-ਠੋਲੀ ਸਭੋ ਕੁਝ ਇਕੋ ਜਿਹਿਆ। ਵਖਰੇਵਾਂ ਨਿਰਾ ਧਰਮ ਦਾ ਈ ਏ ਤੇ ਬਾਬੇ ਸ਼ਫੀ ਮੁਜਬ ਧਰਮ ਵੀ ਤਾਂ ਰੱਤ ਦੀ ਸਾਂਝ ਨਹੀਂ ਮੁਕਾਂਦਾ?'

ਪਿੰਡ ਵਾਲਿਆਂ ਰਲ-ਮਿਲ ਕੇ ਹਰਨਾਮ ਨੂੰ ਜ਼ਮੀਨ ਦੇ ਕਾਗਜ਼ ਬਣਵਾ ਦਿੱਤੇ ਸਨ ਤੇ ਉਹਦਾ ਇਕ ਟਕਾ ਵੀ ਨਹੀਂ ਸੀ ਲੱਗਣ ਦਿੱਤਾ। ਅਖੀਰਲੀ ਰਾਤੀਂ ਉਹ ਸੌਂ ਕੇ ਉਠਿਆ ਤੇ ਮਾਈ ਸ਼ਰੀਫਾਂ ਆਖਣ ਲੱਗੀ, 'ਪੁੱਤਰ ਹਰਨਾਮ! ਏਹ ਮਾਈ ਨਾਗਰੀ, ਬੇਬੇ ਮੰਦੂਾਂ, ਮਾਂ ਚੀਮੀ, ਦਾਰੀ ਜੱਟੀ ਤੇ ਸੂਦਾਂ ਚੱਠੀ ਕੱਪੜਿਆਂ ਦਾ ਇੱਕ-ਇੱਕ ਜੋੜਾ ਤੇ ਹੋਰ ਖਾਣ ਪੀਣ ਦੀ ਸ਼ੈਵਾਂ ਦੇ ਗਈਆਂ ਨੇ ਤੇ ਏਹ ਮੇਰੇ ਵੱਲੋਂ ਬੋਸਕੀ ਦਾ ਇੱਕ ਜੋੜਾ ਏ।' 'ਬੇਬੇ, ਕੱਪੜੇ ਤੇ ਚਲੋ ਮੈਂ ਲੈ ਲਵਾਂਗਾ, ਪਰ ਏਹ ਦੂਜੀਆਂ ਸ਼ੈਵਾਂ ਓਧਰ ਵੀ ਬਥੇਰੀਆਂ ਨੇ। ਇਹਨਾਂ ਦਾ ਐਵੇਂ ਭਾਰ ਚੁੱਕਣਾ ਏ।' ਹਰਨਾਮ ਨੇ ਆਖਿਆ।

ਮਾਂ ਆਖਣ ਲੱਗੀ, 'ਚੱਲ ਵੇ, ਰੱਖ ਲੈ.... ਹੇਜ ਨਾਲ ਦੇ ਗਈਆਂ ਨੇ।'

'ਨਹੀਂ ਅੰਮਾਂ ! ਕਸਟਮ ਵਾਲੇ ਤੰਗ ਪਏ ਕਰਨਗੇ। ਉਹਨਾਂ ਵੱਲੋਂ ਇਹ ਚੀਜ਼ਾਂ ਪੁੱਜ ਗਈਆਂ', ਹਰਨਾਮ ਨੇ ਮਿੱਠੇ ਜਿਹੇ ਤਰਲੇ ਨਾਲ ਕਹਿਆ। ਪਰ, ਬੇਬੇ ਸ਼ਰੀਫਾਂ ਨੇ ਉਹਦੇ ਰੋਕਦੇ-ਰੋਕਦੇ ਵੀ ਉਹ ਸਾਰੀਆਂ ਸ਼ੈਵਾਂ ਦੀ ਗੰਢ ਬੰਨ੍ਹ ਕੇ ਉਹਦੇ ਹਵਾਲੇ ਕਰ ਦਿੱਤੀ। ਸ਼ਾਹ ਵੇਲੇ ਜਦੋਂ ਉਹ ਵਿਦਿਆ ਹੋਣ ਲੱਗਾ ਤੇ ਕੰਧਾਂ ਕੋਠੇ ਕਾਲੇ ਹੋਏ ਸਨ। ਕੁੜੀਆਂ-ਚਿੜੀਆਂ ਕੋਠਿਆਂ ਤੇ ਚੜ੍ਹੀਆਂ ਸਨ, ਇੰਞਾਣੇ ਮੁੰਡੇ-ਖੁੰਡੇ, ਅੱਧਖੜ ਬੰਦੇ, ਮਾਈਆਂ ਬੁੱਢੇ ਉਹਦੇ ਨਾਲ-ਨਾਲ ਗਲੀਆਂ ਵਿਚੋਂ ਲੰਘ ਰਹੇ ਸਨ। ਸਾਰੇ ਪਿੰਡ ਦੇ ਲੋਕ ਉਹਨੂੰ ਵਿਦਿਆ ਕਰਨ ਹਰਨਾਮ ਦੇ ਨਾਲ-ਨਾਲ ਪਏ ਟੁਰਦੇ ਸਨ। ਪਿੰਡੋਂ ਨਿਕਲ ਕੇ ਜਦੋਂ ਪਹਿਆ ਸ਼ੁਰੂ ਹੋਣ ਲੱਗਾ ਤੇ ਸਾਰੀਆਂ ਮਾਈਆਂ ਹਰਨਾਮ ਨੂੰ ਪਿਆਰ ਦਿੱਤੇ ਤੇ ਸੁਨੇਹੇ ਘੱਲੇ। ਮੁੰਡਿਆਂ ਤੇ ਜਣਿਆ ਘੁਟ-ਘੁਟ ਜੱਫੀਆਂ ਪਾਈਆਂ ਤੇ ਹਰਨਾਮ ਨੂੰ ਫੇਰ ਆਵਣ ਲਈ ਆਂਹਦੇ ਰਹੇ। ਅਖੀਰ ਤੇ ਵਡੇਰੇ ਸ਼ੁਰੂ ਹੋਏ, ਉਹ ਆਪਣੇ-ਪੁਰਾਣੇ ਸੰਗੀ ਸਾਥੀਆਂ ਨੂੰ ਸੁੱਖ-ਸੁਨੇਹੇ ਘੱਲਦੇ ਰਹੇ।

ਬਾਬਾ ਸ਼ਫੀ ਹਰਨਾਮ ਨੂੰ ਜੱਫੀ ਪਾ ਕੇ ਆਖਣ ਲੱਗਾ, 'ਉਏ! ਲੇਖਾਂ ਵਿੱਚ ਲਿਖਿਆ ਸੀ ਤੇ ਇਹ ਲੀਕ ਵੱਜ ਗਈ। ਲੀਕਾਂ ਪਾਇਆਂ ਵੀ ਜੇ ਮੋਹ ਵੱਧਦਾ ਏ, ਉਦਰੇਵਾਂ ਵੱਧਦਾ ਏ ਤੇ ਫੇਰ ਲੀਕ ਵੀ ਮਾੜੀ ਨਹੀਂ। ਪਰ ਸਾਨੂੰ ਸੁੱਖ-ਸਾਂਦ ਪੁੱਛਣ ਤੇ ਮਿਲਣ-ਗਿਲਣ ਦਾ ਡੱਕਾ, ਵਾਰਾ ਨਹੀਂ ਖਾਂਦਾ।' ਏਨਾਂ ਆਖਦਿਆਂ ਬਾਬੇ ਦੀਆਂ ਚੀਕਾਂ ਨਿਕਲ ਗਈਆਂ। ਹਰਨਾਮ ਵੀ ਰੱਜ ਕੇ ਰੋਇਆ।

ਅਗਾਂਹ ਜਾ ਕੇ ਹਰਨਾਮ ਆਖਰੀ ਵਾਰ ਪਿੰਡ ਤੇ ਝਾਤੀ ਮਾਰੀ ਸਾਰੇ ਲੋਕ ਉੱਞ ਦੇ ਉੱਞ ਆਪਣੇ-ਆਪਣੇ ਥਾਂ ਤੇ ਖਲੋਤੇ ਸਨ। ਹਰਨਾਮ ਨੂੰ ਇੰਞ ਲੱਗਾ ਜਿਵੇਂ '..... ਉਹ ਸਾਰਾ ਮਾਲ ਡੰਗਰ, ਖੂਹ ਬੰਨਾ, ਬੂਹਾ-ਛੰਨਾਂ, ਕੁੱਲੀ-ਜੁੱਲੀ, ਸਾਰੀ ਦੌਲਤ ਤੇ ਸਾਰਾ ਮਾਲ ਜਿਹੜਾ ਉਹਦੇ ਵੱਡ-ਵਡੇਰੇ ਆਪਣੇ ਨਾਲ ਨਹੀਂ ਸਨ ਲੈ ਜਾ ਸਕੇ, ਓਦੂੰ ਦੂਣਾ ਤਰੀਣਾਂ ਮਾਲ ਦੌਲਤ ਪੰਜਾਹ ਵਰ੍ਹੇ ਮਗਰੋਂ ਉਹ ਇਕੱਲਾ ਈ ਲੈ ਚੱਲਿਆ ਏ..... ਮੋਹ ਪਿਆਰ ਤੇ ਨਿਘੀਆਂ ਯਾਦਾਂ ਦਾ ਮਾਲ।'

*—ਸ਼ਾਹਮੁਖੀ ਤੋਂ ਗੁਰਮੁਖੀ ਜਾਮਾ*
*ਰਾਮ ਸਿੰਘ ਢੇਸੀ*



Sri Satguru Jagjit Singh Ji eLibrary NamdhariElibrary@gmail.com

# ਰਾਮਪੁਰਾਫੂਲ ਵਿਚ ਸ਼ਹੀਦੀ ਸਮਾਗਮ

ਜੰਗੇ ਆਜ਼ਾਦੀ ਦੇ ਮੋਢੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਚਲਾਈ ਨਾਮਧਾਰੀ ਲਹਿਰ ਵਿਚ ਨਾਮਧਾਰੀਆਂ ਨੇ ਜੋ ਕੁਰਬਾਨੀਆਂ ਕੀਤੀਆਂ, ਉਹਨਾਂ ਕੁਰਬਾਨੀਆਂ ਨੂੰ ਸਮਰਪਿਤ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਸਾਲ ਵੀ ਰਾਮਪੁਰਾਫੂਲ ਅਤੇ ਇਲਾਕੇ ਦੀ ਸੰਗਤ ਵਲੋਂ ੧੭ਵਾਂ ਸ਼ਹੀਦੀ ਸਮਾਗਮ ਕਰਵਾਇਆ ਗਿਆ। ਸਮਾਗਮ ਰਜਵਾਹੇ ਦੇ ਨਾਲ ਇਕ ਵੱਡੇ ਗਰਾਊਂਡ ਵਿਚ ਲੱਗੇ ਸੁੰਦਰ ਪੰਡਾਲ ਵਿਚ ੨੮ ਜਨਵਰੀ ਸ਼ਾਮ ਦੇ ਦੀਵਾਨ ਤੋਂ ਸ਼ੁਰੂ ਹੋਇਆ। ਜਥੇਦਾਰ ਸੇਵਾ ਸਿੰਘ ਜੀ ਦਿੱਲੀ ਵਾਲਿਆਂ ਨੇ ਸ਼ਹੀਦਾਂ ਬਾਰੇ ਵਿਸਥਾਰ ਨਾਲ ਦੱਸਦੇ ਹੋਏ ਫਰਮਾਇਆ ਕਿ "ਇਹ ਉਹ ਸ਼ਹੀਦ ਸਨ ਜੋ ਆਪਣੇ ਲਈ ਜਾਂ ਪਰਿਵਾਰ ਲਈ, ਜਾਂ ਇਲਾਕੇ ਲਈ ਨਹੀਂ ਸਗੋਂ ਪੂਰੀ ਕੌਮ ਅਤੇ ਪੂਰੇ ਵਤਨ ਵਾਸਤੇ ਸ਼ਹੀਦ ਹੋਏ ਅਤੇ ਆਪ ਨੇ ੪੦ ਮੁਕਤਿਆਂ ਦੀ ਸ਼ਹੀਦੀ ਦੀ ਪ੍ਰਸੰਗ ਸਹਿਤ ਵਿਆਖਿਆ ਕਰਕੇ ਸੰਗਤ ਨੂੰ ਨਿਹਾਲ ਕੀਤਾ।

੨੯ ਸਵੇਰ ਦੀ ਵਾਰ ਤੋਂ ਬਾਦ ਸੂਬਾ ਮੇਲਾ ਸਿੰਘ ਜੀ ਤੇ ਫਿਰ ਕ੍ਰਮਵਾਰ ਕਵੀਸ਼ਰ ਜੀਵਨ ਸਿੰਘ ਜੀ, ਕਵੀਸ਼ਰ ਸਵਿੰਦਰ ਸਿੰਘ ਜੀ ਦੇ ਜਥਿਆਂ ਨੇ ਸ਼ਹੀਦਾਂ ਦੀਆਂ ਵਾਰਾਂ ਸੁਣਾਈਆਂ। ਦਪੁਹਿਰ ਦਾ ਦੀਵਾਨ ਜਥੇਦਾਰ ਇਕਬਾਲ ਸਿੰਘ ਭੈਣੀ ਸਾਹਿਬ ਅਤੇ ਫਿਰ ਜੱਥੇਦਾਰ ਸੇਵਾ ਸਿੰਘ ਜੀ ਨੇ ਲਗਾਇਆ। ਉਹਨਾਂ ਸ਼ਹੀਦ ਵਰਿਆਮ ਸਿੰਘ ਦੀ ਸ਼ਹਾਦਤ ਨੂੰ ਬਹੁਤ ਹੀ ਰੌਚਕ ਢੰਗ ਨਾਲ ਸੁਣਾ ਕੇ ਇੰਨ-ਬਿੰਨ ਪੇਸ਼ ਕਰ ਦਿੱਤਾ। ਫਿਰ ਪਾਵਨ-ਪਵਿੱਤਰ ਹਾਜਰਾ ਹਜ਼ੂਰ ਸ੍ਰੀ ਸਤਿਗੁਰੂ ਜੀ ਨੇ ਪੰਡਾਲ ਵਿਚ ਦਰਸ਼ਨ ਦਿੱਤੇ। ਇਕ ਘੰਟਾ ਨਾਮ ਸਿਮਰਨ ਅਤੇ ਟੇਪ ਉਪਦੇਸ਼ ਉਪਰਾਂਤ ਸਤਿਗੁਰੂ ਜੀ ਨੇ ਸੰਗਤ ਦੇ ਭਲੇ ਲੀ ਉਪਦੇਸ਼ ਦਿੱਤਾ।

ਸਤਿਗੁਰੂ ਜੀ ਬੇ-ਮੁੱਖਾਂ ਬਾਰੇ ਫੁਰਮਾਇਆ ਕਿ "ਵੈਦ ਜੀ ਦਵਾਈ ਦਿੰਦੇ ਹਨ, ਅਸੀਂ ਦਵਾਈ ਖਾਈ ਜਾਈਏ ਪ੍ਰਹੇਜ਼ ਨਾ ਰੱਖੀਏ ਸਾਡਾ ਇਲਾਜ ਨਹੀਂ ਹੁੰਦਾ" ਉਦਾਹਰਣ ਸਾਹਿਤ ਆਪ ਜੀ ਨੇ ਦਸਿਆ ਕਿ "ਕਿਸੇ ਦੀ ਗਊ ਬਿਮਾਰ ਹੋ ਗਈ, ਉਹ ਆਦਮੀ ਵੈਦ ਜੀ ਕੋਲ ਗਿਆ ਵੈਦ ਜੀ ਨੇ ਕਿਹਾ ਕਿ ਇਹ ਦਵਾਈ ਮੱਖਣ ਵਿਚ ਦੇ ਦਿਓ, ਗਊ ਨੂੰ ਦਵਾਈ ਦਿੱਤੀ ਪਰ ਗਊ ਹੋਰ ਬਿਮਾਰ ਹੋ ਗਈ, ਵੈਦ ਜੀ ਨੇ ਪੁਛਿਆ ਕਿ ਦਵਾਈ ਮੱਖਣ ਵਿਚ ਹੀ ਦਿੱਤੀ ਸੀ ਆਦਮੀ ਨੇ ਕਿਹਾ, ਮੈਂ ਸੋਚਿਆ ਮੱਖਣ ਤਾਂ ਗਊ ਦੇ ਅੰਦਰ ਹੀ ਹੈ। ਇਸੇ ਤਰ੍ਹਾਂ ਬੇ-ਮੁਖਾਂ ਦੀ ਹਾਲਤ ਹੁੰਦੀ ਹੈ ਜੋ ਸਤਿਗੁਰੂ ਮੁਤਾਬਿਕ ਨਹੀਂ ਚਲਦੇ।" ਅਤੇ ਸਤਿਗੁਰੂ ਆਖਿਆ ਕਿ "ਵੈਦ ਜੀ ਜਵਾਬ ਦੇ ਕੇ ਨਿਰਨਾ ਕਰਕੇ ਦਵਾਈ ਦਿੰਦੇ ਹਨ ਤੇ ਸਾਨੂੰ ਵੀ ਨਿਰਨੇ ਹੋ ਕੇ ਸਤਿਗੁਰੂ ਜੀ ਮੁਤਾਬਿਕ ਚਲਣਾ ਚਾਹੀਦਾ ਹੈ। ਇਕੋ ਆਸਰੇ ਜ਼ਿੰਦਗੀ ਲਗਾ ਦੇਣੀ ਚਾਹੀਦੀ ਹੈ। ਆਪਣਾ ਆਪ ਗਵਾ ਦੇਣਾ ਚਾਹੀਦਾ ਹੈ"। ਸਤਿਗੁਰੂ ਜੀ ਨੇ ਉਦਾਹਰਣ ਦਿੰਦੇ ਹੋਏ ਫੁਰਮਾਇਆ ਕਿ "ਤੁਹਾਡੇ ਬਿਸਤਰੇ ਗਵਾਚ ਜਾਂਦੇ ਹਨ, ਚਾਬੀਆਂ ਗਵਾਚ ਜਾਂਦੀਆਂ ਹਨ ਪਰ ਤੁਹਾਡਾ ਆਪਣਾ ਆਪ ਨਹੀਂ ਗੁਆਚਦਾ, ਤੇ ਪ੍ਰਭੂ ਗਵਾਉਣ ਨਾਲਹੀ ਮਿਲਦਾ ਹੈ।" ਆਪ ਜੀ ਨੇ ਫੁਰਮਾਇਆ, ਘੜੇ ਵਿਚ ਰੇਤਾ ਹੋਵੇ ਅਸੀਂ ਉਸ ਵਿਚ ਸ਼ੱਕਰ ਪਾ ਦੇਈਏ ਤਾਂ ਠੀਕ ਨਹੀਂ ਹੋਏਗਾ ਘੜਾ ਸਾਫ ਕਰਕੇ ਹੀ ਉਸ ਵਿਚ ਸ਼ੱਕਰ ਪਾਈ ਜਾ ਸਕਦੀ ਹੈ। ਏਹੋ ਹਾਲਤ ਗੁਰਸਿੱਖ ਦੀ ਹੋਣੀ ਚਾਹੀਦੀ ਹੈ।

ਆਪ ਜੀ ਨੇ ਇਕ ਸਿੱਖ ਦੀ ਸਾਖੀ ਸੁਣਾਈ ਕਿ ਜਿਸ ਤਰ੍ਹਾਂ ਇਕ ਸਿੱਖ ਨੇ ਸੰਤ ਜਮੀਤ ਸਿੰਘ ਹੋਰਾਂ ਤੋਂ ਭਜਨ ਪੁੱਛਣ ਲਈ ਸੋਚਿਆ ਅਤੇ ਸੰਤਾਂ ਆਖਿਆ ਤੇਰਾ ਭਾਂਡਾ ਸਾਫ ਨਹੀਂ ਹੈ, ਇਕ ਸਾਲ ਠਹਿਰ ਜਾ। ਫਿਰ ਸਾਲ ਬਾਅਦ ਗਿਆ ਤਾਂ ਫਿਰ ਸੰਤਾਂ ਭਜਨ ਨਾ ਦਿੱਤਾ ਤੇ ਆਖਿਆ ਆਜੇ ਭਾਂਡਾ ਸਾਫ ਨਹੀਂ ਹੈ ਅਤੇ ਫਿਰ ਤਿੰਨ ਸਾਲ ਬਾਅਦ ਭਜਨ ਦਿੱਤਾ ਤੇ ਕਿਹਾ ਕਿ ਭਾਈ ਹੁਣ ਭਾਂਡਾ ਸਾਫ ਹੋਇਆ।

ਆਪ ਜੀ ਨੇ ਸੰਤ ਕੇਸਰ ਸਿੰਘ ਬਾਰੇ ਦਸਿਆ ਕਿ ਕਿਸ ਤਰ੍ਹਾਂ ਸੰਤ ਆਪਣੇ ਕੇਸ ਕਿੱਲੀ ਨਾਲ ਬਣ ਲੈਂਦੇ ਅਤੇ ਭਜਨ ਕਰਦੇ, ਜਦ ਨੀਂਦ ਆਉਂਦੀ ਤਾਂ ਕੇਸ ਖਿੱਚੇ ਜਾਂਦੇ , ਨੀਂਦ ਖੁਲ੍ਹ ਜਾਂਦੀ ਤੇ ਫਿਰ ਸਿਮਰਨ ਕਰਨ ਲੱਗ ਜਾਂਦੇ । ਸਤਿਗੁਰੂ ਜੀ ਨੇ ਮਿਲਖਾ ਸਿੰਘ ਦੀ ਉਦਾਹਰਣ ਦਿੰਦੇ ਹੋਏ ਦੱਸਿਆ ਕਿ ਮਿਲਖਾ ਸਿੰਘ ਜੀ ਦੱਸਦੇ ਸਨ ਕਿ ਮੈਂ ਜਦ ਬਹੁਤ ਭੱਜਦਾ ਭੱਜਦਾ ਥੱਕ ਜਾਂਦਾ ਥੱਕ ਕੇ ਡਿੱਗ ਪੈਂਦਾ ਫਿਰ ਉਠ ਕੇ ਭੱਜਣਾ ਸ਼ੁਰੂ ਕਰ ਦਿੰਦਾ ਤਾਂ ਉਸ ਨੂੰ ਇਹ ਮੰਜ਼ਿਲ ਪ੍ਰਾਪਤ ਹੋਈ ਹੈ।

ਸਤਿਗੁਰੂ ਜੀ ਨੇ ਪ੍ਰਵਚਨ ਕੀਤਾ ਕਿ ਇਕ ਦੇ ਹੋ ਕੇ ਚੱਲਣਾ ਚਾਹੀਦਾ ਹੈ। ਆਪ ਨੇ ਇੱਕ ਪੁਜਾਰੀ ਦੀ ਉਦਾਹਰਣ ਦਿੱਤੀ ਕਿ, "ਇਕ ਪੁਜਾਰੀ ਨੇ ਛੇ ਸੱਤ ਟਿੰਡਾਂ ਮੋਢੇ ਤੇ ਲਟਕਾਈਆਂ ਹੋਈਆਂ ਸਨ ਅਤੇ ਘਰ ਘਰ ਮੰਗ ਰਿਹਾ ਸੀ। ਇਕ ਘਰ ਜਦ ਉਸਨੇ ਜਾ ਕੇ ਮੰਗਿਆ ਤਾਂ ਅੱਗੋਂ ਘਰ ਵਾਲੇ ਪੁੱਛਿਆ ਕਿ ਤੂੰ ਕਿਸ ਦਾ ਪੁਜਾਰੀ ਹੈਂ, ਪੁਜਾਰੀ ਨੇ ਆਖਿਆ ਕਿ ਗੁੱਗੇ ਪੀਰ ਦਾ, ਤਾਂ ਘਰ ਵਾਲੇ ਆਖਿਆ ਅਸੀਂ ਤਾਂ ਲਾਟਾਂ ਵਾਲੀ ਨੂੰ ਮੰਨਦੇ ਹਾਂ ਤਾਂ ਪੁਜਾਰੀ ਬੋਲਿਆ ਮੇਰੇ ਕੋਲ ਲਾਟਾਂ ਵਾਲੀ ਦੀ ਟਿੰਡ ਵੀ ਹੈ ਉਸ ਵਿਚ ਪਾ ਦਿਓ।" ਸੋ ਸਾਨੂੰ ਪੁਜਾਰੀ ਵਾਂਗ ਨਹੀਂ ਇੱਕ ਦੇ ਹੋ ਕੇ ਚਲਣਾ ਚਾਹੀਦਾ ਹੈ। ਸਤਿਗੁਰੂ ਜੀ ਨੇ ਨਾਮ ਜਪਦੇ ਕਹਿਣ ਲਈ ਕਿਹਾ ਉਹਨਾਂ ਕਿਹਾ ਕਿ ਨਾਮ ਜਪੀ ਜਾਓ ਪ੍ਰਾਪਤੀ ਹੋ ਜਾਏਗੀ ਉਦਾਹਰਣ ਦਿੰਦੇ ਹੋਏ ਉਹਨਾਂ ਫੁਰਮਾਇਆ ਕਿ "ਤੁਸੀਂ ਘਰ ਰੋਟੀ ਖਾ ਰਹੇ ਹੁੰਦੇ ਹੋ, ਘਰ ਪੁੱਛਦੇ ਹਨ ਕਿ ਲੂਣ ਮਿਰਚ ਠੀਕ ਹੈ ਤੇ ਤੁਸੀਂ ਕਹਿੰਦੇ ਹੋ ਉਹ ਹੋ! ਮੇਰਾ ਤਾਂ ਧਿਆਨ ਕਿਤੇ ਹੋਰ ਸੀ, ਤੁਹਾਡਾ ਮਨ ਕਿਤੇ ਹੋਰ ਹੁੰਦਾ ਹੈ ਪਰ ਢਿੱਡ ਵਿਚ ਤਾਂ ਕੁਝ ਚਲਿਆ ਜਾਂਦਾ ਹੈ।"

ਫਿਰ ਹਜ਼ੂਰੀ ਰਾਗੀ ਹਰਬੰਸ ਸਿੰਘ 'ਘੁਲਾ' ਜੀ ਨੇ ਜਥੇ ਸਮੇਤ ਕਬੀਰ ਜੀ ਦਾ ਸ਼ਬਦ ਸੁਣਾ ਕੇ ਸੰਗੀਤ ਰਸੀਆਂ ਨੂੰ



Sri Satguru Jagjit Singh Ji eLibrary NamdhariElibrary@gmail.com

ਨਿਹਾਲ ਕੀਤਾ। ਸ਼ਾਮ ਤੋਂ ਰਾਤ ਤੱਕ ਕ੍ਰਮਵਾਰ ਜਥੇਦਾਰ ਹਰਭਜਨ ਸਿੰਘ ਬਿਜਲੀਪੁਰ, ਸੂਬਾ ਮੇਲਾ ਸਿੰਘ ਜੀ ਤੇ ਮਹੰਤ ਸੰਤੋਖ ਸਿੰਘ ਹੋਰਾਂ ਗੁਰ ਇਤਿਹਾਸ ਸੁਣਾਇਆ। ੩੦ ਜਨਵਰੀ ਸਵੇਰ ਦੀ ਆਸਾ ਦੀ ਵਾਰ ਮਹੰਤ ਸੰਤੋਖ ਸਿੰਘ ਹੋਰਾਂ ਲਗਾਈ ਅਤੇ ਵਾਰ ਉਪਰੰਤ ੮ ਵਜੇ ਸਮਾਗਮ ਦੀ ਸਮਾਪਤੀ ਹੋਈ। ਸਤ ਸਧਾਰਨ ਪਾਠਾਂ ਦੇ ਭੋਗ ਪਾਏ ਗਏ, ਪੰਜ ਸਰੀਰਾਂ ਨੇ ਮਾਸ ਸ਼ਰਾਬ ਛੱਡ ਕੇ ਭਜਨ ਪੁਛਿਆ। ਗੁਰੂ ਕਾ ਲੰਗਰ ਅਤੁੱਟ ਵਰਤਿਆ। ਸੂਬਾ ਜਰਨੈਲ ਸਿੰਘ ਜੀ, ਮਹੰਤ ਜੋਰਾ ਸਿੰਘ ਜੀ ਹਿੰਮਤਪੁਰਾ, ਸੂਬਾ ਗੁਰਮੇਲ ਸਿੰਘ ਜੀ ਖੋਟੇ, ਸੂਬਾ ਦਰਸ਼ਨ ਸਿੰਘ ਜੀ, ਗੁਰਮੁੱਖ ਸਿੰਘ ਜੀ ਰਹਿਬਰ, ਬੀਬੀ ਸੁਖਜੀਤ ਕੌਰ ਜੀ ਉਚੇਚੇ ਪਹੁੰਚੇ ਹੋਏ ਸਨ। ਬਾਜਖਾਨਾ, ਗੁਰੂ ਕਾ ਕੋਠਾ, ਹਿੰਮਤਪੁਰਾ, ਖੋਟੇ, ਸਦੋਕੇ, ਦੂਲੇਵਾਲਾ,ਫੂਲ, ਰੂੜੇਕੇ, ਤਪਾ, ਢਪਾਲੀ, ਬਠਿੰਡਾ ਅਤੇ ਹੋਰ ਦੂਰੋਂ ਨੇੜਿਓਂ ਸੰਗਤਾਂ ਨੇ ਪਹੁੰਚ ਕੇ ਸਤਿਗੁਰੂ ਦਰਸ਼ਨਾਂ ਦਾ ਆਨੰਦ ਮਾਣਿਆ ਅਤੇ ਸੁਣਿਆ।

# ਰਾਮਪੁਰੀ ਦਾ ਮਹਾਂ-ਗੀਤ "ਧੀਆਂ" ਸਮਾਗਮ ਦੇ ਰੂ-ਬ-ਰੂ

ਪੰਜਾਬੀ ਲਿਖਾਰੀ ਸਭਾ ਰਾਮਪੁਰ (ਰਜਿ.), ਲੁਧਿਆਣਾ ਨੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ,ਨਹਿਰੀ ਰੈਸਟ ਹਾਊਸ ਰਾਮਪੁਰ ਵਿੱਚ ਪੰਜਾਬੀ ਦੇ ਚਰਚਿਤ ਗੀਤਕਾਰ ਸੁਖਮਿੰਦਰ ਰਾਮਪੁਰੀ ਦੀ ਪੁਸਤਕ " ਧੀਆਂ" ਜੋ ਕਿ ਇਕ ਲੰਬੇ ਗੀਤ ਦੇ ਰੂਪ ਵਿੱਚ ਪੂਰੀ ਪੁਸਤਕ ਤਕ ਫੈਲਿਆ ਹੋਇਆ ਹੈ। ਜਿਸ ਵਿਚ ਮਰਦ ਪ੍ਰਧਾਨ ਸਮਾਜ ਵਿਚ, ਇਸਤਰੀ ਨਾਲ ਹੋਏ, ਅਨਿਆਵਾਂ ਦਾ ਲੇਖਾ ਜੋਖਾ ਬੜੇ ਹੀ ਸਰਲ ਅਤੇ ਲੋਕ -ਯਾਨਕ ਭਾਸ਼ਾ ਵਿਚ ਕੀਤਾ ਗਿਆ ਹੈ– ਉੱਤੇ ਇਕ ਵਿਚਾਰ ਗੋਸ਼ਟੀ ਆਯੋਜਿਤ ਕੀਤੀ ਗਈ, ਜਿਸ ਵਿਚ ਪੰਜਾਬ ਦੀਆਂ ਬਹੁਤੀਆਂ ਲੇਖਕ ਸਭਾਵਾਂ ਦੇ ਦੋ ਸੌ ਤੋਂ ਵੱਧ ਪ੍ਰਤੀਨਿਧਾਂ ਨੇ ਭਾਗ ਲਿਆ।

ਇਸ ਵਿਸ਼ਾਲ ਇਕੱਤਰਤਾ ਦੀ ਪ੍ਰਧਾਨਗੀ ਬੀਬੀ ਪ੍ਰਕਾਸ਼ ਕੌਰ ਜੀ ਹਮਦਰਦ ਨੇ ਕੀਤੀ। ਪ੍ਰਧਾਨਗੀ ਮੰਡਲ ਵਿਚ ਡਾ. ਐਸ. ਤਰਸੇਮ, ਡਾ. ਮਹਿੰਦਰ ਸਿੰਘ ਚੀਮਾ, ਪ੍ਰੋ. ਨਰੂਲਾ, ਪੰਜਾਬੀ ਸਾਹਿਤ ਸਭਾ ਰਾਮਪੁਰ ਦੇ ਪ੍ਰਧਾਨ ਅਤੇ ਫਾਊਂਡਰ ਮੈਂਬਰ ਹਰਚਰਨ ਮਾਂਗਟ, ਨਗਰ ਪੰਚਾਇਤ ਦੇ ਸਰਪੰਚ ਅੱਛਰਾ ਸਿੰਘ ਮਾਂਗਟ, ਪ੍ਰੀਤਮ ਸਿੰਘ ਕਵੀ ਅਤੇ ਸ. ਅਲਬੇਲ ਸਿੰਘ ਸਸ਼ੋਬਤ ਸਨ. ਡਾ. ਸਰਬਜੀਤ ਸਿੰਘ ਅਤੇ ਡਾ. ਸੁਰਜੀਤ ਸਿੰਘ ਨੇ "ਧੀਆਂ" ਉੱਤੇ ਅਲੋਚਨਾਤਮਿਕ ਪਰਚੇ ਪੜ੍ਹੇ। ਉਨ੍ਹਾਂ ਪੁਸਤਕ ਦੇ ਥੀਮ ਅਤੇ ਸ਼ੈਲੀ ਦੀ ਪ੍ਰਸੰਸਾ ਕਰਦਿਆਂ ਕੁਝ ਰਹਿ ਗਈਆਂ ਉਕਾਈਆਂ ਵਲ ਵੀ ਸੰਕੇਤ ਕੀਤੇ।

ਵਿਦਵਾਨ ਅਲੋਚਕਾਂ ਦੇ ਪੇਪਰਾਂ ਉਪਰ ਬਹਿਸ ਦਾ ਅਰੰਭ ਡਾ. ਮਹਿੰਦਰ ਸਿੰਘ ਚੀਮਾ ਨੇ ਆਪਣੇ ਕਲਾਤਮਿਕ ਅਤੇ ਜਾਦੂਈ ਭਾਸ਼ਣ ਵਿੱਚ ਉਠਾਏ ਗਏ ਨੁਕਤਿਆਂ ਨੂੰ ਵਿਸਥਾਰ ਦਿੰਦਿਆਂ "ਧੀਆਂ" ਨੂੰ ਇਸਤਰੀ ਨਾਲ ਹੋਏ ਅਨਿਆਵਾਂ ਦਾ ਇਕ ਸਾਹਿਤਕ ਦਸਤਾਵੇਜ਼ ਕਰਾਰ ਦਿੱਤਾ।

ਪ੍ਰੋ. ਨਰੂਲਾ ਨੇ ਪੁਸਤਕ ਦੀ ਪ੍ਰਸੰਸਾ ਕਰਦਿਆਂ, ਪੁਸਤਕ ਵਿੱਚਲੇ ਪਿਛਲੇ ਦੋ ਭਾਗਾਂ ਨੂੰ ਖਾਮੀ ਦੱਸਦਿਆਂ ਕੱਢਣ ਦੀ ਰਾਇ ਦਿੱਤੀ।

ਪ੍ਰੋ. ਅਵਤਾਰ ਜੌੜਾ ਨੇ ਇਸ ਪੁਸਤਕ ਵਿਚਲੇ ਕਈ ਨੁਕਤਿਆਂ ਨੂੰ ਉਭਾਰਿਆ।

ਪ੍ਰੋ. ਗੁਰਭਜਨ ਗਿੱਲ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਸਾਨੂੰ ਗੀਤਾਂ ਨੂੰ ਪਰਿਪੇਖਾਂ ਤੋਂ ਬਚਾਉਣਾ ਚਾਹੀਦਾ ਹੈ। ਨਹੀ ਤਾਂ ਗੀਤ, ਗੀਤ ਨਹੀਂ ਰਹੇਗਾ। "ਧੀਆਂ" ਵਿੱਚ ਗੀਤ ਅਤੇ ਗੀਤ ਦੀ ਆਤਮਾ ਇਕਸੁਰ ਹਨ ਜਿਨ੍ਹਾਂ ਨੂੰ ਚਿੱਥ ਕੇ ਵੀ ਨਿਖੇੜਿਆ ਨਹੀਂ ਜਾ ਸਕਦਾ।

ਰਣਜੀਤ ਰਾਹੀ ਨੇ ਪੇਪਰਾਂ ਵਿੱਚ ਵਰਤੇ ਗਏ ਗਲਤ ਸ਼ਬਦਾਂ ਵਲ ਸੰਕੇਤ ਕੀਤਾ। ਮਹਿੰਦਰ ਦੀਪ ਗਰੇਵਾਲ ਨੇ ਕਿਹਾ, "ਜੀਵਨ -ਸਾਥੀ ਚੁਣਨ ਵਿੱਚ "ਧੀਆਂ" ਨੂੰ ਖੁਲ੍ਹ ਨਾ ਦੇਣਾ, ਉਨ੍ਹਾਂ ਨਾਲ ਇਕ ਬੇ-ਇਨਸਾਫੀ ਹੈ।"

ਕੁਲਵੰਤ ਜਗਰਾਓ ਨੇ "ਧੀਆਂ" ਦੀ ਰਚਨਾ ਨੂੰ, ਇਕ ਬਹੁਤ ਦੇਰ ਤੱਕ ਯਾਦ ਰਹਿਣ ਵਾਲੀ ਰਚਨਾ ਕਿਹਾ।

ਪ੍ਰੋ. ਕਰਤਾਰ ਸਿੰਘ ਕਾਲੜਾ ਨੇ ਰਾਮਪੁਰੀ ਦੇ ਗੀਤ ਅਤੇ ਥੀਮ ਦੀ ਗੰਭੀਰਤਾ ਦੇ ਨਾਲ ਨਾਲ ਕਾਫੀਆ ਰਦੀਫ ਦੇ ਲੰਬੇ ਨਿਭਾ ਦੀ ਸਿਫਤ ਕੀਤੀ।

ਇੰਦਰਜੀਤ ਹਸਨਪੁਰੀ ਨੇ ਪੁਸਤਕਾ ਵਿੱਚਲੀ ਗੀਤਾਤਮਕਿਤਾ ਤੇ ਸਰਲਤਾ ਨੂੰ ਸਲਾਹਿਆ।

ਕਰਮਜੀਤ ਔਜਲਾ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਰਾਮਪੁਰੀ ਦੀ ਪੁਸਤਕ ਵਿਚਲੀਆਂ ਧੀਆਂ ਨੇ ਸਚ ਮੁੱਚ ਹੀ ਬੜੇ ਸੰਤਾਪ ਹੰਢਾਏ ਹਨ।

ਅਜੀਤ ਢੰਗਰਾਲੀ ਨੇ ਆਪਣੀ ਵਿਅੰਗ ਕਵਿਤਾ ਨਾਲ "ਧੀਆਂ" ਨਾਲ ਹੁੰਦੇ ਵਰਤਾਰੇ ਸਬੰਧੀ ਅਪਨੀ ਹਾਜ਼ਰੀ ਲਗਵਾਈ।

ਰਾਮ ਲਾਲ ਪ੍ਰੇਮੀ ਅਤੇ ਸੁਖਜੀਤ ਨੇ ਭਾਵਕਤਾ ਦੀ ਹੱਦ ਤੱਕ ਮੋਹ ਜਿਤਾਂਦਿਆਂ ਕਿਹਾ, " ਧੀਆਂ ਧੰਨ ਹਨ।"

ਗੁਲ਼ਜ਼ਾਰ ਮੁਹੰਮਦ ਗੋਰੀਆ ਨੇ ਬੀਤੇ ਸਮੇਂ ਵਿੱਚ "ਧੀਆਂ" ਨਾਲ ਹੋਏ ਸਰੀਰਕ ਸੋਸ਼ਣ ਦਾ ਵਿਸ਼ੇਸ਼ ਜ਼ਿਕਰ ਕਰਦਿਆਂ ਕਰੀਬੀ ਰਿਸ਼ਤਿਆਂ ਨੂੰ ਬੇਈਮਾਨ ਗਰਦਾਨਿਆ।

ਇਨ੍ਹਾਂ ਤੋਂ ਬਿਨਾਂ ਅਵਤਾਰ ਸਿੰਘ ਹੰਸਰਾ, ਭੁਪਿੰਦਰ ਅਤੇ ਕਈ ਹੋਰ ਵਿਦਵਾਨ ਦੋਸਤਾਂ ਨੇ ਇਸਤਰੀ ਦੀ ਅੱਜ ਦੇ ਸਮਾਜ ਵਿੱਚ ਜੋ ਹਾਲਤ ਹੈ, ਉਸ ਦੇ ਵਖ-ਵਖ ਪਹਿਲੂਆਂ ਉੱਤੇ ਰੋਸ਼ਨੀ ਪਾਈ।

ਡਾ. ਤਰਸੇਮ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ, ਕਿ ਕੇਂਦਰੀ ਲੇਖਕ ਸਭਾ ਜਿਕਰਯੋਗ ਪੁਸਤਕਾਂ ਉੱਤੇ ਹੀ ਗੋਸ਼ਟੀਆਂ ਵਿੱਚ ਯੋਗਦਾਨ ਪਾਉਂਦੀ ਹੈ। ਅੱਜ ਦੀ ਗੋਸ਼ਟੀ



Sri Satguru Jagjit Singh Ji eLibrary NamdhariElibrary@gmail.com

ਆਪਣੇ ਹੱਕ ਵਿੱਚ ਵਾਹ ਵਾਹ ਕਰਵਾਉਣ ਦਾ ਭਰਮ ਟੁੱਟਿਆ ਹੈ।

ਬੀਬੀ ਪ੍ਰਕਾਸ਼ ਕੌਰ ਹਮਦਰਦ ਨੇ ਬਹਿਸ ਨੂੰ ਸਮੇਟਦਿਆਂ ਕਿਹਾ ਕਿ ਗੀਤ ਦਿਲ ਦੀ ਜ਼ੁਬਾਨ ਹੁੰਦਾ ਹੈ ਤੇ ਕਵਿਤਾ ਜਿਗਰ ਦਾ ਲਹੂ ਹੁੰਦੀ ਹੈ। ਕੇਵਲ ਇਸਤਰੀ ਹੀ ਜਾਣ ਸਕਦੀ ਹੈ ਜੋ ਇਸਤਰੀ ਨਾਲ ਹੁੰਦਾ ਰਿਹਾ ਹੈ ਅਤੇ ਹੋ ਰਿਹਾ ਹੈ। ਕੇਵਲ ਕਹਿਣ ਨੂੰ ਹੀ ਇਸਤਰੀ ਅਜ਼ਾਦ ਹੈ। ਕਹਿਣ ਅਤੇ ਵਰਤਾਰੇ ਵਿੱਚ ਲੱਖਾਂ ਕੋਹਾ ਦਾ ਫਰਕ ਹੈ। ਉਹ ਦਿਨ ਕਦੋਂ ਆਵੇਗਾ ਜਦੋਂ ਰਾਮਪੁਰੀ ਦੀਆਂ "ਧੀਆਂ" ਵਿਚਲੇ ਅਨਿਆ ਇਸਤਰੀ ਨਾਲ ਨਹੀਂ ਹੋਣਗੇ!

ਸੁਖਮਿੰਦਰ ਰਾਮਪੁਰੀ ਨੇ ਆਪਣੀ ਪੁਸਤਕ ਦੇ ਸਬੰਧ ਵਿੱਚ ਉਠੇ ਨੁਕਤਿਆਂ ਦਾ ਉੱਤਰ ਦਿੰਦਿਆਂ, ਉਨ੍ਹਾਂ ਵਿਦਵਾਨ ਦੋਸਤਾਂ ਦਾ ਧਨੰਵਾਦ ਕੀਤਾ ਜਿਨ੍ਹਾਂ ਬਿਨਾਂ ਲੋ-ਲਿਹਾਜ਼ ਦੇ ਆਪਣੇ ਵਿਚਾਰ ਸੰਗਤ ਨੂੰ ਦੱਸੇ। ਉਨ੍ਹਾਂ ਦੇ ਵਿਚਾਰਾਂ ਦੀ ਰੋਸ਼ਨੀ ਮੇਰੀ ਆਉਣ ਵਾਲੇ ਸਮੇਂ ਵਿੱਚ, ਲਿੱਖਣ ਵਿੱਚ, ਅਗਵਾਈ ਕਰੇਗੀ। ਪਰ ਮੈਂ ਕਈ ਵਿਦਵਾਨਾਂ ਦੇ ਵਿਚਾਰਾਂ ਨਾਲ ਸਹਿਮਤ ਨਹੀਂ ਜਿਨ੍ਹਾਂ ਨੇ ਕੇਵਲ ਅਦਰਸ਼ ਪੇਸ਼ ਕੀਤੇ ਹਨ ਪਰ ਇਸਤਰੀ ਨਾਲ ਹੁੰਦੇ ਵਰਤਾਰੇ ਤੋਂ ਬਿਲਕੁਲ ਕੋਰੇ ਹਨ। ਕੇਵਲ ਇਕ ਝਾਤੀ ਅੰਦਰ ਮਾਰਨ ਨਾਲ ਹੀ ਸੱਚ ਨਿੱਤਰ ਆਵੇਗਾ ਕਿ ਸਾਡੀ ਆਪਣੀ ਇਸਤਰੀ ਹੀ ਸਾਥੋਂ ਕਿੰਨੀ ਕੁ ਆਜ਼ਾਦ ਹੈ।

ਸਮਾਗਮ ਵਿੱਚ ਸੁਰਜੀਤ ਜੱਜ, ਸਰਦਾਰ ਪੰਛੀ, ਅਜਾਇਬ ਚਿਤਰਕਾਰ, ਪ੍ਰੀਤ, ਸਤੀਸ਼ ਗੁਲਾਟੀ, ਬੀਬੀ ਕੁਲਵੰਤ, ਦਰਸ਼ਨ ਕੌਰ ਗਿੱਲ, ਡਾ. ਅਮ੍ਰਿਤ ਕੌਰ, ਜਗਤਾਰ, ਤੀਰਥ ਸਿੰਘ, ਬੁੱਧ ਸਿੰਘ ਨੀਲੋਂ, ਜਗਦੀਸ਼ ਨੀਲੋਂ, ਹਰਭਜਨ ਧਰਨਾ, ਦਲਬਾਰ ਲਿੰਘ, ਤੇਲੂ ਰਾਮ ਕੋਹਾੜਾ, ਨਿਰਮਲ ਜੌੜਾ, ਜਨਮੇਜਾ ਜੌਹਲ, ਬਾਬੂ ਸਿੰਘ ਚੌਹਾਨ, ਗੁਰਨਾਮ ਬਿਜਲੀ, ਗੁਰਨਾਮ ਬਾਵਾ, ਸਾਗਰ, ਮਹਿੰਦਰ ਸਿੰਘ, ਗੁਰਨਾਮ ਤਖਾਣ ਮਾਜਰਾ, ਨਾਜ਼ ਭਾਰਤੀ, ਸੁਦਰਸ਼ਨ ਵਾਲੀਆ, ਹਰਵਿੰਦਰ ਕੌਰ, ਕਮਲ ਪ੍ਰੀਤ, ਕੁਲਦੀਪ ਕੌਰ, ਨਾਜ਼ਰ ਸਿੰਘ, ਡਾ. ਜੋਗਿੰਦਰ ਚੌਹਾਨ, ਅਜੀਤ ਪਿਆਸਾ, ਹਰਕੋਮਲ ਬਰਿਆਰ, ਟੀ. ਲੋਚਨ ਮਾਛੀਬਾੜਾ, ਤ੍ਰੈਲੋਚਨ ਲੋਚੀ, ਮਨਦੀਪ, ਗੁਰਨਾਮ ਕੰਵਰ, ਪਰਮਜੀਤ ਨਾਰੰਗਵਲ, ਸੁਰਜੀਤ ਮਰਜਾਰਾ, ਦਾਨ ਸਿੰਘ ਕੋਮਲ, ਜਸੰਵਤ ਭੌਰ ਅਤੇ ਦੋ ਸੌ ਤੋਂ ਵੱਧ ਲੇਖਕ ਅਤੇ ਸਰੋਤੇ ਸ਼ਾਮਲ ਹੋਏ।

ਦੂਜੇ ਸੈਸ਼ਨ ਵਿੱਚ ਪੰਜਾਬੀ ਕਵੀ ਸ੍ਰੀ ਰਾਮ ਲਾਲ ਪ੍ਰੇਮੀ ਨੂੰ ਉਸ ਦੀ ਗਜ਼ਲਾਂ ਦੀ ਪੁਸਤਕ, "ਜ਼ਖਮੀ ਸਦੀ" ਲਈ ਸ. ਲਾਭ ਸਿੰਘ ਚਾਤ੍ਰਿਕ ਪੁਰਸਕਾਰ, ਉਨ੍ਹਾਂ ਦੇ ਸਪੁੱਤਰ ਸ. ਅਲਬੇਲ ਸਿੰਘ ਮਾਂਗਟ ਅਤੇ ਪ੍ਰਧਾਨਗੀ ਮੰਡਲ ਨੇ ਦਿੱਤਾ। ਜਿਸ ਵਿੱਚ ਇੱਕੀ ਸੌ ਰੁਪਏ ਦੀ ਰਾਸ਼ੀ, ਸਨਮਾਨ ਚਿੰਨ੍ਹ ਅਤੇ ਸ਼ਾਲ, ਇਕ ਸ਼ਾਲ ਪ੍ਰੇਮੀ ਜੀ ਦੀ ਪਤਨੀ ਨੂੰ ਵੀ ਭੇਟ ਕੀਤਾ ਗਿਆ। ਇਸ ਤੋਂ ਬਿਨਾ ਸ੍ਰੀ ਸੁਰਜੀਤ ਖੁਰਸ਼ੀਦੀ ਜੀ ਦੀ ਧਰਮ ਪਤਨੀ ਸ੍ਰੀਮਤੀ ਬਲਵੰਤ ਕੌਰ ਨੂੰ ਇੱਕੀ ਸੌ ਰੁਪਏ ਅਤੇ ਸ਼ਾਲ ਨਾਲ ਸਨਮਾਨਿਤ ਕੀਤਾ ਗਿਆ। ਸ੍ਰੀ ਪ੍ਰੀਤਮ ਸਿੰਘ ਜੀ ਕਵੀ ਅਤੇ ਬੀਬੀ ਊਸ਼ਾ (ਖੁਰਸ਼ੀਦੀ ਜੀ ਦੀ ਬੇਟੀ) ਨੂੰ ਇਕ, ਇਕ ਸ਼ਾਲ ਅਤੇ ਕਿਤਾਬਾਂ ਦੇ ਸੈਟ ਨਾਲ ਸਨਮਾਨਿਆ ਗਿਆ। ਸਰਦਾਰ ਅੱਛਰਾ ਸਿੰਘ ਮਾਂਗਟ ਸਰਪੰਚ ਰਾਮਪੁਰ ਅਤੇ ਸਮੂਹ ਮੈਂਬਰ ਪੰਚਾਇਤ ਨੇ ਪੰਜਾਬੀ ਲਿਖਾਰੀ ਸਭਾ ਰਾਮਪੁਰ ਦੇ ਪ੍ਰਧਾਨ ਅਤੇ ਫਾਊਂਡਰ ਮੈਂਬਰ ਸ੍ਰੀ ਹਰਚਰਨ ਸਿੰਘ ਮਾਂਗਟ ਤੇ ਸਭਾ ਦਿਆਂ ਮੈਂਬਰਾਂ ਨੂੰ ਲਾਇਬਰੇਰੀ ਲਈ ਕਿਤਾਬਾਂ ਭੇਟ ਕੀਤੀਆਂ। ਇਸੇ ਸਮੇਂ ਸਰਬ ਸ੍ਰੀ ਕਰਤਾਰ ਸਿੰਘ ਕਾਲੜਾ, ਮਹਿੰਦਰ ਦੀਪ ਗਰੇਵਾਲ ਅਤੇ ਅਵਤਾਰ ਸਿੰਘ ਮਾਂਗਟ ਨੇ ਇਕ ਸੌ ਸੌ ਕਿਤਾਬਾਂ ਲਾਇਬਰੇਰੀ ਨੂੰ ਦੇਣ ਦਾ ਇਕਰਾਰ ਕੀਤਾ।

ਜਨਮੇਜਾ ਸਿੰਘ ਜੌਹਲ ਨੇ ਆਪਣੇ ਪਰਚੇ, 'ਲੁਧਿਆਣਾ ਡਿਸਪੈਚ ਦੀ ਇਕ ਇਕ ਕਾਪੀ ਹਰ ਹਾਜ਼ਰ ਸਰੋਤੇ ਨੂੰ ਭੇਟ ਕੀਤੀ। ਇਸ ਇਕੱਤਰਤਾ ਦੀ ਇਕ ਵਿਸ਼ੇਸ਼ਤਾ ਇਹ ਸੀ ਕਿ ਲੁਧਿਆਣਾ, ਚੰਡੀਗੜ੍ਹ ਅਤੇ ਮੁਹਾਲੀ ਤੋਂ ਆਈਆਂ ਲੇਖਕਾਵਾਂ ਤੋਂ ਬਿਨਾਂ ਪਿੰਡ ਰਾਮਪੁਰ ਦੀਆਂ ਇਸਤਰੀਆਂ ਨੇ ਹਾਜ਼ਰੀ ਲਗਵਾਈ। ਸਟੇਜ ਦਾ ਸੰਚਾਲਨ ਸ੍ਰੀ ਸੁਰਿੰਦਰ ਰਾਮਪੁਰੀ ਨੇ ਬਾ-ਖੂਬੀ ਨਿਭਾਇਆ।

ਅੰਤ ਵਿੱਚ ਪ੍ਰੋ. ਗੁਰਦਿਆਲ ਸਿੰਘ ਜੀ ਸਮਰਾਲਾ ਦੀ ਬੇ-ਵਕਤੀ ਮੌਤ ਉੱਤੇ ਦੁੱਖ ਪ੍ਰਗਟ ਕਰਨ ਲਈ, ਦੋ ਮਿੰਟ ਦਾ ਮੌਨ ਰੱਖਕੇ, ਸ਼ਰਧਾਜਲੀ ਭੇਂਟ ਕਰਕੇ ਸਮਾਗਮ ਸਮਾਪਤ ਹੋਇਆ।

*ਜਸਵੀਰ ਝੱਜ ਬੁਆਣੀ*
*ਸੱਕਤਰ,*
*ਪੰਜਾਬੀ ਲਿਖਾਰੀ ਸਭਾ (ਰਜਿ.)*
*ਰਾਮਪੁਰ(ਲੁਧਿਆਣਾ)*


ੴ
ਸ੍ਰੀ ਸਤਿਗੁਰ ਰਾਮ ਸਿੰਘ ਜੀ ਸਹਾਇ
Turn Turn- 220010

**Makah Singh Saggu**

**TECHNO INDUSTRIES**

**ਟੈਕਨੋ ਇੰਡਸਟਰੀਜ਼**

**Manufacturers, Fabricators & Exporters Industrial Chain Sprock-ets & Sugar Mill Spares All Types of Graded Casting & Machinery parts**

*E.D. 311, Old Railway Road, Jalandhar-144001*





Sri Satguru Jagjit Singh Ji eLibrary NamdhariElibrary@gmail.com

ਇੰਗਲੈਂਡ ਸਮਾਚਾਰ

# ਕੌਂਸਲਰ ਸ. ਹਰਬੰਸ ਸਿੰਘ ਜੱਬਲ

ਕੌਂਸਲਰ ਸ. ਹਰਬੰਸ ਸਿੰਘ ਜੱਬਲ ਜੀ ਇਸ ਸੰਸਾਰ ਵਿਚ ਨਹੀਂ ਰਹੇ। ਗੁਰਬਾਣੀ ਵਾਕ ਹੈ–

੧੯੯੯ ਈ. ਵਿਚ ਸਰਦਾਰ ਜੀ ਦੇ ਬਹੁਤ ਹੀ ਟੈਲੀਫੂਨ ਆਏ ਅਤੇ ਕਿੰਨੀਆਂ ਹੀ ਪੱਤ੍ਰਕਾਵਾਂ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਵਿੱਤਰ ਚਰਨਾਂ 'ਚ ਲਿਖੀਆਂ ਹੋਈਆਂ ਦਾਸ ਪਾਸ ਆਈਆਂ। ਆਪ ਜੀ ਦੀ ਬੜੀ ਤਮੰਨਾ ਸੀ ਅਤੇ ਬੁਹਤ ਤੀਬਰ ਇੱਛਾ ਸੀ ਕਿ ਨਾਮਧਾਰੀ ਹਾਕੀ ਦੀ ਟੀਮ ਦਾ ਟੂਰਨਾਮੈਂਟ ਇੰਗਲੈਂਡ ਵਿਖੇ ਕਰਵਾਇਆ ਜਾਵੇ, ਉਹ ਆਪਣਾ ਸਾਰਾ ਤਾਣ ਲਗਾ ਦੇਣਗੇ। ਦਾਸ ਪਾਸ ਆਪ ਜੀ ਦੀ ਇਕ ਖਾਸ ਪੱਤ੍ਰਕਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਵਿੱਤਰ ਚਰਨਾਂ 'ਚ ਲਿਖੀ ਹੋਈ ਹੈ, ਜਿਸ ਨੂੰ ਪੜ੍ਹ ਕੇ ਬੜਾ ਹੀ ਅਨੰਦ ਆਉਂਦਾ ਹੈ, ਗੁਰਸਿੱਖ ਦੀ ਸ਼ਰਧਾ ਜੋਦੜੀਆਂ ਭਰੀ ਅਰਜੋਈ ਗੁਰੂ ਜੀ ਵੱਲ ਵੇਖ ਸਿਰ ਝੁੱਕ ਜਾਂਦਾ ਹੈ। ਦਾਸ ਨੇ ਸਰਦਾਰ ਜੀ ਨੂੰ ਪੁਛਿਆ ਕਿ ਇੰਨੀ ਡੂੰਘੀ ਪ੍ਰਤੀਤ ਦਾ ਕੀ ਸਬੱਬ ਹੈ? ਤਦ ਸਰਦਾਰ ਜੀ ਨੇ ਹੱਸ ਕੇ ਜੁਆਬ ਦਿੱਤਾ ਕਿ "ਸੁਰਜੀਤ ਮੈਨੂੰ ਨਾਮਧਾਰੀ ਬੱਚਿਆਂ ਨੂੰ ਪੂਰਨ ਗੁਰਸਿਖੀ ਪਹਿਰਾਵੇ ਵਿਚ ਖੇਡ ਦੇ ਮੈਦਾਨ ਵਿੱਚ ਵੇਖਣ ਦਾ ਬੜਾ ਚਾਅ ਹੈ?" ਇਹ ਸਤਿਗੁਰੂ ਜੀ ਦੀ ਆਪਾਰ ਕ੍ਰਿਪਾ ਸਦਕਾ ਹੀ ਹੈ। ਆਖ਼ਰ ਸਤਿਗੁਰੂ ਜੀ ਨੇ ਸਰਦਾਰ ਜੀ ਦੀ ਤਮੰਨਾ ਪੂਰੀ ਕੀਤੀ, ਹਾਕੀ ਦਾ ਟੂਰਨਾਮੈਂਟ ਹੋਇਆ। ਨਾਮਧਾਰੀ ਹਾਕੀ ਦੀ ਟੀਮ ਨੇ ਪੂਰਨ ਗੁਰਸਿੱਖੀ ਪਹਿਰਾਵੇ ਵਿਚ ਉੱਚ ਕੋਟੀ ਦੇ ਮੈਚਾਂ ਵਿਚ ਖੇਡ ਦਾ ਪ੍ਰਦਰਸ਼ਨ ਕੀਤਾ। ਇਸ ਦੀ ਕਾਮਯਾਬੀ ਲਈ ਸਰਦਾਰ ਜੀ ਨੇ ਨਾਮਧਾਰੀ ਸੰਗਤ ਦੀ ਸਿਰਫ਼ ਮਦੱਦ ਹੀ ਨਹੀਂ ਕੀਤੀ ਸਗੋਂ ਅੱਗੇ ਹੋ ਕੇ ਸਾਰਾ ਕੰਮ ਕੀਤਾ ਅਤੇ ਹਾਕੀ ਦੀ ਖੇਡ ਤੇ ਈਸਟ ਲੰਡਨ ਦੇ ਖੇਡ ਜਗਤ ਵਿਚ ਇਕ ਮੀਲ ਪੱਥਰ ਗੱਡ ਦਿੱਤਾ।

ਸ. ਹਰਬੰਸ ਸਿੰਘ ਜੱਬਲ ਜੀ ਦਾ ਈਸਟ ਲੰਡਨ ਦੀ ਪੁਲੀਸ ਫੋਰਸ ਤੇ ਖੇਡ ਜਗਤ ਦੇ ਇਤਿਹਾਸ ਵਿਚ ਨਾਮ ਆਉਂਦਾ ਹੈ ਜੋ ਕਿ ਪਿਛਲੇ ਮਹੀਨੇ ਕੁਝ ਸਮਾਂ ਬੀਮਾਰ ਰਹਿ ਕੇ ਆਪਣੀ ੭੩ ਸਾਲਾਂ ਦੀ ਉਮਰ ਭੋਗ ਕੇ ਚਲਾਣਾ ਕਰ ਗਏ ਹਨ।

ਕੌਂਸਲਰ ਸ. ਹਰਬੰਸ ਸਿੰਘ ਜੀ ਨੇ ਆਪਣੇ ਜੀਵਨ ਕਾਲ ਸਮੇਂ ਲੰਡਨ ਦੀ ਪੁਲੀਸ ਫੋਰਸ ਅਤੇ ਹਾਕੀ ਖੇਡ ਜਗਤ ਵਿਚ ਇਤਿਹਾਸਕ ਰੋਲ ਅਦਾ ਕੀਤਾ। ਸਕਾਟਲੈਂਡ ਯਾਰਡ ਵਿਚ ਸਿਵਲੀਅਨ ਵਿਭਾਗ ਰਾਹੀਂ ਦਾਖਲ ਹੋ ਆਪ ਜੀ ਨੇ ਡੀਟੇਕਟਿਵ ਚੀਫ਼ ਇੰਸਪੈਕਟਰ ਦੀ ਉੱਚ ਪਦਵੀ ਪ੍ਰਾਪਤ ਕਰ ਲਈ ਸੀ। ਇਹ ਈਸਟ ਲੰਡਨ ਵਿਚ ਸਕਾਟਲੈਂਡ ਯਾਰਡ ਦੇ ਪਹਿਲੇ ਪੁਲੀਸ ਅਫ਼ਸਰ ਸਨ। ਜਿਨ੍ਹਾਂ ਹੈਟ ਦੀ ਜਗ੍ਹਾਂ 'ਦਸਤਾਰ' ਸਜਾ ਕੇ ਨੌਕਰੀ ਕੀਤੀ ਅਤੇ ਆਪ ਜੀ ਦੇ ਪਗੜੀ ਬੰਨਣ ਦੇ ਢੰਗ ਨੂੰ ਸਰਕਾਰੀ ਮਨਜ਼ੂਰੀ ਦਵਾਈ। ਆਪ ਜੀ ਈਸਟ ਅਫਰੀਕਾ ਵਿਚ ਵੀ ਪੁਲੀਸ ਵਿਭਾਗ ਵਿਚ ਕੰਮ ਕਰਦੇ ਸਨ। ਉਥੇ ੧੯੬੦ ਵਿਚ ਡਵੀਜ਼ਨਲ ਕਮਾਂਡਰ ਦਾ ਉੱਚ ਅਹੁੱਦਾ ਪ੍ਰਾਪਤ ਕੀਤਾ। ਇਥੇ ਲੰਡਨ ਆ ਕੇ ਆਪ ਜੀ ਨੇ ੧੯੬੬ ਵਿਚ ਪੁਲੀਸ ਦੀ ਨੌਕਰੀ ਕਰ ਲਈ। ਬੜੀ ਜੱਦੋ-ਜਹਿਦ ਬਾਅਦ ਪੂਰਨ ਸਾਬਤ ਸੂਰਤ ਸਰੂਪ ਵਿਚ ਬਕਿੰਘਮ ਪੈਲਿਸ ਅਤੇ ਅਪਟਨ ਪਾਰਕ ਨਸਲੀ ਵਿਤਕਰੇ ਵਾਲੀ ਫੁੱਟਬਾਲ ਕਲੱਬ ਦੀ ਗਰਾਊਂਡ ਵਿਚ ਪੂਰੀ ਸ਼ਾਨ ਨਾਲ ਨੌਕਰੀ ਕੀਤੀ।

ਜਿਥੇ ਆਪ ਜੀ ਨੇ ਪੁਲੀਸ ਫੋਰਸ ਵਿਚ ਦਸਤਾਰ ਦੀ ਇੱਜਤ ਬਣਾ ਕੇ ਏਸ਼ੀਅਨ ਭਾਰਤੀ ਸਿੰਘਾਂ ਲਈ ਬਹੁਤ ਵੱਡੀਆਂ ਪ੍ਰਾਪਤੀਆਂ ਕੀਤੀਆਂ ਉਥੇ ਆਪ ਜੀ ਨੇ ਖੇਡ ਜਗਤ ਨੂੰ ਵੀ ਹਾਕੀ ਦੀ ਖੇਡ ਨੂੰ ਪ੍ਰਚਲਤ ਕਰਨ ਵਿਚ ਬਹੁਤ ਵੱਡਾ ਯੋਗਦਾਨ ਪਾਇਆ ਹੈ। ਹਾਕੀ ਦੀ ਖੇਡ ਨੂੰ ਆਪ ਜੀ ਕੀਨੀਆਂ ਤੋਂ ਹੀ ਆਪਣੇ ਨਾਲ ਲਿਆਏ ਸਨ। ਇਸ ਖੇਡ ਨੂੰ ਇਥੇ ਮਾਨਤਾ ਦਿਵਾਉਣ ਤੇ ਪ੍ਰਚਲਤ ਕਰਨ ਵਿਚ ਆਪ ਜੀ ਦਾ ਬਹੁਤ ਵੱਡਾ ਯੋਗਦਾਨ ਹੈ। ਇਸੇ ਕਰਕੇ ਹੀ ਪੁਲੀਸ ਫੋਰਸ ਅਤੇ ਖੇਡ ਜਗਤ ਦੀਆਂ ਪ੍ਰਾਪਤੀ ਦੇਖ ਕੇ ਹੀ ਨਿਊਹੈਮ ਨਿਊਜ਼ (ਕੌਂਸਲ ਦਾ ਪਰਚਾ) ਵਿਚ ਆਪ ਜੀ ਨੂੰ ਇਤਿਹਾਸ ਸਿਰਜਿਕ ਕਿਹਾ ਗਿਆ ਹੈ। ੧੯੯੯ ਵਿਚ ਨਾਮਧਾਰੀ ਹਾਕੀ ਟੀਮ ਦਾ ਇੰਗਲੈਂਡ ਵਿਚ ਟੂਰਨਾਮੈਂਟ ਕਰਵਾਉਣ ਅਤੇ ਯੂਰਪ ਵਿਚ ਮੈਚ ਕਰਵਾਉਣ ਵਿਚ ਆਪ ਜੀ ਦਾ ਬਹੁਤ ਵੱਡਾ ਯੋਗਦਾਨ ਹੈ। ਇੰਗਲੈਂਡ ਵਿਚ ਪਹਿਲੀ ਵਾਰ ਗੁਰਸਿਖੀ ਪਹਿਰਾਵੇ ਵਿਚ ਨੈਸ਼ਨਲ ਪੱਧਰ ਤੇ ਸਰਕਾਰੀ ਅਦਾਰਿਆਂ ਨੂੰ ਦਰਸ਼ਕ ਬਣਾ ਕੇ ਹਾਕੀ ਦੀ ਖੇਡ ਨੂੰ ਪ੍ਰਚਲਤ ਪ੍ਰਫੁਲੱਤ ਅਤੇ ਪ੍ਰਸਾਰਣ ਵਿਚ ਮੀਲ ਪੱਥਰ ਗੱਡਣ ਵਾਲੇ ਸ. ਹਰਬੰਸ ਸਿੰਘ ਜੱਬਲ ਜੀ ਹੀ ਸਨ। ਜਿਨ੍ਹਾਂ ਪੂਰੀ ਤਨ-ਦੇਹੀ ਨਾਲ ਉਸ ਸਾਲ ਕੌਮੀ ਟੂਰਨਾਮੈਂਟ ਹੀ ਨਹੀਂ ਕਰਵਾਇਆ ਸਗੋਂ ਨਾਮਧਾਰੀ (ਗੁਰਸਿੱਖ) ਹਾਕੀ ਦੀ ਟੀਮ ਦਾ ਸਾਰੇ ਯੂਰਪ ਦਾ ਵੀ ਦੌਰਾ ਕਰਵਾਇਆ। ਅੱਜ ਵੀ ਉਨ੍ਹਾਂ ਦੀ ਪਾਈ ਪਿਰਤ ਅਨੁਸਾਰ ਹੀ ਸ. ਗੁਲਜ਼ਾਰ ਸਿੰਘ ਚਾਨਾ ਜੀ ਹਰ ਸਾਲ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿਚ ਹਾਕੀ ਦਾ ਟੂਰਨਾਮੈਂਟ ਕਰਵਾ ਰਹੇ ਹਨ।

*ਸੁਰਜੀਤ ਸਿੰਘ ਜੀਤ*

*ਲੰਡਨ।*



Sri Satguru Jagjit Singh Ji eLibrary NamdhariElibrary@gmail.com

# ਕੁਝ ਅਨੋਖੇ ਜਿਹੇ ਪੌਦੇ

**ਸ਼ਰਮਾਕਲ ਪੌਦੇ**—ਹਰ ਕੋਈ ਜਾਣਦਾ ਹੈ ਕਿ ਮਾਨਵ ਜੀਵ ਸ਼ਰਮ ਮਹਿਸੂਸ ਕਰਦਾ ਹੈ, ਪਰ ਕੁਝ ਦਰਖ਼ਤ ਅਤੇ ਪੌਦੇ ਵੀ ਸ਼ਰਮ ਅਤੇ ਤਬੀਅਤ ਮਜਾਜ਼ ਹੁੰਦੇ ਹਨ। ਆਗਰਾ 'ਤਾਜ ਮਹੱਲ' ਦੇ ਆਲਮ ਬਾਗ਼ ਵਿਚ ਕੁਝ ਪੌਦੇ "ਮੈਨੂੰ ਨਾ ਛੂਹੋ" ਨਾਂ ਦੇ ਹਨ, ਜਿਹੜੇ ਕਿ ਮਨੁੱਖੀ ਸੰਪਰਕ ਵਿਚ ਆ ਕੇ ਸ਼ਰਮ ਮਹਿਸੂਸ ਕਰਦੇ ਹਨ ਤੇ ਕੁਮਲਾ ਜਾਂਦੇ ਹਨ।

**ਰੋਣ ਵਾਲੇ ਦਰਖ਼ਤ**—ਇਥੇ ਕੁਝ ਰੋਣ ਵਾਲੇ ਦਰਖ਼ਤ ਵੀ ਹਨ। ਲਾਰਲ ਦਰਖ਼ਤ ਜਿਹੜਾ ਕਿ ਕਨੇਰੀ ਟਾਪੂ ਵਿਚ ਪਾਇਆ ਜਾਂਦਾ ਹੈ, ਰੋਂਦਾ ਹੈ। ਮੈਂਡਰਾਕ ਦਰਖ਼ਤ ਦੀ ਬਣਤਰ ਇਕ ਆਦਮੀ ਦੀ ਤਰ੍ਹਾਂ ਹੈ। ਜੇ ਇਸ ਨੂੰ ਪੁੱਟੋ ਤਾਂ ਇਹ ਬੱਚੇ ਵਾਂਗ ਰੋਂਦਾ ਹੈ।

**ਸਮੇਂ ਦਾ ਪਾਬੰਦ**—੪ ਵਜੇ ਦਾ ਪੌਦਾ ੪ ਵਜੇ ਸ਼ਾਮ ਨੂੰ ਫੁੱਲ ਖਿੜਾਂਦਾ ਹੈ। ਅਸੀਂ ਇਸ ਦੇ ਫੁੱਲ ਦੀਆਂ ਖਿੜਦੀਆਂ ਪੱਤੀਆਂ ਨੂੰ ਵੇਖਕੇ ਆਪਣੀ ਘੜੀ ਸੈੱਟ ਕਰਦੇ ਹਾਂ।

**ਡਰਨ ਵਾਲੇ ਪੌਦੇ**—ਦੱਖਣੀ ਅਫਰੀਕਾ ਵਿਚ ਇਕ ਅਜਿਹਾ ਪੌਦਾ ਹੈ, ਜਿਹੜਾ ਆਦਮੀ ਦੀ ਮੌਜੂਦਗੀ ਵਿਚ ਡਰਦਾ ਹੈ।

**ਗੱਲਾਂ ਕਰਦੇ ਦਰਖ਼ਤ**—ਇਥੇ ਕੁਝ ਅਜਿਹੇ ਪੌਦੇ ਹਨ, ਜਿਨ੍ਹਾਂ ਦੇ ਪੱਤੇ ਗਰਮੀਆਂ ਵਿਚ ਹਰਕਤਾਂ ਕਰਦੇ ਹਨ। ਉਨ੍ਹਾਂ ਵਿਚੋਂ ਇਕ ਕਿਸਮ ਦੀ ਆਵਾਜ਼ ਨਿਕਲਦੀ ਹੈ, ਜਿਸ ਤਰ੍ਹਾਂ ਕਿ ਟੈਲੀਗ੍ਰਾਫਿਕ ਇੰਸਟਰੂਮੈਂਟ ਵੱਜ ਰਿਹਾ ਹੁੰਦਾ ਹੈ।

**ਨੰਗੀਆਂ ਔਰਤਾਂ**—ਜੰਗਲਾਂ ਵਿਚ ਅਜਿਹੀਆਂ ਰੀਂਗਣ ਵਾਲੀਆਂ ਵੇਲਾਂ ਹਨ ਜਿਨ੍ਹਾਂ ਦੀ ਸ਼ਕਲ ਬਿਲਕੁਲ ਨੰਗੀਆਂ ਔਰਤਾਂ ਨਾਲ ਮਿਲਦੀ ਹੈ। ਇਸ ਕਰਕੇ ਇਨ੍ਹਾਂ ਨੂੰ "ਨੰਗੀਆਂ ਔਰਤਾਂ" ਕਿਹਾ ਜਾਂਦਾ ਹੈ।

**ਜੰਮ ਜਾਣ ਵਾਲੇ ਪੌਦੇ**—ਕੁਝ ਰੀਂਗਣ ਵਾਲੀਆਂ ਹੋਰ ਵੀ ਵੇਲਾਂ ਹਨ, ਜਿਨ੍ਹਾਂ ਨੂੰ 'ਜਨ-ਜਮਨੀ' ਕਿਹਾ ਜਾਂਦਾ ਹੈ। ਜੇ ਇਨ੍ਹਾਂ ਦੀਆਂ ਪੱਤੀਆਂ ਦੇ ਰਸ ਨੂੰ ਪਾਣੀ ਵਿਚ ਮਿਲਾ ਦਿੱਤਾ ਜਾਵੇ ਤਾਂ ਪਾਣੀ ਜੰਮ ਜਾਂਦਾ ਹੈ।

**ਜਲਦੇ ਹੋਏ ਦਰਖ਼ਤ**—ਕੁਝ ਅਜਿਹੀ ਕਿਸਮ ਦੇ ਦਰਖ਼ਤ ਵੀ ਹਨ, ਜਿਹੜੇ ਆਪਣੀ ਛਾਂ ਹੇਠ ਆਉਂਦੇ ਘਾਹ ਨੂੰ ਸਾੜ ਦਿੰਦੇ ਹਨ। ਛੋਟਾ ਨਾਗਪੁਰ ਵਿਚ ਇਕ 'ਕਾਲਾ ਕਰੀਆ' ਨਾਮ ਦਾ ਦਰਖ਼ਤ ਹੈ, ਜਿਹੜਾ ਆਪਣੀ ਛਾਂ ਹੇਠ ਆਉਂਦੀ ਧਰਤੀ ਅਤੇ ਘਾਹ ਨੂੰ ਕਾਲਾ ਕਰ ਦਿੰਦਾ ਹੈ।

**ਸਦਾ ਹਰੀ**—ਇਕ ਅਜਿਹੀ ਕਿਸਮ ਦਾ ਪੌਦਾ ਵੀ ਹੈ, ਜਿਸਨੂੰ 'ਸੰਜੀਵਨੀ ਬੂਟੀ' ਕਿਹਾ ਜਾਂਦਾ ਹੈ। ਜੇ ਇਸ ਨੂੰ ਸੁੱਕੀ ਹੋਈ ਨੂੰ ਵੀ ਪਾਣੀ ਵਿਚ ਮਿਲਾ ਦਿੱਤਾ ਜਾਵੇ ਤਾਂ ਇਹ ਹਰੀ ਹੋ ਜਾਂਦੀ ਹੈ।

**ਰੌਸ਼ਨੀ ਦੇਣ ਵਾਲੇ ਪੌਦੇ**—ਹਿਮਾਲੀਆ ਅਤੇ ਇਸ ਦੇ ਆਸ-ਪਾਸ ਵਿਚ ਕੁਝ ਅਜਿਹੀ ਕਿਸਮ ਦੀਆਂ ਜੜ੍ਹੀਆਂ-ਬੂਟੀਆਂ ਹਨ, ਜਿਹੜੀਆਂ ਕਿ ਰਾਤ ਦੇ ਹਨੇਰੇ ਵਿਚ ਰੇਡੀਅਮ ਦੀ ਤਰ੍ਹਾਂ ਚਮਕਦੀਆਂ ਹਨ। ਇਥੇ ਹੀ ਦਵਾਈ ਦਾ ਪੌਦਾ ਹੈ, ਜਿਸਨੂੰ 'ਸੋਮ' ਕਿਹਾ ਜਾਂਦਾ ਹੈ। ਉਸਦੀ ਇਕ ਪੱਤੀ ਹਰੇਕ ਚਾਨਣੀ ਰਾਤ ਨੂੰ ਆਉਂਦੀ ਹੈ। ਇਸ ਤਰ੍ਹਾਂ ਜਦੋਂ ਪੂਰਾ ਚੰਦਰਮਾ ਹੁੰਦਾ ਹੈ ਤਾਂ ਇਸ ਦੀਆਂ 15 ਪੱਤੀਆਂ ਹੁੰਦੀਆਂ ਹਨ। ਜਦੋਂ ਹਨੇਰਾ ਪੱਖ ਸ਼ੁਰੂ ਹੁੰਦਾ ਹੈ ਤਾਂ ਇਸ ਦੀ ਇਕ ਪੱਤੀ ਹਰ ਰੋਜ਼ ਝੜ ਜਾਂਦੀ ਹੈ, ਪਰ ਮੱਸਿਆ ਵਾਲੇ ਸਮੇਂ (ਜਦੋਂ ਕਿ ਚੰਦ ਨਹੀਂ ਹੁੰਦਾ) ਇਹ ਪੌਦਾ ਸੁੱਕੀ ਲੱਕੜ ਵਰਗਾ ਲਗਦਾ ਹੈ, ਇਹ ਹਨੇਰੇ ਵਿਚ ਚਮਕਦਾ ਹੈ। ਇਥੇ ਅਜਿਹੀ ਕਿਸਮ ਦੇ ਪੌਦੇ ਵੀ ਹਨ ਜਿਨ੍ਹਾਂ ਦੇ ਤਣਿਆਂ ਵਿਚੋਂ ਰਿਸਦਾ 'ਰਸ' ਰਾਤ ਨੂੰ ਚਮਕਦਾ ਹੈ। ਕੁਝ ਕਿਸਮ ਦੀਆਂ 'ਖੁੰਬਾਂ' ਵੀ ਰਾਤ ਨੂੰ ਚਮਕਦੀਆਂ ਹਨ।

**ਤੇਲੀ ਪੌਦੇ**—ਬਰਾਜ਼ੀਲ ਵਿਚ ਇਕ ਅਜਿਹਾ ਪੌਦਾ ਹੈ, ਜਿਹੜਾ ਤੇਲ ਦਿੰਦਾ ਹੈ। ਇਸ ਦਰਖ਼ਤ ਤੋਂ ਇਕ ਸਮੇਂ 25 ਲਿਟਰ ਤੇਲ ਕੱਢਿਆ ਜਾ ਸਕਦਾ ਹੈ। ਇਸ ਤਰ੍ਹਾਂ ਸਾਲ ਵਿਚ ਦੋ ਵਾਰ ਕੀਤਾ ਜਾ ਸਕਦਾ ਹੈ। ਇਹ ਤੇਲ ਡੀਜ਼ਲ ਦੀ ਤਰ੍ਹਾਂ ਹੁੰਦਾ ਹੈ ਅਤੇ ਦਰਖ਼ਤ ਵਿਚੋਂ ਕੱਢਣ ਤੋਂ ਬਾਅਦ ਤੁਰੰਤ ਹੀ ਗੱਡੀਆਂ ਵਿਚ ਵਰਤਿਆ ਜਾ ਸਕਦਾ ਹੈ। ਇਸ ਪੌਦੇ ਦੀ ਖੇਤੀ ਕਰਨ ਦੇ ਯਤਨ ਕੀਤੇ ਜਾ ਰਹੇ ਹਨ।

**ਪਾਣੀ ਵਾਲੇ ਪੌਦੇ**—ਅੰਡੇਮਾਨ ਅਤੇ ਨਿਕੋਬਾਰ ਟਾਪੂਆਂ ਵਿਚ ਰਹਿਣ ਵਾਲੇ ਕਬੀਲੇ ਜਦੋਂ ਪਿਆਸ ਮਹਿਸੂਸ ਕਰਦੇ ਹਨ, ਉਨ੍ਹਾਂ ਤੋਂ ਪਾਣੀ ਦਾ ਸੋਮਾ ਦੂਰ ਹੁੰਦਾ ਹੈ। ਉਹ ਆਪਣੀ ਪਿਆਸ ਕੰਬਾਕੇ ਜਾਂ 'ਕਲਾਮਿਸ ਅੰਤਮਾਨੀਜ਼' ਨਾਮਕ ਪੌਦੇ ਤੋਂ ਬੁਝਾਉਂਦੇ ਹਨ। ਇਸ ਦੇ ਸਾਰੇ ਤਣੇ ਪਾਣੀ ਨਾਲ ਭਰੇ ਹੁੰਦੇ ਹਨ।

**ਸ਼ਿਕਾਰੀ ਦਰਖ਼ਤ**—ਅਫਰੀਕਨ ਜੰਗਲਾਂ ਵਿਚ ਇਕ ਅਜਿਹਾ ਦਰਖ਼ਤ ਹੈ, ਜਿਹੜਾ ਆਪਣੇ ਕੋਲੋਂ ਲੰਘਦੇ ਜਾਨਵਰਾਂ ਨੂੰ ਆਪਣੀਆਂ ਟਾਹਣੀਆਂ ਨਾਲ ਪਕੜ ਲੈਂਦਾ ਹੈ ਅਤੇ ਖਾ ਲੈਂਦਾ ਹੈ।

**ਮਾਸ ਖਾਣ ਪੌਦੇ**—ਕੁਝ ਦੇਸ਼ਾਂ ਵਿਚ ਮਾਸ ਖਾਣੇ ਪੌਦੇ ਹਨ, ਜਿਨ੍ਹਾਂ ਨੂੰ 'ਪੀਟਰ ਪਲਾਂਟ' ਕਿਹਾ ਜਾਂਦਾ ਹੈ। ਇਨ੍ਹਾਂ ਦੀਆਂ ਪੱਤੀਆਂ ਘੜੇ ਦੀ ਸ਼ਕਲ ਵਿਚ ਬਦਲ ਜਾਂਦੀਆਂ ਹਨ। ਜਦੋਂ ਕੋਈ ਕੀੜਾ ਇਨ੍ਹਾਂ ਦੀਆਂ ਪੱਤੀਆਂ 'ਤੇ ਬੈਠਦਾ ਹੈ ਤਾਂ ਇਹ ਇਨ੍ਹਾਂ ਵਿਚ ਸਰਕ ਜਾਂਦਾ ਹੈ ਅਤੇ ਪੌਦਾ ਕੀੜੇ ਨੂੰ ਖਾ ਜਾਂਦਾ ਹੈ।

**ਤੁਰਦੇ-ਫਿਰਦੇ ਦਰਖ਼ਤ**—ਆਮ ਤੌਰ ਤੇ ਦਰਖ਼ਤ ਅਤੇ ਪੌਦੇ ਇਕ ਥਾਂ ਤੇ ਸਥਿਰ ਹੁੰਦੇ ਹਨ, ਪਰ ਕੁਝ ਪੌਦੇ ਅਜਿਹੇ ਵੀ ਹਨ ਜਿਹੜੇ ਕਿ ਆਦਮੀਆਂ ਵਾਂਗ ਫਿਰਦੇ-ਤੁਰਦੇ ਹਨ। ਅਮਰੀਕਾ ਵਿਚ 'ਵੈਂਗਰੋਵ' ਨਾਂਅ ਦਾ ਇਕ ਦਰਖ਼ਤ ਹੈ ਜਿਹੜਾ ਕਿ ਕੋਈ ਸੌ ਫੁੱਟ ਲੰਮਾ ਹੁੰਦਾ ਹੈ ਅਤੇ ਹੌਲੀ-ਹੌਲੀ ਤੁਰਦਾ ਹੋਇਆ ਹਜ਼ਾਰਾਂ ਕਿਲੋਮੀਟਰ ਦੀ ਦੂਰੀ ਤੈਅ ਕਰ ਲੈਂਦਾ ਹੈ।

*('ਨਿਰਮਲ ਮਾਰਗ', ਦਕੋਹਾ ਜਲੰਧਰ ਦੇ ਧੰਨਵਾਦ ਸਹਿਤ)*


Sri Satguru Jagjit Singh Ji eLibrary NamdhariElibrary@gmail.com

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



## ਗੁਰਦਿਆਲ ਸਿੰਘ ਐਂਡ ਸਨਜ਼

ਫਗਵਾੜਾ ਗੇਟ, ਜਲੰਧਰ ਫੋਨ : ੫੯੯੬੯

---

ਹਰ ਪ੍ਰਕਾਰ ਦੀਆਂ ਚੁਗਾਠਾਂ ਜੋੜੀ ਪੱਲੇ ਅਤੇ ਹੋਰ
ਲੱਕੜੀ ਦੇ ਤਸੱਲੀਬਖਸ਼ ਕੰਮ ਵਾਸਤੇ
ਦਰਸ਼ਨ ਦਿਓ

## ਬਚਨ ਸਿੰਘ ਐਂਡ ਸਨਜ਼

ਨਿਊ ਟਿੰਬਰ ਮਾਰਕੀਟ.
ਇਕਹਿਰੀ ਪੁਲੀ, ਜਲੰਧਰ ਸ਼ਹਿਰ
ਫੋਨ ਨੰ. ੨੩੨੯੯੦

---

ਬਜ਼ਾਰ ਨਾਲੋਂ ਸਸਤੀ ਅਤੇ ਵਧੀਆ ਕਿਸਮ ਦੀ ਲੱਕੜ
ਆਸਾਮ ਸਾਗਵਾਨ, ਚਾਂਪ, ਦਿਓਦਾਰ, ਕੈਲ, ਪੜਤਲ,
ਚੀਲ ਆਦਿ ਵੇਚਣ ਵਾਲੇ

## ਦਲੀਪ ਸਿੰਘ ਪੂਰਨ ਸਿੰਘ ਸੱਗੂ

(ਟਿੰਬਰ ਮਰਚੈਂਟਸ)

**DALIP SINGH PURAN SINGH SAGGU**

*(Timber Merchants)*

ਪੁਰਾਣੀ ਰੇਲਵੇ ਰੋਡ, ਜਲੰਧਰ ਸ਼ਹਿਰ
Ph. : 58795, 59056
Mobile Ph.: 9814060489 Pager 96124089

---

## JANTA
## HYDRAULIC PRESSES



JANTA ENGG. WORKS
P.O. MOHAN NAGAR
RAJENDRA NAGAR
INDUSTRIAL AREA,
GHAZIABAD-210 007 (U.P.)
PHONE: OFF: 8-63455
RESI: 5412951
8-64574

MFRS. OF:
HYDRAULIC PRESSES FOR THE USE OF
- RUBBER MOULDING
- CONVEYOR & TRANSMISSION BELTING
- PLYWOOD HOT PRESSES
- DEEP DRAWING
- CLUTCH FACING & BRAKE LINING

---

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ
ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰੱਖੋ
ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਅਤੇ ਲੱਕੜੀ ਦਾ
ਵਧੀਆ ਇਮਾਰਤੀ ਸਮਾਨ ਤਿਆਰ ਕਰਨ ਵਾਲੇ

## ਹਰਭਜਨ ਵੁੱਡ ਵਰਕਸ

ਇਕਹਿਰੀ ਪੁਲੀ, ਜਲੰਧਰ-੧੪੪੦੦੪
ਫੋਨ- ੨੩੮੭੮੪

---

ਹਰ ਕਿਸਮ ਦੀ ਲੱਕੜ ਖਰੀਦਣ ਵਾਸਤੇ ਅਤੇ ਚੁਗਾਠਾਂ,
ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਬਣਵਾਉਣ ਲਈ ਅਤੇ
ਵਧੀਆ ਕਿਸਮ ਦਾ ਇਮਾਰਤੀ ਸਾਮਾਨ ਖਰੀਦਣ ਲਈ

## ਹਜ਼ੂਰ ਸਿੰਘ ਐਂਡ ਸਨਜ਼

(ਪਾਰਟਨਰ ਹਜ਼ੂਰ ਸਿੰਘ ਜਸਬੀਰ ਸਿੰਘ)
ਇਕਹਿਰੀ ਪੁਲੀ, ਜਲੰਧਰ ਸ਼ਹਿਰ

*ਵਾਲਿਆਂ ਦੀ ਦੁਕਾਨ ਤੇ ਦਰਸ਼ਨ ਦਿਓ ਤੇ ਲਾਭ ਉਠਾਓ*



Sri Satguru Jagjit Singh Ji eLibrary NamdhariElibrary@gmail.com

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

**ਬੀ.ਬੀ.ਐਲ ਫੂਡਜ਼ ਪ੍ਰਾਈਵੇਟ ਲਿਮਟਡ**

ਸੰਤੋਸ਼ ਨਗਰ 'X' ਰੋਡਜ਼, ਹੈਦਰਾਬਾਦ-500 059

- ਬਿਸਕੁਟ ਬਨਾਉਣ ਦੀਆਂ ਆਟੋਮੈਟਿਕ ਮਸ਼ੀਨਾਂ
- ਵੈ.ਫਰ ਬਨਾਉਣ ਵਾਲੀਆਂ ਆਟੋਮੈਟਿਕ ਮਸ਼ੀਨਾਂ

ਅਤੇ

ਵਧੀਆ ਬਿਸਕੁਟ ਬਨਾਉਣ ਵਾਲੀ

ਹਿੰਦੋਸਤਾਨ ਦੀ ਪਹਿਲੀ ਕੰਪਨੀ

BBL

FOODS PVT. LTD.

*Pinoneer Manufacturer in India of*

- *Automatic machines for producing Biscuits*
- *Automatic machines for producing Wafers*

*and*

*Makers of High quality Biscuits*

**BBL Foods Pvt. LTD.**

*Santosh nagar (X) Roads, Hyderabad-500 059 India*

Ph.:— +91-40-4530680, 82,84 Fax:— +91-40-4530475

E-mail: amber @hd1. vsnl. net. in

**Balvinder Pal Singh**
*Manging Director*

**Lakhbir Singh Muchhal** *Director*

**Bakhshish Singh Muchhal** *Director*





Sri Satguru Jagjit Singh Ji eLibrary NamdhariElibrary@gmail.com




Sri Satguru Jagjit Singh Ji eLibrary NamdhariElibrary@gmail.com

Registered No. PB/1017/2000 MONTHLY WARIAM Ladowali Road, Jalandhar-144 001
Registered with the Registrar of News Papers for India No. 26453/75 MAR.-APR. 2000

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਡੀਜ਼ਾਇਨਾਂ ਤੇ ਗਰੰਟੀ ਸ਼ੁਦਾ ਪੱਕੇ ਰੰਗਾਂ ਵਿਚ ਬਣੇ ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ ਫਰਨੀਚਰ ਲਈ ਪਧਾਰੋ ਜਾਂ ਲਿਖੋ

# ਨਾਮਧਾਰੀ ਏਜੰਸੀਜ਼

੨/੨੦੬੮, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ, ਚਾਂਦਨੀ ਚੌਕ, ਦਿੱਲੀ-੧੧੦੦੦੬

Manufacturers & Suppliers of :

**TUKRIDAR PRINTED SHAMIANAS & KANATS IN ATTRACTIVE AND GUARNTEED FAST COLOURS, WOODEN & STEEL FURNITURE & PADESTAL FANS ETC.**

*Please Contact :*

**Office : 2968411, 2961345 Resi : 6845441**

# NAMDHARI AGENCIES

2/2068, CHAH ANDARA, (BEHIND JUBILEE CINEMA)
CHANDNI CHOWK, DELHI–110006

Sri Satguru Jagjit Singh Ji eLibrary NamdhariElibrary@gmail.com